# ਸ੍ਰੀ ਗੁਰੂ ਅਮਰਦਾਸ

# ਸਾਹਿਤ-ਗੋਸ਼ਟੀ

## ਗੋਇੰਦਵਾਲ

6 ਮਈ, 1979

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਗੁਰੂ ਅਮਰਦਾਸ ਜੀ ਦਾ ਗੁਰਮਤਿ ਫ਼ਲਸਫ਼ਾ

—ਡਾ: ਤਾਰਨ ਸਿੰਘ

ਸ੍ਰੀ ਗੁਰੂ ਅਮਰਦਾਸ ਜੀ ਦੇ ਪੰਜ ਸਿਧਾਂਤ ਬੁਨਿਆਦੀ ਜਾਪਦੇ ਹਨ ਜੋ ਗੁਰਮਤਿ ਦੇ ਮੂਲ ਸਿੱਧਾਂਤ ਹਨ। ਉਹ ਪੰਜ ਸਿਧਾਂਤ ਇਹ ਹਨ :

(1) ਭਰਪੂਰ ਜੀਵਨ (ਘਰ ਵਿਚ ਉਦਾਸ)
(2) ਕਾਇਆ ਖੋਜਣ ਜਾਂ ਆਪਾ ਚੀਨਣ
(3) ਸਰਬੱਤ ਨਾਲ ਸਾਂਝ (ਹਉਮੈ ਨਵਿਰਤੀ)
(4) ਪ੍ਰੇਮ (ਗੁਰੂ-ਭਗਤੀ ਤੇ ਨਾਮ ਭਗਤੀ )
(5) ਅਨੰਦ (ਪਰਮ ਪਦ ਦੀ ਪ੍ਰਾਪਤੀ)

ਇਹਨਾਂ ਬਾਰੇ ਸੰਖੇਪ ਵਿਚਾਰ ਕਰਦੇ ਹਾਂ। ਬ੍ਰਹਮ, ਜੀਵ, ਜਗਤੁ, ਨਾਮ, ਗੁਰੂ, ਮਨ, ਸਮਾਜ ਬਾਰੇ ਆਪ ਦੇ ਸਾਰੇ ਵਿਚਾਰ ਉਹ ਹਨ ਜੋ ਗੁਰੂ ਨਾਨਕ ਦੇਵ ਜੀ ਦੇ ਹਨ । ਇਹਨਾਂ ਪੰਜ ਸਿਧਾਂਤਾਂ ਤੇ ਆਪਦਾ ਬਲ ਨਿਖੜਵਾਂ ਤੇ ਵਧ ਹੈ।

## (1) ਭਰਪੂਰ ਜੀਵਨ

ਗੁਰਮਤਿ ਦਾ ਧਰਮ ਦਾ ਸੰਕਲਪ ਇਹ ਹੈ ਕਿ ਧਰਮ ਭਰਪੂਰ ਜੀਵਨ ਜੀਣ ਦੀ ਪੂਰਨ ਜਾਚ ਹੈ, ਇਹ ਜੁਗਤਿ ਹੈ। ਮਨੁੱਖ ਅੰਦਰ ਜੋਤਿ ਹੈ। ਧਰਮ ਨੇ ਮਨੁੱਖ ਨੂੰ ਜੁਗਤਿ ਦਸਣੀ ਹੈ, ਭਰਪੂਰ ਜੀਵਨ ਜੀਣ ਦੀ ਜੁਗਤਿ ।

ਭਾਰਤ ਦੇ ਮੱਧ ਕਾਲੀਨ ਜੁਗ ਵਿਚ ਭਰਪੂਰ ਜੀਵਨ ਜੀਣ ਦੀ ਚਿਣਗ ਗੁਰਮਤਿ ਨੇ ਹੀ ਮਘਾਈ ਸੀ। ਬ੍ਰਾਹਮਣੀ ਧਰਮ ਜਾਂ ਵੈਦਿਕ ਧਰਮ ਵਿਚ ਚਾਰ ਆਸ਼ਰਮ ਮੰਨੇ ਗਏ । ਇਨ੍ਹਾਂ ਚਾਰ ਵਿਚੋਂ ਬ੍ਰਹਮਚਰਜ ਦੇ ਪੱਚੀ ਵਰ੍ਹੇ ਭਰਪੂਰ ਜੀਵਨ ਦੇ ਨਹੀਂ ਕਹੇ ਜਾ ਸਕਦੇ, ਗ੍ਰਸਥ ਦੇ 25 ਵਰ੍ਹੇ ਭਰਪੂਰ ਜੀਵਨ ਦੇ ਕਹੇ ਜਾ ਸਕਦੇ ਹਨ, ਬਾਨਪ੍ਰਸਤ ਦੇ ਪੱਚੀ ਅਤੇ ਸੰਨਿਆਸ ਦੇ ਪੱਚੀ ਫੇਰ ਸਮੁੱਚੇ ਸਮਾਜੀ ਜੀਵਨ ਨਾਲ ਸਾਂਝ ਦੇ ਨਹੀਂ ਸਨ ਅਤੇ ਨਾਹੀ ਭਰਪੂਰ ਜੀਵਨ ਦੇ ਸਨ। ਨਾਥ-ਜੋਗੀਆਂ ਨੇ ਪਰਬਤਾਂ ਵਿਚ ਛਪਣਾ-'ਸਿਧ ਛਪ ਬੈਠੇ ਪਰਬਤੀ' ਹੀ ਜੀਵਨ ਜੁਗਤੀ ਬਣਾਈ। ਸਿਧ ਗੋਸਟਿ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਦੇ ਮੂੰਹੋਂ ਉਨ੍ਹਾਂ ਦੇ ਧਰਮ ਜਾਂ ਸਾਧਨਾ ਦੀ ਇਹ



Digitized by Panjab Digital Library | www.panjabdigilib.org

ਵਿਆਖਿਆ ਦਰਸਾਈ ਹੈ :

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ।
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ।
ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ ।
ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ।

ਇਹ ਸਿਧ-ਜੋਗੀ ਬੋਧੀਆਂ ਦਾ ਹੀ ਰੂਪ ਸਨ । ਬੋਧੀ ਵੀ ਭਿਖਸ਼ੂ ਹੋ ਕੇ ਮੰਗ ਖਾਂਦੇ ਸਨ ਅਤੇ ਮੱਠਾਂ ਵਿਚ ਰਹਿੰਦੇ ਸਨ । ਬ੍ਰਾਹਮਣਵਾਦ ਦੇ ਬ੍ਰਹਮਚਾਰੀ ਵੀ ਮੰਗ ਖਾਣ ਵਾਲੇ ਵਿਦਿਆਰਥੀ ਸਨ । ਜੈਨੀਆਂ ਦੀ ਰਹਿਣੀ ਤੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਘ੍ਰਿਣਾ ਪ੍ਰਗਟ ਕੀਤੀ ਹੈ ਕਿਉਂਕਿ ਉਹ ਵੀ ਜੀਵਨ ਤੋਂ ਨਸੇ ਹੋਏ, ਮੈਲੇ -ਕੁਚੈਲੇ ਤੇ ਉਪਰਾਮ ਸਨ ।

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ।
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ।
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ।
ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ ।
ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ।
ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ।
ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣ ਨ ਜਾਹੀ ।
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ।
ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ।
ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ।
ਜੀਆ ਮਾਰਿ ਜੀਵਾਲੇ ਅਵਰੁ ਨ ਕੋਈ ਰਖੈ ।
ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ।
ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ।
ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ।
ਨਾਇ ਨਿਵਾਜਾ ਨਾਤੈ ਪੂਜਾ ਨਾਵਹਿ ਸਦਾ ਸੁਜਾਣੀ ।
ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ ।
ਨਾਨਕ ਸਿਰ ਖੁਥੈ ਸੈਤਾਨੀ ਏਨਾ ਗਲ ਨ ਭਾਣੀ ।
ਵੁਠੇ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ।
ਵੁਠੇ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ।
ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ ।



Digitized by Panjab Digital Library | www.panjabdigilib.org

ਤਿਤੁ ਘਿਇ ਹੋਮ ਜਗ ਸਦਾ ਪੂਜਾ ਪਾਇਐ ਕਾਰਜੁ ਸੋਹੈ ।
ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ।
ਨਾਨਕ ਜੇ ਸਿਰ ਖੁਥੈ ਨਾਵਨਿ ਨਾਹੀ ਤਾ ਸਤ ਚਟੈ ਸਿਰਿ ਛਾਈ ।1।

(ਵਾਰ ਮਾਝ, 149-50)

ਸ੍ਰੀ ਗੁਰੂ ਨਾਨਕ ਸਾਹਿਬ ਨੇ ਤਾਂ ਪ੍ਰੋਹਤਵਾਦ ਦਾ ਜੀਵਨ ਵੀ ਨਿੰਦਿਆ ਹੈ ਕਿ ਇਹ ਭਰਪੂਰ ਜੀਵਨ ਨਹੀਂ ਹੈ ਅਤੇ ਇਸ ਵਿਚ ਵੀ ਦਾਨ-ਦਛਣਾ, ਪੂਜਾ-ਚੜ੍ਹਾਵੇ ਦੀ ਝਾਕ ਹੈ, ਇਹ ਦਸਾਂ ਨੌਵਾਂ ਦੀ ਕਿਰਤ ਨਹੀਂ ਹੈ :

ਸਲੋਕ ਮਹਲਾ ੧

ਘਰਿ ਨਾਰਾਇਣੁ ਸਭਾ ਨਾਲਿ । ਪੂਜ ਕਰੇ ਰਖੈ ਨਾਵਾਲਿ ।
ਕੁੰਗੂ ਚੰਨਣੁ ਫੁਲ ਚੜਾਏ । ਪੈਰੀ ਪੈ ਪੈ ਬਹੁਤੁ ਮਨਾਏ ।
ਮਾਣੂਆ ਮੰਗਿ ਮੰਗਿ ਪੈਨੈ ਖਾਇ । ਅੰਧੀ ਕੰਮੀ ਅੰਧ ਸਜਾਇ ।
ਭੁਖਿਆ ਦੇਇ ਨ ਮਰਦਿਆ ਰਖੈ । ਅੰਧਾ ਝਗੜਾ ਅੰਧੀ ਸਥੈ ।1।

(ਵਾਰ ਸਾਰੰਗ, 1240-41)

ਸਲੋਕ ਮ: ੧

ਗਿਆਨ ਵਿਹੂਣਾ ਗਾਵੈ ਗੀਤ । ਭੁਖੇ ਮੁਲਾਂ ਘਰੇ ਮਸੀਤਿ ।
ਮਖਟੂ ਹੋਇ ਕੈ ਕੰਨ ਪੜਾਏ। ਫਕਰੁ ਕਰੇ ਹੋਰੁ ਜਾਤਿ ਗਵਾਏ ।
ਗੁਰੁ ਪੀਰੁ ਸਦਾਏ ਮੰਗਣ ਜਾਇ । ਤਾ ਕੈ ਮੂਲਿ ਨ ਲਗੀਐ ਪਾਇ ।
ਘਾਲਿ ਖਾਇ ਕਿਛੁ ਹਥਹੁ ਦੇਇ । ਨਾਨਕ ਰਾਹੁ ਪਛਾਣਹਿ ਸੇਇ ।1।

(ਵਾਰ ਸਾਰੰਗ, 1245)

ਪਰ ਇਹ ਗੱਲ ਬਾਬਾ ਸ੍ਰੀ ਚੰਦ ਜੀ ਦੇ ਉਦਾਸੀਨ ਸੁਭਾਵ ਕਾਰਨ ਸਿਖੀ ਵਿਚ ਵੀ ਵਾਪਰਨ ਦਾ ਤੌਖਲਾ ਪੈਦਾ ਹੋ ਗਿਆ ਸੀ । ਭਗਤੀ ਦੇ ਪਾਸੇ ਲਗਣ ਵਾਲਿਆਂ ਵਿਚ ਬੈਰਾਗ ਹੁੰਦਾ ਹੈ ਅਤੇ ਇਹ ਬੈਰਾਗ ਬਿਰਕਤ ਵੀ ਕਰ ਦਿੰਦਾ ਹੈ । ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੋਰ ਤਰ੍ਹਾਂ ਦਾ ਬੈਰਾਗ ਦਰਸਾਇਆ ਸੀ । ਸਿਧਾਂ ਨੂੰ ਆਪ੍ਰਨੇ ਇਹ ਬੈਰਾਗ ਦਸਿਆ ਸੀ ਕਿ ਸੰਸਾਰ ਵਿਚ ਭਰਪੂਰ ਜੀਵਨ ਜੀਣਾ ਹੈ ਪਰ ਇਸ ਵਿਚ ਖਚਤ ਨਹੀਂ ਹੋਣਾ, ਮਾਇਆ ਦੀ ਨੀਂਦ ਵਿਚ ਸੌਣਾ ਨਹੀਂ ਹੈ ।



Digitized by Panjab Digital Library | www.panjabdigilib.org

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੁਲਾਈ ।
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ।
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ।
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ।੮।

(ਸਿਧ ਗੋਸਟਿ, 939)

ਸ੍ਰੀ ਗੁਰੂ ਅਮਰਦਾਸ ਜੀ ਨੇ 'ਘਰ ਹੀ ਮਾਹਿ ਉਦਾਸੁ', 'ਗ੍ਰਿਹ ਹੀ ਮਾਹਿ ਉਦਾਸੁ' ਗੁਰਮਤਿ ਦੀ ਪਹਿਲੀ ਚੂਲ ਰੱਖੀ। ਘਰ ਵਿਚ ਰਹਿ ਕੇ, ਗੁਰੂ ਸੇਵਾ ਵਿਚ ਲਗ ਕੇ , ਨਾਮ ਭਗਤੀ ਕਰਨ ਨਾਲ, ਸਭ ਪ੍ਰਾਪਤੀ ਹੁੰਦੀ ਹੈ, ਭੇਖ ਕਰਕੇ, ਘਰ-ਬਾਰ ਤਿਆਗ ਕੇ, ਤੀਰਥਾਂ ਤੇ ਫਿਰਨ ਜਾਂ ਬਨਾ ਵਿਚ ਭਟਕਣ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੈ ।

ਸਿਰੀ ਰਾਗੁ ਮਹਲਾ ੩

ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ।
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ।
ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ।
ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ।੧। ਰਹਾਉ ।
ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ।
ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ ।੨।
ਜੇ ਲਖ ਇਸਤਰੀਆ ਭੋਗ ਕਰਹਿ ਨਵਖੰਡ ਰਾਜੁ ਕਮਾਹਿ ।
ਬਿਨੁ ਸਤਗੁਰ ਸੁਖੁ ਨ ਪਾਵਹੀ ਫਿਰਿ ਫਿਰਿ ਜੋਨੀ ਪਾਹਿ ।੩।
ਹਰਿ ਹਾਰੁ ਕੰਠਿ ਜਿਨੀ ਪਹਿਰਿਆ ਗੁਰ ਚਰਣੀ ਚਿਤੁ ਲਾਇ ।
ਤਿਨਾ ਪਿਛੈ ਰਿਧਿ ਸਿਧਿ ਫਿਰੈ ਓਨਾ ਤਿਲੁ ਨ ਤਮਾਇ ।੪।
ਜੋ ਪ੍ਰਭੁ ਭਾਵੈ ਸੋ ਥੀਐ ਅਵਰੁ ਨ ਕਰਣਾ ਜਾਇ ।
ਜਨੁ ਨਾਨਕ ਜੀਵੈ ਨਾਮੁ ਲੈ ਦੇਵਹੁ ਸਹਜਿ ਸੁਭਾਇ । ੫।੨।੩੫।

(ਪੰਨਾ 26-27)

ਸਿਖਿਆ ਇਹ ਹੈ ਕਿ ਸੰਨਿਆਸੀ ਨਹੀਂ ਬਣਨਾ, ਗ੍ਰਿਸਤੀ ਰਹਿਣਾ ਹੈ, ਸਾਰੇ ਸੰਸਾਰੀ ਕਾਰ-ਵਿਹਾਰ ਕਰਨੇ ਹਨ; ਮੰਗ ਕੇ ਨਹੀਂ ਖਾਣਾ, ਦਸਾਂ-ਨਵਾਂ ਦੀ ਕਿਰਤ ਕਰਨੀ ਹੈ ਤੇ ਕਮਾਈ ਕਰਕੇ



Digitized by Panjab Digital Library | www.panjabdigilib.org

ਖਾਣਾ ਹੈ; ਸਮਾਜ-ਰਾਜ ਦੇ ਸਾਰੇ ਕੰਮਾਂ ਵਿਚ ਪਰਵਿਰਤ ਹੋਣਾ ਹੈ;ਮਾਇਆ ਕਮਾਣੀ ਹੈ ਤੇ ਵਰਤਣੀ ਹੈ। ਜ਼ਿੰਦਗੀ ਦੇ ਘੋਲ ਤੋਂ ਭਾਂਜ ਨਹੀਂ ਖਾਣੀ, ਪਲਾਇਨਵਾਦੀ ਨਹੀਂ ਹੋਣਾ, ਮਖਟੂ ਨਹੀਂ ਹੋਣਾ, ਪਰ ਸੰਸਾਰ ਤੇ ਮਾਇਆ ਵਿਚ ਖਚਤ ਵੀ ਨਹੀਂ ਹੋਣਾ—'ਘਰ ਹੀ ਮਾਹਿ ਉਦਾਸੁ' ਰਹਿਣਾ ਹੈ, ਮਾਇਆ ਦਾ ਜੀਵਣ ਜੀਂਦਿਆਂ ਤਿਆਗੀ ਰਹਿਣ ਹੈ, ਸਾਰੇ ਭੋਗ ਭੋਗਦਿਆਂ ਜੋਗੀ ਰਹਿਣਾ ਹੈ, ਮੀਰੀ ਹੁੰਦਿਆਂ ਪੀਰੀ ਵਿਚ ਵਿਚਰਨਾ ਹੈ। ਇਹ ਬੜਾ ਕਠਨ ਹੈ, ਪਰ ਸੰਭਵ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਇਸ ਰਾਜ-ਜੋਗ ਦਾ ਸਰੂਪ ਇਉਂ ਦਰਸਾਇਆ ਹੈ :

### ਸੋਰਠਿ ਮਹਲਾ ੯

ਜੋ ਨਰੁ ਦੁਖ ਮੈਂ ਦੁਖੁ ਨਹੀ ਮਾਨੈ ।
ਸੁਖ ਸਨੇਹੁ ਅਰੁ ਭੈ ਨਹੀ ਜਾ ਕੈਂ ਕੰਚਨ ਮਾਟੀ ਮਾਨੈ ।੧। ਰਹਾਉ ।
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ।
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ।੧।
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ।
ਕਾਮੁ ਕ੍ਰੋਧ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ।੨।
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤੀ ਪਛਾਨੀ ।
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ।।੩।੧੧।

(ਪੰਨਾ 633)

ਰੋਜ਼ਾਨਾ ਦੇ ਭਰਪੂਰ ਜੀਵਨ ਦਾ ਇਕ ਸਿਰਾ ਇਸ ਤਰ੍ਹਾਂ ਹੈ :

ਗੁਰ ਸਤਿਗਰ ਕਾ ਜੋ ਸਿਖ ਅਖਾਏ ਸੁ ਭਲਕੇ ਉਠਿ ਹਰਿਨਾਮ ਧਿਆਵੈ ।
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆਂ ਹਰਿਨਾਮੁ ਧਿਆਵੈ ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ।
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ।੨।



Digitized by Panjab Digital Library | www.panjabdigilib.org

ਤੇ ਦੂਜਾ ਸਿਰਾ ਇਹੁ ਹੈ :—

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ ।
ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਆਪਨੀ ਜੀਤ ਕਰੋ ।
ਅਰੁ ਸਿਖ ਹੀ ਆਪਨੈ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋ ।
ਜਬ ਆਵਕੀ ਅਉਧੁ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋ ।

ਮਾਇਆਧਾਰੀ ਜੀਵਨ ਦੀ ਭਰਪੂਰਤਾ ਦੀ ਨਿਖੇਧੀ 'ਪਹਰਿਆਂ' ਵਿਚ ਕੀਤੀ ਹੈ । ਜੀਵਨ ਦਾ ਆਦਰਸ਼ ਮਾਇਆਧਾਰੀ ਹੋਣਾ ਨਹੀਂ ਹੈ, ਮਾਇਆ ਵਿਚ ਉਦਾਸ ਰਹਿਣਾ ਹੈ । ਰਾਜ ਵਿਚ ਜੋਗ ਕਮਾਉਣਾ ਹੈ :

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ।
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ।
ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵਲਾਗਾ ।
ਨਾਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ।
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ।
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ।੧।
ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ।
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ।
ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ।
ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀਂ ਕਛੁ ਤੇਰਾ ।
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ।
ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ।੨।
ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ।
ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ।
ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ।
ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ।
ਧਰਮ ਸੇਤੀ ਵਾਪਾਰੁ ਨ ਕੀਤੋ ਕਰਮ ਨ ਕੀਤੋ ਮਿਤੁ ।
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ।੩।
ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ।
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ।



Digitized by Panjab Digital Library | www.panjabdigilib.org

ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ।
ਝੂਠਾ ਰੁਦਨੁ ਹੋਆ ਦੋੁਆਲੈ ਖਿਨ ਮਹਿ ਭਇਆ ਪਰਾਇਆ ।
ਸਾਈ ਵਸਤੁ ਪਰਾਪਤਿ ਹੋਇ ਜਿਸ ਸਿਉ ਲਾਇਆ ਹੇਤੁ ।
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ।੪।੧।

(ਪੰਨਾ 74-75)

ਨਾਮ ਸਿਮਰਨ ਦੀ ਭਰਪੂਰਤਾ ਨਾਲ ਮਾਇਆਧਾਰੀ ਜੀਵਨ ਵਿਚ ਵੀ ਭਰਪੂਰਤਾ ਪੈਦਾ ਹੋ ਜਾਂਦੀ ਹੈ । ਭਰਪੂਰ ਜੀਵਨ ਉਚੇ ਤੇ ਸੁੱਚੇ ਆਦਰਸ਼ਾਂ ਤੇ ਡੂੰਘੀ ਲਗਨ ਦਾ ਜੀਵਨ ਹੈ । ਇਸ ਵਿਚ ਹਰਿ ਛਿਨ-ਪਲ ਉੱਚੇ ਤੇ ਸੁੱਚੈ ਅਧਿਆਤਮਿਕ ਤੇ ਨੈਤਿਕ ਨੇਮਾਂ ਅਨੁਸਾਰ ਜੀਉਣਾ ਹੁੰਦਾ ਹੈ । ਭਰਪੂਰ ਜੀਵਨ ਵਿਚ ਹਰ ਛਿਨ-ਪਲ ਕਾਮ ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਘੋਲ ਕਰ ਕੇ ਪਛਾੜਨਾ ਹੈ । ਇਸ ਜੀਵਨ ਵਿਚ ਆਪਣੇ ਕਾਰ-ਵਿਹਾਰ, ਧਰਮ-ਕਰਮ, ਫਰਜ਼ ਨੂੰ ਪਾਲਣਾ ਹੈ । ਆਪਣੇ ਪਰਵਾਰ ਤੇ ਸਮਾਜ ਦੀ ਭਰਪੂਰ ਸੇਵਾ ਕਰਨੀ ਹੈ । ਸਾਥੀਆਂ ਵਿਚ ਦਿਲਚਸਪੀ ਪੂਰੀ ਰਖਣੀ ਹੈ, ਪਰ ਸਦਾ ਉਸਾਰੂ ਰਹਿਣਾ ਹੈ, ਪ੍ਰਸੰਸਾ ਦੇਣੀ ਹੈ, ਉਤਸ਼ਾਹ ਦੇਣਾ ਹੈ, ਮੱਦਦ ਕਰਨੀ ਹੈ । ਜੀਵਨ ਦੇ ਸਾਰੇ ਵਿਸਮਾਦ ਨੂੰ ਮਾਣਨਾ ਹੈ, ਜ਼ਿੰਦਗੀ ਦੇ ਸਾਰੇ ਵਿਸਮਾਦ ਨੂੰ ਜਾਣਨਾ ਹੈ, ਪਰ ਵਿਸਮਾਦ ਦੇ ਰਚਾਣ ਵਾਲੇ ਨੂੰ ਬੁੱਝਣ ਲਈ ਇਹ ਹਨ ਜ਼ਿੰਦਗੀ ਦੇ ਵਿਸਮਾਦੀ ਪੱਖ :

ਵਿਸਮਾਦੁ ਨਾਦ ਵਿਸਮਾਦੁ ਵੇਦ । ਵਿਸਮਾਦੁ ਜੀਅ ਵਿਸਮਾਦੁ ਭੇਦ ।
ਵਿਸਮਾਦੁ ਰੂਪ ਵਿਸਮਾਦੁ ਰੰਗ । ਵਿਸਮਾਦੁ ਨਾਗੇ ਫਿਰਹਿ ਜੰਤ ।
ਵਿਸਮਾਦੁ ਪਉਣੁ ਵਿਸਮਾਦੁ ਪਾਣੀ । ਵਿਸਮਾਦੁ ਅਗਨੀ ਖੇਡਹਿ ਵਿਡਾਣੀ ।
ਵਿਸਮਾਦੁ ਧਰਤੀ ਵਿਸਮਾਦੁ ਖਾਣੀ । ਵਿਸਮਾਦੁ ਸਾਦਿ ਲਗਹਿ ਪਰਾਣੀ ।
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ । ਵਿਸਮਾਦੁ ਭੁਖ ਵਿਸਮਾਦੁ ਭੋਗੁ ।
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ। ਵਿਸਮਾਦੁ ਉਝੜ ਵਿਸਮਾਦੁ ਰਾਹ ।
ਵਿਸਮਾਦੁ ਨੇੜੈ ਵਿਸਮਾਦੁ ਦੂਰਿ । ਵਿਸਮਾਦੁ ਦੇਖੈ ਹਾਜਰਾ ਹਜੂਰਿ ।
ਵੇਖਿ ਵਿਡਾਣੁ ਰਹਿਆ ਵਿਸਮਾਦੁ । ਨਾਨਕ ਬੁਝਣੁ ਪੈਰੈ ਭਾਗਿ ।1।

(ਵਾਰ ਆਸਾ, 463-464)

ਗੁਰਮਤਿ ਇਹ ਨਹੀਂ ਮੰਨਦੀ ਕਿ ਸੰਸਾਰ ਮਾਇਆ-ਛਾਇਆ ਤੇ ਭਰਮ-ਭੁਲੇਖਾ ਹੈ । ਇਹ ਕਲਪਨਾ ਮਾਤਰ ਨਹੀਂ ਹੈ । ਜ਼ਿੰਦਗੀ ਸਚ ਹੈ । ਇਹ ਭਰਪੂਰਤਾ ਨਾਲ ਜੀਉਣ ਯੋਗ ਹੈ । ਜੇ ਜ਼ਿੰਦਗੀ ਮਾਇਆ ਛਾਇਆ ਹੈ, ਤਦ ਨਾ ਕੋਈ ਕਰਮ ਹੈ, ਨਾ



Digitized by Panjab Digital Library | www.panjabdigilib.org

ਉਸ ਦਾ ਫਲ ਹੈ । ਗੁਰਮਤਿ ਅਨੁਸਾਰ ਜ਼ਿੰਦਗੀ ਇਕ ਠੋਸ ਹਕੀਕਤ ਹੈ, ਇਸ ਦਾ ਹਰ ਕਰਮ ਮਹਾਨਤਾ ਭਰਪੂਰ ਹੈ; ਇਹ ਜ਼ਮਾਵਾਰੀ ਦਾ ਜੀਵਨ ਹੈ, ਅਸੀਂ ਆਪਣੇ ਹਰ ਕਰਮ ਲਈ ਜ਼ਮਾਵਾਰ ਹਾਂ, ਜ਼ਿੰਦਗੀ ਨੂੰ ਪਵਿਤਰ ਅਮਲ ਜਾਣ ਕੇ ਜੀਣਾ ਹੈ, ਇਸ ਦੇ ਇਕ ਇਕ ਛਿੰਨ-ਪਲ ਨੂੰ ਮੇਹਰ ਬਖਸ਼ਿਸ਼ ਜਾਣੇ ਕੇ ਇਸ ਦਾ ਪੂਰਾ ਪੂਰਾ ਲਾਭ ਉਠਾਉਣਾ ਹੈ । ਇਹ ਕੀਮਤੀ ਅਵਸਰ ਹੈ, ਮੁੜ ਮੁੜ ਕੇ ਹਥ ਨਹੀਂ ਆਉਣ ਵਾਲਾ, ਇਸ ਲਈ ਇਕ ਸੁਆਸ ਵੀ ਨਿਰਾਰਥ ਨਹੀਂ ਕਰਨਾ। ਭਰਪੂਰ ਜੀਵਨ ਦਾ ਆਦਰਸ਼ ਹੈ : ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ । ਭਰਪੂਰ ਜੀਵਨ ਲਈ ਕਰਨ ਜੋਗ ਕਰਤੱਵ ਸਿਮਰਨ, ਗੁਰੂ-ਸੇਵਾ, ਸਾਧ-ਸੰਗ, ਜਨ-ਸੇਵਾ, ਸਤਿ ਵਿਹਾਰ, ਆਦਿ ਹਨ । ਭਰਪੂਰ ਜੀਵਨ ਸਹਜ ਦਾ ਜੀਵਨ ਹੈ, ਜਿਸ ਵਿਚ ਕੋਈ ਉਲਾਰੂਪਨ (ਮਦ-ਪਾਨ, ਕੂੜ-ਕੁਸਤਿ, ਕਾਮਾਦਿਕ ਦੀ ਚੇਸ਼ਟਾ) ਨਹੀਂ ਹੈ । ਭਰਪੂਰ ਜੀਵਨ ਵਿਚ ਪਾਖੰਡ ਨਹੀਂ ਹੈ । ਸਾਦਗੀ ਦੀ ਸ਼ੀਸ਼ਟਤਾ ਹੈ । ਦੂਜੇ ਪਾਸੇ, ਭਰਪੂਰ ਜੀਵਨ ਸਫਲ ਕਾਰ-ਵਿਹਾਰੀ ਗ੍ਰਿਸਤ ਦਾ ਜੀਵਨ ਹੈ ।

## (2) ਸ੍ਵੈ-ਪਛਾਣ

ਜੀਵਨ ਵਿਚ ਸਫ਼ਲਤਾ ਪ੍ਰਾਪਤ ਕਰਨ ਲਈ ਆਪਣੇ-ਆਪ, ਆਪਣੇ ਅਸਲੇ, ਆਪਣੀ ਸ਼ਕਤੀ, ਸਮਰਥਾ, ਰਾਸ-ਪੂੰਜੀ, ਅੰਦਰ ਦੇ ਖ਼ਜ਼ਾਨੇ ਦੀ ਪੂਰੀ ਸੋਝੀ ਚਾਹੀਦੀ ਹੈ , ਆਪਣੇ ਆਲੇ-ਦੁਆਲੇ ਦਾ ਪਤਾ ਹੋਣਾ ਚਾਹੀਦਾ ਹੈ; ਆਪਪਣੇ ਸੰਗੀਆਂ-ਸਾਥੀਆਂ, ਮਿਤਰਾਂ-ਸਹਾਇਕਾਂ ਦਾ ਅਨੁਮਾਨ ਹੋਣਾ ਜ਼ਰੂਰੀ ਹੈ, ਆਪਣੇ ਸ਼ਤ੍ਰੂਆਂ, ਵਿਰੋਧੀਆਂ ਤੋਂ ਖ਼ਬਰਦਾਰੀ ਲੋੜੀਦੀ ਹੈ; ਆਪਣੀਆਂ ਕਮਜ਼ੋਰੀਆਂ ਦਾ ਪਤਾ ਹੋਣਾ ਚਾਹੀਦਾ ਹੈ । ਆਪਣੇ ਰਸਤੇ ਦੀ ਸੋਝੀ ਚਾਹੀਦੀ ਹੈ; ਆਪਣੀ ਮੰਜ਼ਲ ਦਾ ਗਿਆਨ ਚਾਹੀਦਾ ਹੈ; ਮੰਜ਼ਲ ਤੇ ਅਪੜਣ ਮਗਰੋਂ ਪ੍ਰਾਪਤ ਹੋਣ ਵਾਲੇ ਸੁਖ, ਸੋਭਾ ਦਾ ਝਾਵਲਾ ਹੋਣਾ ਚਾਹੀਦਾ ਹੈ ।

ਸ੍ਰੀ ਗੁਰੂ ਅਮਰਦਾਸ ਜੀ ਨੇ ਮੁੜ ਮੁੜ ਕੇ ਜੀਵ ਨੂੰ ਭਰੋਸਾ ਦਿਵਾਇਆ ਕਿ ਤੇਰੀ ਕਾਇਆ ਵਿਚ ਅਥਾਹ ਸ਼ਕਤੀ, ਅਮੀਰੀ, ਸਮਰਥਾ, ਆਦਿ ਹਨ; ਇਨ੍ਹਾਂ ਦਾ ਗਿਆਨ ਤੈਨੂੰ ਹੋਣਾ ਚਾਹੀਦਾ ਹੈ, ਤੇ ਇਨ੍ਹਾਂ ਨੂੰ ਉੱਚੇ-ਸੁੱਚੇ ਆਦਰਸ਼ਾਂ ਲਈ ਵਰਤਣ ਦੀ ਜਾਚ । ਕਾਇਆ ਵਿਚ ਹੀ ਪਰਮਾਤਮਾ ਹੈ, ਇਥੋਂ ਤੀਕ ਉੱਚੀਆਂ ਤੋਂ ਉੱਚੀਆਂ ਪ੍ਰਾਪਤੀਆਂ ਹੋਣੀਆਂ ਹਨ । ਇਹ ਸਰੀਰ ਦੀਆਂ ਸਾਰੀਆਂ ਮਾਨਸਿਕ, ਬੌਧਿਕ, ਆਤਮਿਕ ਸਿਖਰਾਂ ਤੇ ਪਹੁੰਚਣ ਦੇ ਸਮਰਥ ਹੈ । ਮਨੁਖ ਵਿਚ ਹਰ ਅਧਿਆਤਮਿਕ , ਬੌਧਿਕ ਸਿਖਰ ਤੇ ਪਹੁੰਚਣ ਦੀ ਸ਼ਕਤੀ ਹੈ। ਆਪਨੇ ਗੁਰਮੁਖਿ ਦਾ ਸਿਧਾਂਤ ਹੀ ਇਹ ਦਿਤਾ ਹੈ ਕਿ ਉਹ ਕਾਇਆ ਨੂੰ ਪੂਰੀ ਤਰ੍ਹਾਂ ਸੋਧਦਾ, ਜਾਣਦਾ ਤੇ ਪਛਾਣਦਾ ਹੈ ।



Digitized by Panjab Digital Library | www.panjabdigilib.org

ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ।
ਮੇਰੇ ਠਾਕੁਰਿ ਇਹ ਬਣਤ ਬਣਾਈ ।
ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਈਦਾ ।

(ਮਾਰੂ ਮ: ੩, ਸੋਲਹੇ, 1066)

ਕਾਇਆ ਨੂੰ 'ਸਰੀਰ', 'ਕੋਟੁ ਅਪਾਰੁ', 'ਕੰਚਨ ਕੋਟੁ' 'ਹਰਿ ਮੰਦਰੁ' 'ਘਰੁ' ਕਿਹਾ ਹੈ । ਕਾਇਆ ਸਮੁੱਚਾ ਸੰਕੇਤ ਹੈ ਜੋਤਿ, ਮਨ, ਮਤਿ, ਬੁਧਿ, ਚਿਤ, ਨੌ ਗੋਲਕਾਂ, ਇੰਦ੍ਰੀਆਂ, ਦਸਮ ਦੁਆਰ, ਆਦਿ ਦਾ ।

ਆਪਣੀ ਹਸਤੀ ਨੂੰ ਇਸ ਤਰ੍ਹਾਂ ਪਛਾਣਨਾ ਹੈ :—

ਸੂਹੀ ਮਹਲਾ ੩

ਕਾਇਆ ਕਮਣਿ ਅਤਿ ਸੁਆਲਿਉ ਪਿਰੁ ਵਸੈ ਜਿਸੁ ਨਾਲੇ ।
ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮਾਲੇ ।
ਹਰਿ ਕੀ ਭਗਤਿ ਸਦਾ ਰੰਗਿ ਰਾਤਾ ਹਉਮੈ ਵਿਚਹੁ ਜਾਲੇ ।੧।
ਵਾਹੁ ਵਾਹੁ ਪੂਰੇ ਗੁਰ ਕੀ ਬਾਣੀ । ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ।੧। ਰਹਾਉ
ਕਾਇਆ ਅੰਦਰ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ।
ਕਾਇਆ ਅੰਦਰਿ ਜਗ ਜੀਵਨ ਦਾਤਾ ਵਸੈ ਸਭਨਾ ਕਰੈ ਪ੍ਰਤਿਪਾਲਾ ।
ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮਾਲਾ ।੨।
ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ ।
ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ ।
ਸਤਿਗੁਰ ਸੇਵੇ ਸਦਾ ਸੁਖੁ ਪਾਏ ਸਤਿਗੁਰਿ ਅਲਖੁ ਦਿਤਾ ਲਖਾਈ ।੩।
ਕਾਇਆ ਅੰਦਰ ਰਤਨ ਪਦਾਰਥ ਭਗਤਿ ਭਰੈ ਭੰਡਾਰਾ ।
ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ।
ਇਸੁ ਕਾਇਆ ਅੰਦਰਿ ਨਾਮੁ ਨਉਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ।੪।
ਕਾਇਆ ਅੰਦਰਿ ਤੋਲਿ ਤੋਲਾਵੈ ਆਪੇ ਤੋਲਣਹਾਰਾ ।
ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ ।
ਮੋਲਿ ਕਿਤਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ।੫।
ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ ।
ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੈ ਚਤੁਰਾਈ ।
ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ ।੬।



Digitized by Panjab Digital Library | www.panjabdigilib.org

ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਉਪਤਿ ਜਿਤੁ ਸੰਸਾਰਾ ।
ਆਪਣਾ ਖੇਲੁ ਰਚਾਇਆ ਆਵਾਗਉਣ ਪਾਸਾਰਾ ।
ਪੂਰੈ ਸਤਿਗੁਰ ਆਪਿ ਦਿਖਾਇਆ ਸਚਿ ਨਾਮਿ ਨਿਸਤਾਰਾ ॥
ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ ।
ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ ।
ਨਾਨਕ ਸਚੁ ਵਡਿਆਈ ਪਾਏ ਜਿਸ ਨੋ ਹਰਿ ਕਿਰਪਾ ਧਾਰੀ ।੭।੨।

(ਪੰਨਾ 754)

ਕਾਇਆ ਦਾ ਸਰੂਪ ਕੀ ਹੈ ? ਫ਼ਰਸ਼ ਤੋਂ ਅਰਸ਼ ਤੀਕ ਤੇ ਉਸ ਤੋਂ ਵੀ ਪਰੇ ਜੋ ਕੁੱਝ ਹੈ, ਉਹ ਕਾਇਆ ਵਿਚ ਹੈ । ਫ਼ਰਸ਼, ਅਰਸ਼, ਤੇ ਪਰੇ ਦਾ ਚਿੰਤਨ ਹੀ ਕਾਇਆ ਦੁਆਰਾ ਸੰਭਵ ਹੈ, ਹੋਰ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੈ । ਕਾਇਆ ਦੀ ਹੋਂਦ ਨਾਲ ਹੀ ਸੰਸਾਰ ਦੀ ਹੋਂਦ ਹੈ , ਕਾਇਆ ਦੀ ਹੋਂਦ ਨਾਲ ਪ੍ਰਭੂ ਹੋਂਦ ਦਾ ਗਿਆਨ ਹੈ, ਤੇ ਉਸ ਦੇ ਸਰੂਪ ਦਾ ਕੋਈ ਸੰਕਲਪ ਹੈ ।

1. ਕਾਇਆ ਵਿਚ ਹਰ ਪ੍ਰਕਾਰ ਦੀ ਸੁੰਦਰਤਾ ਹੈ ਜਿਸ ਨੂੰ ਪ੍ਰਭੂ ਆਪ ਪਿਆਰ ਕਰਦਾ ਹੈ, ਪ੍ਰਭੂ ਇਸ ਤੋਂ ਵਿਛੜਦਾ ਨਹੀਂ ਹੈ ।
2. ਕਾਇਆ ਦੀ ਸੋਭਾ-ਸੁਹਾਗ ਸਚ ਹੈ, ਇਹ ਸਚ ਨੂੰ ਗ੍ਰਹਿਣ ਕਰਨ ਦੇ ਸਮਰਥ ਹੈ । ਸਚਿਆਰ ਬਣਨ ਦੇ ਸਮਰਥ ਹੈ ।
3. ਕਾਇਆ ਪ੍ਰਭੂ ਦੇ ਸਾਖਿਆਤ ਦਰਸ਼ਨ ਦੇ ਸਮਰਥ ਹੈ, ਸ਼ਬਦ ਦੇ ਸਮਰਥ ਹੈ । ਸ਼ਬਦ ਪ੍ਰਭੂ ਦਾ ਜ਼ਾਤੀ ਤਜਰਬਾ ਹੈ ।
4. ਕਾਇਆ ਪ੍ਰਭੂ ਨੂੰ ਪ੍ਰੇਮ ਕਰਨ ਦੇ ਸਮਰਥ ਹੈ ।
5. ਕਾਇਆ ਹਉਮੈ ਨੂੰ ਖਤਮ ਕਰਕੇ ਪ੍ਰਭੂ ਨਾਲ ਇਕਮਿਕ ਹੋ ਜਾਂਦੀ ਹੈ । ਇਹ ਸਮਰਥਾ ਕਾਇਆ ਵਿਚ ਹੈ ।
6. ਜੋ ਕੁਝ ਬ੍ਰਹਮੰਡ ਵਿਚ ਹੈ, ਉਹ ਸੂਖਮ ਰੂਪ ਵਿਚ ਕਾਇਆ ਵਿਚ ਵੀ ਹੈ । ਜੋ ਸ਼ਕਤੀਆਂ ਬ੍ਰਹਮੰਡ ਵਿਚ ਕੰਮ ਕਰ ਰਹੀਆਂ ਹਨ, ਉਹ ਅੰਸ਼ ਮਾਤਰ ਸਰੀਰ ਵਿਚ ਵੀ ਕੰਮ ਕਰ ਰਹੀਆਂ ਹਨ । ਸਾਰੀ ਕੁਦਰਤ ਦਾ ਲਿਸ਼ਕਾਰਾ ਅੰਦਰ ਹੈ । ਸਾਰਾ ਜਹਾਨ ਅੰਦਰ ਮੌਜੂਦ ਹੈ । ਸਾਰੇ ਸੰਸਾਰ ਦਾ ਗਿਆਨ ਅੰਦਰ ਹੋ ਸਕਦਾ ਹੈ । ਜੋ ਖੰਡਾਂ , ਬ੍ਰਹਮੰਡਾਂ ਦਾ ਆਧਾਰ ਹੈ, ਉਹ ਅੰਦਰ ਹੈ, ਇਸ ਲਈ ਸਭ ਕੁਝ ਅੰਦਰ ਹੀ ਹੈ।
7. ਜੋ ਜਗਤ ਦਾ ਜੀਵਨ ਹੈ, ਉਹ ਅੰਦਰ ਹੈ । ਸਾਰੇ ਜਗਤ ਦੀ ਸੱਤਾ ਅੰਦਰ ਹੈ, ਇਤਨਾ ਸ਼ਕਤੀਵਾਨ ਹੈ ਮਨੁੱਖ ।



Digitized by Panjab Digital Library | www.panjabdigilib.org

8. ਕਾਇਆ ਹੀ ਨਾਮ ਸਿਮਰਣ ਦਾ ਸਾਧਨ ਹੈ । ਨਾਮ ਸਿਮਰਨ ਤੋਂ ਸਾਰੀ ਸੁੰਦਰਤਾ ਦਾ ਜਨਮ ਹੁੰਦਾ ਹੈ । ਕਾਇਆ ਦੁਆਰਾ ਹੀ ਆਤਮਿਕ, ਮਾਨਸਿਕ, ਸਦਾਚਾਰਿਕ ਸੁੰਦਰਤਾ ਸੰਭਵ ਹੈ ।

9. ਕਾਇਆ ਦੀ ਮਹਾਨਤਾ ਅਲਖ ਹੈ ਕਿਉਂਕਿ ਇਸ ਵਿਚ ਵਸਦਾ ਪ੍ਰਭੂ ਆਪ ਅਲਖ ਹੈ।

10. ਕੁੱਝ ਭੀ ਐਸਾ ਨਹੀਂ ਹੈ ਜੋ ਅੰਦਰ ਨਹੀਂ ਹੈ; ਜਦ ਪ੍ਰਭੂ ਅੰਦਰ ਹੈ, ਫੇਰ ਬਾਹਰ ਕੀ ਹੈ ?

11. ਕਾਇਆ ਹੀ ਗਿਆਨ ਦਾ, ਬ੍ਰਹਮ ਗਿਆਨ ਦਾ ਸਾਧਨ ਹੈ । ਸਤਿਗੁਰੂ ਵੀ ਕਾਇਆ ਦੇ ਸਾਧਨ ਦੁਆਰਾ ਹੀ ਸਿਖ ਨੂੰ ਪ੍ਰਭੂ ਨਾਲ ਮੇਲਦਾ ਹੈ । ਸਤਿਗੁਰੂ ਦਾ ਕਰਤਵ ਕਾਇਆ ਦੁਆਰਾ ਹੀ ਪੂਰਾ ਹੁੰਦਾ ਹੈ ।

12. ਕਾਇਆ ਵਿਚ ਰਤਨ, ਪਦਾਰਥ ਤੇ ਭਗਤੀ ਹਨ, ਗੁਣ, ਅਮੀਰੀ ਤੇ ਪ੍ਰੇਮ ਸਰੀਰ ਨਾਲ ਹੀ ਹਨ ।

13. ਜੋ ਸਾਡੀ ਦੁਨੀਆਂ ਵਿਚ ਹੈ, ਉਹ ਅੰਦਰ ਵੀ ਹੈ। ਅੰਦਰ ਹੀ ਸਚੀ ਸੌਦਾਗਰੀ, ਵਣਜ-ਵਾਪਾਰ ਹੈ, ਜਿਥੇ ਨਾਮ ਧਨ ਤੇ ਗੁਣਾ ਦਾ ਵਣਜ ਹੁੰਦਾ ਹੈ ।

14. ਨਉਨਿਧਿ ਨਾਮ ਦਾ ਸਿਮਰਨ ਇਸ ਦੁਆਰਾ ਹੀ ਸੰਭਵ ਹੈ ਤੇ ਇਸ ਵਿਚੋਂ ਹੀ ਨਾਮ ਦੀ ਵੀ ਪ੍ਰਾਪਤੀ ਹੈ ।

15. ਗੁਣਾਂ ਦੀ ਪਰਖ ਕਰਨ ਵਾਲਾ ਮਿਆਰ (ਪ੍ਰਭੂ) ਵੀ ਸਰੀਰ ਅੰਦਰ ਹੀ ਹੈ । ਸਾਰੇ ਨਿਰਣੇ ਵੀ ਇਥੇ ਹੀ ਹੁੰਦੇ ਹਨ ।

16. ਮਨ ਵਰਗਾ ਰਤਨ ਜਵਾਹਰ ਮਾਣਕ, ਕੀਮਤੀ ਪਦਾਰਥ, ਵੀ ਕਾਇਆ ਵਿਚ ਹੀ ਹੈ। ਕਾਇਆ ਬਿਨਾ ਮਨ ਸੰਭਵ ਨਹੀਂ ਹੈ । ਮਨ ਬਿਨਾ ਕੁੱਝ ਵੀ ਨਹੀਂ ਹੈ ।

17. ਵਿਚਾਰ ਸ਼ਕਤੀ ਵੀ ਕਾਇਆ ਦਾ ਹੀ ਅੰਗ ਹੈ । ਵਿਚਾਰ-ਸ਼ਕਤੀ ਜਾਂ ਚਿਤ ਹੀ ਸ਼ਬਦ, ਨਾਮ, ਬਾਣੀ ਨੂੰ ਸਮਝਦੀ ਹੈ ।

18. ਬਿਬੇਕ ਵੀ ਅੰਦਰ ਹੀ ਹੈ ਜੋ ਸਾਰੇ ਭਰਮ ਤੋਂ ਛੁਟਕਾਰਾ ਦਿਵਾਂਦਾ ਹੈ । ਬੁੱਧੀ ਹੀ ਬਿਬੇਕੀ ਹੋ ਸਕਦੀ ਹੈ । ਬੁੱਧੀ ਬਿਨਾ ਬਿਬੇਕ ਸੰਭਵ ਨਹੀ ਹੈ ।

19. ਸਰੀਰ ਤੇ ਇਸ ਦੇ ਅੰਦਰ ਦੇ ਮਨ, ਚਿਤ, ਬੁਧ, ਬਿਬੇਕ ਹੀ ਪ੍ਰਭੂ ਕ੍ਰਿਪਾ ਹਨ ।

20. ਗੁਰੂ ਕਾਇਆ ਦੇ ਖੋਜਣ ਦੀ ਹੀ ਜਾਚ, ਜੁਗਤ ਦਸਦਾ ਹੈ ।

21. ਕਾਇਆ ਵਿਚ ਮਨ ਹੀ ਉਸਾਰਨ ਤੇ ਢਾਹਣ ਵਾਲਾ ਹੈ । ਇਹੋ ਹੀ ਬ੍ਰਹਮਾ, ਬਿਸਨ, ਮਹੇਸ਼ ਹੈ ।

22. ਪ੍ਰਭੂ ਦਾ ਮਹਾਨ ਕ੍ਰਿਸ਼ਮਾ (ਖੇਲ) ਸਰੀਰ ਹੀ ਹੈ । ਆਵਾਗਵਨ ਸਰੀਰਾਂ ਦੁਅਰਾ ਹੀ ਹੈ ।

23. ਪੂਰਣਤਾ ਵੀ, ਗਿਆਨ ਦੁਆਰਾ, ਸਰੀਰ ਵਿਚ ਹੀ ਸੰਭਵ ਹੈ ।



Digitized by Panjab Digital Library | www.panjabdigilib.org

24. ਗੁਰ-ਸੇਵਾ ਵੀ ਸਰੀਰ ਦੁਆਰਾ ਹੀ ਸੰਭਵ ਹੈ। ਸਰੀਰ ਦੀ ਸੁੰਦਰ ਰਚਨਾ ਹੀ ਪ੍ਰਭੂ ਦਾ ਕ੍ਰਿਸ਼ਮਾ ਹੈ।

25. ਸਰੀਰ ਦੁਆਰਾ ਜਪੇ ਨਾਮ ਨਾਲ ਹੀ ਆਤਮਾ ਦੀ ਸੋਭਾ ਪ੍ਰਭੂ ਦਰਬਾਰ ਵਿਚ ਬਣਦੀ ਹੈ।

26. ਸਰੀਰ ਦੁਆਰਾ ਹੀ ਸਚ ਨਾਲ ਮਿਲਣ ਦੀ ਵਡਿਆਈ ਜੀਵਾਤਮਾ ਨੂੰ ਮਿਲਦੀ ਹੈ।

ਰਾਗ ਪ੍ਰਭਾਤੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਮਨੁੱਖੀ ਸਰੀਰ ਨੂੰ ਹੀ 'ਹਰਿਮੰਦਰ' ਕਿਹਾ ਹੈ ਅਤੇ ਇਸ ਦੀ ਉਪਮਾ ਦਸੀ ਹੈ। ਪੂਰਣ ਮਨੁਖਤਾ ਦਾ ਆਦਰਸ਼ 'ਹਰਿ ਮੰਦਰ' ਵਿਚ ਹੀ ਪ੍ਰਾਪਤ ਹੋ ਸਕਦਾ ਹੈ।

ਪ੍ਰਭਾਤੀ ਮਹਲਾ ੩ ਬਿਭਾਸ

ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ।
ਹਰਿ ਮੰਦਰੁ ਸਬਦੇ ਖੋਜਿਐ ਹਰਿਨਾਮੋ ਲੇਹੁ ਸਮਾਲਿ।
ਮਨ ਮੇਰੇ ਸਬਦਿ ਰਪੈ ਰੰਗੁ ਹੋਇ।
ਸਚੀ ਭਗਤਿ ਸਚਾ ਹਰਿਮੰਦਰੁ ਪ੍ਰਗਟੀ ਸਾਚੀ ਸੋਇ ।੧।ਰਹਾਉ।
ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ।
ਮਨਮੁਖ ਮੂਲੁ ਨ ਜਾਣਨਿ ਮਾਣਸਿ ਹਰਿ ਮੰਦਰੁ ਨ ਹੋਇ ।੨।
ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਿਮ ਸਵਾਰਿ।
ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ।੩।
ਸਬਦੁ ਚੀਨਿ ਸੁਖੁ ਪਾਇਆ ਸਚੈ ਨਾਇ ਪਿਆਰ।
ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ।੪।
ਹਰਿ ਮੰਦਰ ਏਹ ਜਗਤੁ ਹੈ ਗੁਰ ਬਿਨੁ ਘੋਰੰਧਾਰ।
ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ।੫।
ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ।
ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ।੬।
ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ।
ਗੁਰ ਪਰਸਾਦਿ ਚੀਨਿਆ ਹਰਿ ਰਾਖਿਆ ਉਰਿਧਾਰਿ ।੭।
ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ।
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ।੮।
ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ।
ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ।੯।



Digitized by Panjab Digital Library | www.panjabdigilib.org

ਹਰਿਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ।
ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ।੧੦।
ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ।
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ।੧੧।

(ਪੰਨਾ 1346)

ਪ੍ਰਭੂ ਦਾ ਨਿਵਾਸ, ਹਰਿ ਮੰਦਰ, ਕਾਇਆ ਹੀ ਹੈ ਤੇ ਜੋ ਸੰਭਾਵਨਾ ਹਰਿ ਦੀਆਂ ਹਨ, ਉਹ ਕਾਇਆ ਦੁਆਰਾ ਹੀ ਰੂਪਮਾਨ ਹੋ ਸਕਦੀਆ ਹਨ । ਗੁਰਪਰਸਾਦੀ ਗਿਆਨ ਹੋਵੇ ਤਦ ਇਹ ਪਤਾ ਲਗਦਾ ਹੈ

1. ਕਾਇਆ ਹੀ ਗਿਆਨ ਦਾ ਕੇਂਦਰ ਹੈ । ਉਚਤਮ ਗਿਆਨ ਇਹ ਹੈ ਕਿ ਪ੍ਰਭੂ ਕਾਇਆ ਵਿਚ ਹੀ ਹੈ
2. ਪ੍ਰਭੂ ਦਾ ਸ਼ਬਦ, ਸਿਧਾ ਮਿਲਾਪ, ਸਿਧਾ ਅਨਭਵ ਕਾਇਆ ਦੁਆਰਾ ਹੀ ਹੈ ।
3. ਸਾਰੀਆਂ ਖੁਸ਼ੀਆਂ ਆਤਮਿਕ ਤੇ ਅਧਿਆਤਮਿਕ ਰੰਗ, ਰਸ, ਕਾਇਆ ਦੁਆਰਾ ਹੀ ਮਾਣੇ ਜਾਂਦੇ ਹਨ ।
4. ਸਚੀ ਭਗਤੀ ਕਾਇਆ ਦੁਆਰਾ ਹੀ ਸੰਭਵ ਹੈ ।
5. ਗਿਆਨ ਰਤਨ ਦਾ ਕੇਂਦਰ ਸ਼ਰੀਰ ਹੀ ਹੈ ।
6. ਮੂਲ ਰੂਪ ਕਰਣ-ਕਾਰਣ ਦੀ ਸੋਝੀ ਵੀ ਕਾਇਆ ਦੁਆਰਾ ਹੈ ।
7. ਪ੍ਰਭੂ ਦੀ ਸਮਰਥਾ, ਰਚਨਾਤਮਕ ਸ਼ਕਤੀ, ਦਾ ਪ੍ਰਮਾਣ ਕਾਇਆ ਹੀ ਹੈ । ਇਹ ਪ੍ਰਭੂ ਦੀ ਮਹਾਨ ਸਾਜਨਾ ਹੈ ।
8. ਕਾਇਆ ਦੁਆਰਾ ਹੀ ਕਰਮਾਂ ਦੇ ਚੰਗੇ-ਮੰਦੇ ਫਲ ਭੋਗੇ ਜਾਂਦੇ ਹਨ । ਸਾਰਾ ਨਿਆਂ ਕਾਇਆ ਤੇ ਹੀ ਵਾਪਰਨਾ ਹੈ ।
9. ਗਿਆਨ, ਮਿਲਾਪ ਦਾ ਸੁਖ ਕਾਇਆ ਦੀ ਹੋਂਦ ਨਾਲ ਹੀ ਮਾਣਿਆ ਜਾਂਦਾ ਹੈ । ਆਤਮਾ ਦੀ ਹਸਤੀ ਕਾਇਆ ਦੁਆਰਾ ਹੀ ਪ੍ਰਗਟ ਹੁੰਦੀ ਹੈ ।
10. ਸੁੰਦਰਤਾ ਦਾ ਮਹਾਨ ਪ੍ਰਮਾਣ ਕਾਇਆ ਦੇ ਚਮਤਕਾਰ ਵਿਚ ਹੀ ਹੈ । ਪ੍ਰਭੂ-ਸੁੰਦਰਤਾ ਹੈ, ਸੁਹਾਣ, ਸਦਾ ਚਾਉ ਹੈ ।
11. ਕਾਇਆ ਨਾਲ ਹੀ ਜਗਤ ਦੀ ਸੋਝੀ ਹੈ ।
12. ਕਾਇਆ ਹੀ ਏਕੰਕਾਰ ਨੂੰ ਜਾਣਦੀ ਹੈ ਤੇ ਪੂਜਦੀ ਹੈ । ਕਾਇਆ ਬਿਨਾ ਪੂਜਾ ਅਸੰਭਵ ਹੈ ।



Digitized by Panjab Digital Library | www.panjabdigilib.org

13. ਚੰਗੇ-ਮੰਦੇ ਕਰਮਾਂ ਦਾ ਨਿਆਂ ਕਾਇਆ ਗ੍ਰਹਿਣ ਕਰਦੀ ਹੈ । ਇਹ ਪ੍ਰਭੂ ਨਿਆਂ ਦੀ ਸਾਧਨ ਹੈ ।

14. ਸਚ ਨੂੰ ਇਹ ਗ੍ਰਹਿਣ ਕਰਦੀ ਹੈ, ਇਹੋ ਬੰਧਨ, ਮੁਕਤੀ ਦਾ ਸਾਧਨ ਹੈ ।

15. ਕਾਇਆ ਹੀ ਨਾਮ ਦਾ ਨਿਧਾਨ ਬਣਦੀ ਹੈ । ਇਸ ਖਜ਼ਾਨੇ ਨੂੰ ਕਾਇਆ ਵਿਚ ਹ। ਸਾਂਭਿਆ ਜਾਂਦਾ ਹੈ ।

16. ਪ੍ਰਭੂ ਨੂੰ ਚੀਨਣਾ ਕਾਇਆ ਵਿਚ ਹੀ ਹੈ ।

17. ਪ੍ਰਭੂ ਮਿਲਾਪ (ਸ਼ਬਦ) ਦਾ ਰਸ ਕਾਇਆ ਵਿਚ ਹੀ ਸੰਭਵ ਹੈ ।

18. ਨਾਮ ਦੀ ਸਾਰੀ ਉਨਤੀ ਕਾਇਆ ਵਿਚ ਹੀ ਹੈ ।

19. ਹਰਿਮੰਦਰ, ਕਾਇਆ ਹੀ ਨਾਮ ਦਾ ਹਟ ਹੈ ।

20. ਕਾਇਆ ਦੁਆਰਾ ਹੀ ਸਾਧਸੰਗ ਹੈ ਤੇ ਸੰਤ ਦੂਜੇ ਨੂੰ ਨਾਮ ਦੇ ਸਕਦੇ ਹਨ ।

21. ਕਾਇਆ ਹੀ ਦੂਜੇ ਭਾਉ, ਵਾਲੇ ਪਦਾਰਥਵਾਦੀ, ਕਾਮਾਦਿਕ ਦੇ ਕਰਮ ਕਰਦੀ ਹੈ ।

22. ਪਰ ਮਨ ਸ਼ੁਧ ਹੋ ਜਾਏ, ਤਦ ਕਾਇਆ ਹੀ ਕੰਚਨ ਹੈ ।

23. ਹਰ ਸਰੀਰ ਵਿਚ ਪ੍ਰਭੂ ਹੈ, ਜੋਤਿ ਹੈ, ਇਹੋ ਸਿਧਾਂਤ ਸਮਾਜ ਦੀ ਨੀਂਹ ਹੈ । ਸਾਰਾ ਭਾਈ-ਚਾਰਾ ਸਰੀਰ ਕਰਕੇ ਹੈ ।

24. ਸਚਾਈ ਦੀ ਪ੍ਰਾਪਤੀ ਸਰੀਰ ਮੰਦਰ -ਦੁਆਰ ਇਸ ਵਿਚੋਂ ਹੀ ਹੈ ।

ਆਪਣੀ ਸ਼ਕਤੀ, ਸਮਰਥਾ ਦੀ ਪਛਾਣ ਹੀ ਸਾਰੀ ਉੱਨਤੀ ਸਰੀਰਿਕ, ਮਾਨਸਿਕ, ਸਦਾ-ਚਾਰਿਕ, ਆਤਮਿਕ, ਦਾ ਆਧਾਰ ਹੈ । ਸਰੀਰ, ਮਨ, ਚਿਤ, ਬੁਧਿ, ਇੰਦ੍ਰੇ ਹੀ ਮਹਾਨਤਾ ਦਾ ਕਾਰਨ ਹਨ । ਪ੍ਰਭੂ ਦਾ ਸਭ ਤੋਂ ਵਡਾ ਕ੍ਰਿਸ਼ਮਾ ਮਨੁਖੀ ਸਰੀਰ ਦੀ ਸਿਰਜਣਾ ਹੈ ਜੋ ਉਸ ਨੂੰ ਇਤਨਾ ਪਸੰਦ ਹੈ ਕਿ ਉਹ ਆਪ ਇਸ ਵਿਚ ਹੀ ਰਹਿੰਦਾ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਮਨੁੱਖ ਨੂੰ ਸ੍ਵੈ-ਪਛਾਣ ਕਰਨ ਵਿਚ ਕੀ ਸਹਾਇਤਾ ਦਿਤੀ ਗਈ ਹੈ ? ਅੰਧ-ਅੰਧੇਰ ਧੁੰਧੂਕਾਰ ਸੀ, ਕੇਵਲ ਪਰਮ ਸੱਤਾ ਸੀ, ਕੀਤਾ ਪਸਾਉ ਹੋਇਆ, ਵਿਕਾਸ ਦੇ ਲਖ ਦਰਿਆਉ ਤੁਰੇ, ਆਤਮਾ ਕੀਟ-ਪਤੰਗ, ਗਜ-ਮੀਨ-ਕੁਰੰਗ, ਪੰਖ-ਸਰਪ ਰੂਪਾਂ ਵਿਚ ਚੌਰਾਸੀ ਲਖ ਜੂਨਾ ਵਿਚੋਂ ਲੰਘੀ । ਸ੍ਰੀ ਗੁਰੂ ਅਮਰਦਾਸ ਜੀ ਨੇ ਜੂਨਾਂ ਦੇ ਭੋਗ ਨੂੰ ਵਿਸ਼ਟਾ ਵਿਚ ਕੀਟ ਦਾ ਵਾਸ ਮੰਨਿਆ ਹੈ । ਮਨੁਖ ਬਣਿਆ । ਮਨੁਖ ਆਪਣੇ ਵਿਕਾਸ ਲਈ ਅਨੇਕ ਤਰ੍ਹਾਂ ਦੇ ਤਜਰਬੇ ਕਰਨ ਲਗਾ । ਉਸਨੇ ਸਮਾਧੀਆਂ ਲਾਈਆਂ, ਜਗ ਵਿਚ ਅਹੂਤੀਆਂ ਦਿੱਤੀਆਂ, ਸਰੀਰ ਤੇ ਸੁਆਹ ਮਲੀ, ਬਾਨਪ੍ਰਸਤੀ ਹੋਇਆ, ਉਹ ਅਧਿਆਤਮਿਕ ਉਚਾਈਆਂ ਤੇ ਪੁਜਾ, ਕਈ ਵਾਰੀ ਥਲੇ ਡਿਗਾ, ਕਰਮ, ਗਿਆਨ, ਭਗਤੀ ਦੇ ਯੋਗ ਕਮਾਏ । ਵਿਸਟਾ ਦੇ ਕੀਟ ਤੋਂ ਉਥੇ ਪੁਜਾ ਜਿਥੇ 'ਅਵਰ ਜੋਨ ਪਨਿਹਾਰੀ' ਹੋਈ ਸਾਰੀਆਂ ਜੂਨਾਂ ਦਾ ਸਰਤਾਜ ਹੈ । ਪਰ ਇਹ ਇਸ ਪਉੜੀ

ਤੋਂ ਡਿਗ ਸਕਦਾ ਹੈ, ਪਉੜੀ ਛੁੱਟਰ ਸਕਦੀ ਹੈ, ਫਿਰ ਹੱਥ ਨਹੀਂ ਆਉਂਦੀ। ਇਹ ਉਸ ਦੀ ਸ੍ਵੈ-ਪਛਾਣ ਹੈ। ਵਿਸ਼ਟਾ ਦਾ ਕੀਟ ਵੀ ਹੋ ਸਕਦਾ ਹੈ, ਸਿਕਦਾਰ ਭੀ ਹੈ ਜਿਸ ਦੀ ਹਰ ਜੂਨ ਪਨਿਹਾਰੀ ਹੈ।

ਮਨੁੱਖ ਦੇ ਅੰਦਰ ਹਰ ਜੂਨ ਦੇ ਜੀਵ ਦੇ ਸੁਭਾ, ਪ੍ਰਵਿਰਤੀਆਂ ਦੀ ਲੇਸ ਹੈ ਤੇ ਉਹ ਤੁਰੀ ਆ ਰਹੀ ਹੈ। ਮਨੁੱਖ ਦੇ ਅੰਦਰ ਲੂੰਬੜ, ਗਿਦੜ, ਗਿੱਰਜ਼, ਸ਼ੀਹ ਸਾਰੇ ਬੈਠੇ ਹਨ। ਇਸ ਦਾ ਸਫ਼ਰ ਕੀਟ ਤੋਂ ਸਿੰਘ ਤੀਕ ਹੈ। ਸਿੰਘ ਸਰਦਾਰੀ ਦੀ ਜੂਨ ਹੈ। ਹਰ ਜੂਨ ਦੀ ਹਰ ਕਮਜ਼ੋਰੀ ਇਸ ਵਿਚ ਹੈ, ਹਰ ਜੂਨ ਦੇ ਜੀਵ ਦੀ ਹਰ ਖੂਬੀ ਮਨੁਖ ਵਿਚ ਹੈ। ਮਨੁੱਖਾਂ ਵਿਚੋਂ ਹੀ 'ਅਸੰਖ ਮੂਰਖ ਅੰਧ ਘੋਰ, ਚੋਰ ਹਰਾਮਖੋਰ ਹਨ ਅਤੇ ਬ੍ਰਹਮ ਗਿਆਨੀ ਜੀਵਨ ਮੁਕਤਿ, ਵੀ ਇਸੇ ਦੀ ਦਸ਼ਾ ਹੈ। ਇਹ ਜੋ ਚਾਹੇ ਬਣ ਸਕਦਾ ਹੈ, ਤੇ ਜਿਥੇ ਚਾਹੇ ਜਾ ਕੇ ਡਿਗ ਸਕਦਾ ਹੈ।

ਮਨੁੱਖ ਦਾ ਆਲਾ-ਦੁਆਲਾ, ਪਾਤਾਲਾ-ਪਾਤਾਲ, ਅਗਾਸਾ-ਆਗਸ, ਖੰਡਾਂ, ਬ੍ਰਹਮੰਡਾਂ ਦਾ ਹੈ। ਇਸ ਵਿਚ ਵਿਸਮਾਦ ਹੈ। ਪਰ ਜੇ ਮਨੁੱਖ ਦੇ ਅੰਦਰ ਵਿਸਮਾਦ ਹੋਵੇ, ਤਦ ਇਸ ਨੂੰ ਵਿਸਮਾਦ ਪ੍ਰਤੀਤ ਹੁੰਦਾ ਹੈ। ਅੰਤਰ ਬਾਹਰ ਬ੍ਰਹਮ ਹੈ, ਪਰ ਅੰਦਰ ਸੋਝੀ ਆਵੇ ਤਦ ਬਾਹਰ ਦੀ ਸੋਝੀ ਹੁੰਦੀ ਹੈ। ਹਉਮੈ ਤੋਂ ਹੁਕਮ ਤੀਕ ਦੀ ਵਿਥ ਹੈ।

ਸੋ ਇਨ੍ਹਾਂ ਦੋ ਸਿਰਿਆਂ-ਵਿਸ਼ਟਾ ਦਾ ਕੀਟ ਤੇ ਸਿੰਘ, ਚੋਰ-ਹਰਾਮਖੋਰ ਤੇ ਬ੍ਰਹਮ ਗਿਆਨੀ, ਹਉਮੈ ਵਾਲਾ ਤੇ ਹੁਕਮ ਵਿਚ ਚਲਣ ਵਾਲਾ—ਵਿਚ ਜੀਵਾਤਮਾ ਦਾ ਸਫਰ ਹੈ। ਮਨੁਖ ਦੇ ਅੰਦਰ ਇਤਨੀ ਸੰਭਾਵਨਾ ਹੈ ਤੇ ਜੋ ਚਾਹੇ ਬਣ ਸਕਦਾ ਹੈ।

## (3) ਸਰਬਤ ਨਾਲ ਸਾਂਝ

ਸ੍ਰੀ ਗੁਰੂ ਅਮਰਦਾਸ ਜੀ ਦੇ ਮੁੱਖ ਸਿਧਾਂਤਾਂ ਵਿਚੋਂ ਇਕ ਇਹ ਹੈ ਕਿ ਜਿਥੇ ਹਉਮੈ ਹੈ, ਉਥੇ ਭਗਤੀ, ਸਿਮਰਨ, ਸਦਾਚਾਰ ਨਹੀਂ ਹੋ ਸਕਦਾ। ਹਉਮੈ ਹੀ ਦੂਜੇ ਭਾਉ, ਦੁਬਿਧਾ ਭਉ, ਭਰਮ ਤ੍ਰਿਬਿਧਤਾ ਦਾ ਆਧਾਰ ਹੈ। ਹਉਮੈ ਵਾਲੇ ਲਈ ਸਾਰਾ ਕੁਝ ਉਸ ਦੇ ਆਪਣੇ ਸੁਖ, ਐਸ਼ਵਰਜ਼, ਆਰਾਮ ਤੀਕ ਹੀ ਸੀਮਿਤ ਹੈ, ਉਸ ਨੇ ਹੋਰ ਕਿਸੇ ਲਈ ਕੁੱਝ ਨਹੀਂ ਕਰਨਾ, ਨਾ ਹੀ ਹੋਰ ਕਿਸੇ ਦਾ ਸੁਖ, ਆਰਾਮ, ਉਸ ਦੇ ਧਿਆਨ ਦਾ ਪਾਤਰ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਰਾਗ ਵਡਹੰਸ ਵਿਚ ਹਉਮੈ ਦਾ ਇਹ ਸਿਧਾਂਤ ਦਿਤਾ ਹੈ :—

**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ**
**ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ।੧।**
**ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ।**
**ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ।੧। ਰਹਾਉ ।**
**ਹਉਮੈ ਸਭ ਸਰੀਰੁ ਹੈ ਹਉਮੈ ਓਪਤਿ ਹੋਇ ।**
**ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ।੨।**

ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ।
ਹਉਮੈ ਵਿਚ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ।੩।
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ।
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ।੪।੯।

(ਵਡਹੰਸੁ ਮਹਲਾ ੩, 560)

(1) ਹਉਮੈ ਹੋਵੇ ਤਦ ਨਾਮ ਸਿਮਰਨ ਨਹੀਂ ਹੁੰਦਾ, ਨਾਮ ਸਿਮਰਨ ਹੈ ਹਰ ਥਾਂ ਪਰਮ ਸੱਤਾ ਨੂੰ ਵਿਆਪਕ ਦੇਖਣਾ, ਮੰਨਣਾ ਤੇ ਹਰ ਨਾਮ-ਸਰੂਪ ਦਾ ਸਤਿਕਾਰ ਕਰਨਾ । ਨਾਮ ਹਰ ਜੀਵ ਦਾ ਪਿਆਰ ਤੇ ਸਤਿਕਾਰ ਹੈ । ਨਾਮ ਵਾਲਾ ਹਰ ਜੀਵ ਵਿਚ ਇਕੋ ਜੋਤਿ ਦੇਖਦਾ ਹੈ, ਹਉਮੈ ਵਾਲਾ ਇਹ ਨਹੀਂ ਦੇਖ ਸਕਦਾ। ਹਉਮੈ ਵਾਲਾ ਆਪਣੇ ਆਪ ਨੂੰ ਹੀ ਪਰਮ ਸੱਤਾ ਮੰਨਦਾ ਹੈ, ਨਾਮ ਵਾਲਾ ਹਰ ਜ਼ਰੇ ਵਿਚ ਪਰਮ ਸੱਤਾ ਦੀ ਜੋਤਿ ਦੇਖਦਾ ਹੈ। ਹਉਮੈ ਵਾਲਾ ਸਮਝਦਾ ਹੈ ਕਿ ਮੈਂ ਹੀ ਸਭ ਕੁਝ ਹਾਂ, ਨਾਮ ਵਾਲਾ ਇਹ ਸਮਝਦਾ ਹੈ ਕਿ ਮੈਂ ਕੁਛ ਨਹੀਂ ਹਾਂ, ਪ੍ਰਭੂ ਸਭ ਕੁੱਛ ਹੈ । ਹਉਮੈ ਵਿਚ ਕਿਸੇ ਨਾਲ ਸਾਂਝ ਨਹੀਂ ਬਣ ਸਕਦੀ, ਨਾਮ ਵਾਲੇ ਦੀ ਸਭ ਨਾਲ ਸਾਂਝ ਹੈ । ਇਹ ਸਾਂਝ ਜੋਤਿ ਦੀ ਹੈ ।

(2) ਨਾਮ ਵਾਲੇ ਦੀ ਰੁਚੀ ਸੇਵਾ ਦੀ ਹੈ । ਸੇਵਾ ਹੀ ਦੂਜੇ ਜੀਵਾਂ ਨਾਲ ਸਾਂਝ ਬਣਾਂਦੀ ਹੈ । ਹਉਮੈ ਵਾਲਾ ਸੇਵਾ ਨਹੀਂ ਕਰ ਸਕਦਾ, ਉਹ ਤਾਂ ਆਪਣੀ ਸੇਵਾ ਕਰਾਉਣਾ ਲੋਚਦਾ ਹੈ । ਸੇਵਾ ਦੂਜਿਆਂ ਲਈ ਜੀਣਾ ਹੈ, ਹਉਮੈ ਕੇਵਲ ਆਪਣੇ ਆਪ ਲਈ ਜੀਣਾ ਹੈ। ਸੇਵਾ ਸਿਮਰਨ ਇੱਕਠੇ ਰਹਿੰਦੇ ਹਨ ਪਰ ਹਉਮੈ ਤੇ ਹੰਕਾਰ ਹੀ ਇਕਠੇ ਰਹਿੰਦੇ ਹਨ । ਸੇਵਾ ਸਿਖੀ ਦਾ ਪ੍ਰਮੁਖ ਨੇਮ ਹੈ । ਪੱਖਾ ਫੇਰਨਾ, ਪਾਣੀ ਢੋਣਾ, ਪੀਸਣ ਪੀਹਣਾ, ਚਰਨ ਦਬਣਾ, ਦੁਖੀ ਦੀ ਸੰਭਾਲ ਕਰਨਾ, ਦੇਗ ਚਲਾਣੀ, ਆਦਿ ਸਭ ਸੇਵਾ ਦੇ ਰੂਪ ਹਨ । ਸੇਵਾ ਦੁਆਰਾ ਹੀ ਮਨੱਖ ਦੀ ਮਨੁੱਖ ਨਾਲ ਸਾਂਝ ਹੈ । ਹਉਮੈ ਦੀ ਕਿਸੇ ਨਾਲ ਸਾਂਝ ਨਹੀਂ ਹੈ । ਹਉਮੈ ਦਾ ਜੀਵਨ ਨਿਸਫਲ ਹੈ । ਸੇਵਾ ਕਿਸੇ ਦੇ ਕੰਮ ਆਉਣ ਦੀ ਇਛਾ ਹੈ, ਹਉਮੈ ਦੂਜਿਆਂ ਨੂੰ ਆਪਣੇ ਕੰਮ ਵਿਚ ਜੋੜਨ ਦੀ ਇਛਾ ਹੈ । ਸੇਵਾ ਪਰਉਪਕਾਰ ਹੈ, ਹਉਮੈ ਸੁਆਰਥ ਹੈ ।

ਹਉਮੈ ਮਨੁੱਖ ਦੀ ਹੋ ਸਕਦੀ ਹੈ, ਕਿਸੇ ਸਮਾਜ ਦੀ ਹੋ ਸਕਦੀ ਹੈ, ਕਿਸੇ ਕੌਮ ਦੀ ਹੋ ਸਕਦੀ ਹੈ।

(3) ਗੁਰਸ਼ਬਦ ਦਾ ਜੀਵਨ ਗਿਆਨ ਮਈ ਜੀਵਨ ਹੈ, ਹਉਮੈ ਦਾ ਜੀਵਨ ਅੰਧ-ਅੰਧਾਰ ਹੈ । ਕਿਸੇ ਸਮਾਜ ਵਿਚ ਜਾਂ ਰਾਜ ਵਿਚ ਹਰ ਮਨੁੱਖ ਦਾ ਸੁਖ ਦੂਜੇ ਮਨੁੱਖਾਂ ਦੇ ਸੁਖ ਨਾਲ ਸਬੰਧਤ ਹੈ । ਜੇ ਹੋਰ ਮਨੁੱਖ ਦੁਖੀ ਹਨ ਤਦ ਕੁੱਝ ਮਨੁੱਖ ਕਿਵੇਂ ਸੁਖੀ ਰਹਿ ਸਕਦੇ ਹਨ । ਜੇ ਬਹੁਤ ਰੋਗੀ ਹਨ, ਤਦ ਇਕਾ-ਦੁਕਾ ਸੁਖੀ ਨਹੀਂ ਰਹਿ ਸਕਦੇ । ਗੁਰੂ ਦਾ ਗਿਆਨ ਇਹ ਹੈ ਕਿ ਸਾਰਾ ਸਮਾਜ ਜਾਂ ਸੰਗਤ ਹੀ ਸੁਖੀ ਹੋਵੇਗੀ ਤਦ ਹੀ ਇਕ ਦੁਕਾ ਵੀ ਸੁਖੀ ਹੋਵੇਗਾ । ਹਉਮੈ ਨੂੰ ਇਹੋ ਗ਼ਲਤੀ ਲਗਦੀ ਹੈ ਕਿ ਉਹ



Digitized by Panjab Digital Library | www.panjabdigilib.org

ਇਕੱਲਾ ਹੀ ਸੁਖੀ ਰਹਿ ਸਕਦਾ ਹੈ। ਸਿਖੀ ਵਿਚ ਸਰਬੱਤ ਦੇ ਭਲੇ ਦੀ ਜਾਚਨਾ ਹੈ। ਸਰਬਤ ਦੇ ਸੁਖ ਵਿਚ ਹੀ ਹਰ ਕਿਸੇ ਦਾ ਸੁਖ ਹੈ।

ਨਾਮ ਵਾਲਾ ਹਰ ਕਿਸੇ ਦਾ ਸ਼ੁਭ-ਇਛਕ ਹੈ, ਹਉਮੈ ਵਾਲਾ ਆਪਣਾ ਹੀ ਸ਼ੁਭ-ਇਛਕ ਹੈ ਤੇ ਹੋਰ ਕਿਸੇ ਦਾ ਵੀ ਨਹੀਂ। ਇਸ ਤਰ੍ਹਾਂ ਇਹ ਆਪਣਾ ਸੁਖ ਆਪ ਹੀ ਗਵਾ ਲੈਂਦਾ ਹੈ।

(4) ਹਉਮੈ ਹੁਕਮ ਦੀ ਵਿਰੋਧੀ ਹੈ। ਹਉਮੈ ਵਾਲਾ ਇਹ ਨਹੀਂ ਮੰਨ ਸਕਦਾ ਕਿ ਸਭ ਪਾਸਾਰਾ ਪ੍ਰਭੂ ਦੇ ਹੁਕਮ ਜਾਂ ਨਿਜ਼ਾਮ ਵਿਚ ਚਲ ਰਿਹਾ ਹੈ। ਮਨੁੱਖ ਦੀ ਹਰ ਹਰਕਤ ਹੁਕਮ ਵਿੱਚ ਹੈ। ਹਉਮੈ ਨਿਜ਼ਾਮ ਦੀ ਵਿਰੋਧੀ ਹੈ। ਸਾਰੇ ਜੀਵ ਇਕ ਨਿਸ਼ਜ਼ਾਮ ਜਾਂ ਪ੍ਰਬੰਧ ਵਿਚ ਹਨ। ਇਸ ਲਈ ਸਭ ਨੂੰ ਪ੍ਰਭੂ ਦੇ ਨੇਮਾਂ ਦੀ ਪਾਲਨਾ ਕਰਨੀ ਜ਼ਰੂਰੀ ਹੈ। ਜਦੋਂ ਵੀ ਹੁਕਮ ਦੀ ਉਲੰਘਣਾ ਹੋਵੇਗੀ, ਦੁਖ ਪੈਦਾ ਹੋਵੇਗਾ। ਹਉਮੈ ਵਾਲਾ ਇਹ ਨਹੀਂ ਮੰਨਦਾ, ਉਹ ਸਮਝਦਾ ਹੈ ਕਿ ਉਸ ਲਈ ਨਿਜ਼ਾਮ ਵਿਚ ਰਹਿਣਾ ਤੇ ਨੇਮਾ ਦਾ ਪਾਲਣਾ ਜ਼ਰੂਰੀ ਨਹੀਂ ਹੈ। ਹਉਮੈ ਵਾਲਾ ਸਮਝਦਾ ਹੈ ਕਿ ਉਸ ਤੋਂ ਉਪਰ ਕੋਈ ਨਿਜਾਮ ਥਾਪਣ ਵਾਲੀ ਸ਼ਕਤੀ ਨਹੀਂ ਹੈ। ਜਦੋਂ ਹੁਕਮ ਦੀ ਉਲੰਘਣਾ ਹੁੰਦੀ ਹੈ, ਉਸ ਦਾ ਫਲ ਵੀ ਭੁਗਤਣਾ ਪੈਂਦਾ ਹੈ। ਹੁਕਮ ਦੀ ਪਾਲਣਾ ਵਿਚ ਸਦਾ ਸੁਖ ਹੈ। ਹੁਕਮ ਦੀ ਪਾਲਣਾ ਹੀ ਪ੍ਰਭੂ ਮਿਲਾਪ ਹੈ, ਨੇਮ ਪ੍ਰਭੂ ਦਾ ਰੂਪ ਹੈ।

(5) ਜਿਥੇ ਹਉਮੈ ਹੈ ਉਥੇ ਆਵਾਗਮਨ ਹੈ, ਹੋਰ ਹੋਰ ਜਨਮ ਹੈ, ਮੁੜ ਮੁੜ ਮਰਨ ਹੈ। ਹਉਮੈ ਵਿਚ ਕੀਤੇ ਕਰਮ ਐਸੇ ਹੁੰਦੇ ਹਨ ਕਿ ਉਨ੍ਹਾਂ ਦਾ ਫਲ ਭੁਗਤਣ ਲਈ ਫਿਰ ਸਰੀਰ ਧਾਰਨ ਕਰਨਾ ਪੈਂਦਾ ਹੈ। ਹਉਮੈ ਅਪੂਰਣਤਾ ਹੈ, ਹਉਮੈ ਵਿਚ ਮਨੁਖ ਸਚ ਦਾ ਧਾਰਨੀ ਨਹੀਂ ਹੈ ਤੇ ਉਹ ਅਧੂਰਾ ਰਹਿੰਦਾ ਹੈ। ਹਉਮੈ ਵਾਲਾ ਸਚ-ਪ੍ਰਭੂ ਵਿਚ ਲੀਨ ਨਹੀਂ ਹੋ ਸਕਦਾ। ਸਚ ਸੇਵਾ ਹੈ, ਸਚ ਨੇਮ ਦੀ ਪਾਲਣਾ ਹੈ, ਸਚ ਸ਼ੁਭ-ਇਛਾ ਹੈ। ਹਉਮੈ ਵਾਲਾ ਸੇਵਾ ਨਹੀਂ ਕਰ ਸਕਦਾ। ਨੇਮਾਂ ਦੀ ਪਾਲਣਾ ਨਹੀਂ ਕਰ ਸਕਦਾ, ਦੂਜਿਆਂ ਦਾ ਸ਼ੁਭ ਇਛਕ ਨਹੀਂ ਹੋ ਸਕਦਾ। ਸੇਵਾ ਨਾ ਕਰਨਾ, ਹੁਕਮ ਨਾ ਮੰਨਣਾ, ਕਪਟੀ ਹੋਣਾ ਹੀ ਹਉਮੈ ਹੈ। ਸਭ ਲਈ ਸੁਖਾਵਾਂ ਵਤੀਰਾ ਹੀ ਨਾਮ ਵਾਲੇ ਦਾ ਵਤੀਰਾ ਹੈ। ਇਹ ਸਭ ਨਾਲ ਸਾਂਝ ਦਾ ਵਤੀਰਾ ਹੈ।

(6) ਹਉਮੈਂ ਵਿਚ ਮਨ ਬਿਬੇਕੀ ਨਹੀਂ ਹੋ ਸਕਦਾ, ਇਸ ਲਈ ਸੱਚ ਨੂੰ ਨਹੀਂ ਸਮਝ ਸਕਦਾ। ਸੱਚ ਇਹ ਹੈ ਕਿ ਸਭ ਪ੍ਰਭੂ ਦਾ ਰੂਪ ਹਨ।

(7) ਹਉਮੈ ਵਿਚ ਪ੍ਰਭੂ ਦਾ ਪ੍ਰੇਮ ਸੰਭਵ ਨਹੀਂ ਹੈ। ਪ੍ਰਭੂ ਨੂੰ ਪ੍ਰੇਮ ਕਰਨਾ ਹੋਵੇ ਤਾਂ ਉਸ ਦੇ ਜੀਵਾਂ ਨਾਲ ਪ੍ਰੇਮ ਕਰਨਾ ਜ਼ਰੂਰੀ ਹੈ। 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਹੁੰਦਾ ਹੈ।

(8) ਹਉਮੈ ਤੰਗ ਦਿਲੀ, ਤੰਗ-ਨਜ਼ਰੀ ਦਾ ਬੰਧਨ ਹੈ। ਸਭ ਨਾਲ ਪ੍ਰੇਮ ਕਰਨ ਵਾਲਾ ਆਜ਼ਾਦ ਹੈ, ਨਿਰਵੈਰ ਹੈ, ਨਿਰਭਉ ਹੈ। ਹਉਮੈ ਆਪਣੇ ਹਿਤਾਂ ਦੀ ਰਾਖੀ ਹੈ, ਖੁਦਗਰਜ਼ੀ ਦਾ ਜੀਵਨ ਹੈ। ਕੇਵਲ ਜਾਤੀ ਸੁਖ ਦੀ ਲੋਚਾ ਹੈ।



Digitized by Panjab Digital Library | www.panjabdigilib.org

(9) ਹਉਮੈ ਅਗਿਆਨਤਾ ਹੈ, ਨਾਮ ਗਿਆਨ ਹੈ। ਹਉਮੈ ਝੂਠ ਹੈ, ਨਾਮ ਸੱਚ ਦੀ ਪਛਾਣ ਹੈ।

(10) ਨਾਮ ਸੱਚ ਦਾ ਜੀਵਨ ਹੈ, ਹਉਮੈ ਝੂਠੇ ਧੰਦਿਆਂ ਵਿਚ ਲਗਣਾ ਹੈ।

ਹਉਮੈ ਨੂੰ ਗੁਰੂ ਅੰਗਦ ਸਾਹਿਬ ਨੇ 'ਜਾਤਿ' ਕਿਹਾ ਹੈ, ਕੇਵਲ ਆਪਣੇ ਆਪ ਦੀ ਸੋਝੀ, ਆਪਣੇ ਸੁਖ ਦੀ ਇਛਾ। ਸ੍ਰੀ ਗੁਰੂ ਨਾਨਕ ਸਾਹਿਬ ਨੇ ਆਮ ਮਨੁਖ ਦੇ ਸਾਰੇ ਕਰਮ ਹੀ ਨਿਰੇ ਖੁਦਗਰਜ਼ੀ ਵਾਲੇ ਤੇ ਜ਼ਾਤੀ ਮੰਨੇ ਹਨ। ਆਮ ਮਨੁੱਖ ਜੋ ਕੁਝ ਵੀ ਕਰਦਾ ਹੈ, ਹਉਮੈ ਵਸ ਹੋ ਕੇ ਕਰਦਾ ਹੈ, ਨਾਮ ਵਾਲਾ ਗੁਰਮੁਖਿ ਹੀ ਗਿਆਨੀ ਹੋ ਕੇ ਵਿਚਰਦਾ ਹੈ।

ਹਉ ਵਿਚਿ ਆਇਆ ਹਉ ਵਿਚਿ ਗਇਆ।
ਹਉ ਵਿਚਿ ਜੰਮਿਆ ਹਉ ਵਿਚਿ ਮੁਆ।
ਹਉ ਵਿਚਿ ਦਿਤਾ ਹਉ ਵਿਚਿ ਲਇਆ।
ਹਉ ਵਿਚਿ ਖਟਿਆ ਹਉ ਵਿਚਿ ਗਇਆ।
ਹਉ ਵਿਚਿ ਸਚਿਆਰ ਕੂੜਿਆਰੁ।
ਹਉ ਵਿਚਿ ਪਾਪ ਪੁੰਨ ਵੀਚਾਰ।
ਹਉ ਵਿਚਿ ਨਰਕਿ ਸਰਗਿ ਅਵਤਾਰ।
ਹਉ ਵਿਚਿ ਹਸੈ ਹਉ ਵਿਚਿ ਰੋਵੈ।
ਹਉ ਵਿਚਿ ਭਰੀਐ ਹਉ ਵਿਚਿ ਧੋਵੈ।
ਹਉ ਵਿਚਿ ਜਾਤੀ ਜਿਨਸੀ ਖੋਵੈ।
ਹਉ ਵਿਚਿ ਮੂਰਖ ਹਉ ਵਿਚਿ ਸਿਆਣਾ।
ਮੋਖ ਮੁਕਤਿ ਕੀ ਸਾਰ ਨ ਜਾਣਾ।
ਹਉ ਵਿਚਿ ਮਾਇਆ ਹਉ ਵਿਚਿ ਛਾਇਆ।
ਹਉਮੈ ਕਰਿ ਕਰਿ ਜੰਤ ਉਪਾਇਆ।
ਹਉਮੈ ਬੂਝੈ ਤਾ ਦਰੁ ਸੂਝੈ।
ਗਿਆਨ ਵਿਹੂਣਾ ਕਥਿ ਕਥਿ ਲੂਝੈ।
ਨਾਨਕ ਹੁਕਮੀ ਲਿਖੀਐ ਲੇਖ।
ਜੇਹਾ ਵੇਖਹਿ ਤੇਹਾ ਵੇਖ।੧।

(ਵਾਰ ਆਸ, 466)

ਸ੍ਰੀ ਗੁਰੂ ਅਮਰਦਾਸ ਜੀ ਨੇ 'ਜਗਤ ਜਲੰਦਾ' ਦੇਖਿਆ ਹੈ। ਪਰ ਉਨ੍ਹਾਂ ਨੇ ਜਗਤ ਦੇ ਸੜਨ ਜਾਂ ਦੁਖ ਦਾ ਕਾਰਨ ਇਕੋ ਹਉਮੈ ਹੀ ਦਿੱਸਿਆ ਹੈ। ਇਸ ਦੁਖ ਦਾ ਇਲਾਜ ਆਪ ਨੂੰ ਗਿਆਨ,



Digitized by Panjab Digital Library | www.panjabdigilib.org

ਪ੍ਰੇਮ, ਸ਼ਬਦ ਦੀ ਕਮਾਈ ਹੀ ਨਜ਼ਰ ਆਇਆ ਹੈ ।

**ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ।**
**ਪੂਰੈ ਸਤਿਗੁਰਿ ਰਾਖਿ ਲਏ ਆਪਣੈ ਪੰਨੈ ਪਾਇ ।**
**ਇਹ ਜਗੁ ਜਲਤਾ ਨਦਰੀ ਆਇਆ ਗੁਰ ਕੈ ਸਬਦਿ ਸੁਭਾਇ ।**
**ਸਬਦਿ ਰਤੇ ਸੇ ਸੀਤਲ ਭਏ ਨਾਨਕ ਸਚੁ ਕਮਾਇ ।**

(ਸੋਰਠਿ ਮਹਲਾ ੩,643)

ਹਉਮੈ ਹੀ ਭਰਮ ਹੈ, ਦੂਜਾ-ਭਾਉ ਹੈ । ਇਹੋ ਸੰਸਾਰ ਦੇ ਦੁਖ ਦਾ ਕਾਰਨ ਹੈ । ਜੇ ਸਾਰੀ ਮਨੁਖਤਾ ਵਿਚ ਪ੍ਰੇਮ, ਸਾਂਝ ਹੋਵੇ ਤਦ ਕਿਤੇ ਵੀ ਦੁਖ, ਭੁਖ ਨਾ ਹੋਵੇ । ਪਰ ਹਉਮੈ ਕਰਕੇ ਸਾਰੇ ਦੁਖੀ ਹਨ। ਭੁੱਖੇ ਵੀ ਬਹੁਤੇ ਹਨ । ਪ੍ਰੇਮ, ਸੰਗਤ, ਪੰਗਤ ਸੇਵਾ ਮਨੁਖਤਾ ਦੀ ਸਾਂਝ ਦੇ ਨੇਮ ਹਨ ।

ਜਦੋਂ ਹਉਮੈ ਦਾ ਨਾਸ਼ ਹੁੰਦਾ ਹੈ, ਤਦ ਇਹ ਦਸ਼ਾ ਬਣਦੀ ਹੈ ਜਿਸ ਦਾ ਚਿਤਵਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਹੈ ।

**ਬਿਸਰਿ ਗਈ ਸਭ ਤਾਤਿ ਪਰਾਈ ਜਬ ਤੇ ਸਾਧ ਸੰਗਤਿ ਮੋਹਿ ਪਾਈ ।੧।ਰਹਾਉ।**
**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ।੧।**
**ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ।੨।**
**ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ।੩।੮।**

(ਪੰਨਾ 1299)

ਹਉਮੈ ਨਾਸ਼ ਹੋਵੇ ਤਦ ਸੰਸਾਰ ਵਿਚੋਂ ਬਿਗਾਨਾਪਨ ਤੇ ਵੈਰ ਖਤਮ ਹੋ ਜਾਵੇਗਾ , ਸਾਰਾ ਨਿਜ਼ਾਮ ਚੰਗਾ ਲਗੇਗਾ, ਹਰ ਇਕ ਮਨੁਖ ਚੰਗਾ ਲਗੇਗਾ ਕਿਉਂਕਿ ਉਸ ਵਿਚ ਪ੍ਰਭੂ ਦੀ ਜੋਤਿ ਦਿਸੇਗੀ। ਸਤਿਗੁਰੂ ਦਾ ਸੁਨੇਹਾ ਇਹੋ ਸੀ ਕਿ ਪਰਾਈ ਤਾਤ ਮੁਕੇ, ਵੈਰ-ਵਿਰੋਧ ਮੁਕੇ, ਸਰਬਤ ਦਾ ਭਲਾ ਚਿਤ ਆਵੈ ।

ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਹਉਮੈ, ਦੂਜਾ -ਭਾਉ, ਦੁਬਿਧਾ, ਤ੍ਰਿਬਿਧਤਾ ਦਾ ਜ਼ੋਰਦਾਰ ਖੰਡਨ ਕੀਤਾ ਹੈ। ਆਪ ਨੇ ਆਦਰਸ਼ ਸਰਬਤ ਦੇ ਭਲੇ ਦਾ ਦਿੱਤਾ ਹੈ ।

## (4) ਪ੍ਰੇਮ

ਪ੍ਰੇਮ ਜੀਵਨ ਦੀ ਲੋਚਾ ਹੈ । ਪ੍ਰੇਮ ਸੁੰਦਰਤਾ ਨੂੰ ਹੀ ਹੁੰਦਾ ਹੈ । ਸੁੰਦਰਤਾ ਨਿਰਾਲੀ ਚਾਲ ਹੈ ਸੋਹਣੀ ਜੀਵਨ ਜੁਗਤੀ ਹੈ । ਨਾਮੁ ਪ੍ਰਭੂ ਦੀ ਸੁੰਦਰਤਾ ਹੈ। ਗ੍ਰਿਸਤ ਵਿਚ ਉਦਾਸ ਰਹਿਣਾ ਨਿਰਾਲੀ ਚਾਲ ਹੈ। ਇਸ ਮਾਰਗ ਦੀ ਪ੍ਰੇਰਨਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿਤੀ ਸੀ। ਗੁਰੂ ਅਮਰਦਾਸ ਜੀ ਨੇ ਇਸ ਨਿਰਾਲੀ ਚਾਲ ਤੇ ਹੋਰ ਬਲ ਦਿਤਾ ਤੇ ਸਪਸ਼ਟ ਕੀਤਾ ਕਿ ਭਗਤ ਦੀ ਚਾਲ ਹੀ



Digitized by Panjab Digital Library | www.panjabdigilib.org

ਨਿਰਾਲੀ ਹੋ ਸਕਦੀ ਹੈ। ਭਰਪੂਰ ਗ੍ਰਸਤ ਦਾ ਜੀਵਨ ਜੀਦਿਆਂ ਸੰਸਾਰੀ ਨਹੀਂ ਬਣਨਾ। ਭਗਤਾਂ ਤੇ ਸੰਸਾਰੀਆਂ ਦਾ ਕੋਈ ਮੇਲ ਹੀ ਨਹੀਂ ਹੈ, ਉਨ੍ਹਾਂ ਦਾ ਜੋੜ ਨਹੀਂ ਹੈ। ਭਗਤ ਸੰਸਾਰ ਵਿਚ ਰਹਿੰਦਿਆਂ ਨਿਰਾਲੀ ਤੋਰ ਤੁਰਦੇ ਹਨ। ਉਨ੍ਹਾਂ ਦੀ ਜੀਵਨ ਜੁਗਤੀ ਹੋਰ ਹੁੰਦੀ ਹੈ। ਜੀਵਨ ਜੁਗਤੀ ਹੀ ਨਿਰਾਲੀ ਹੁੰਦੀ ਹੈ, ਆਮ ਸੰਸਾਰੀਆਂ ਵਰਗੀ ਨਹੀਂ ਹੁੰਦੀ। ਉਹ ਸੰਸਾਰ ਵਿਚ ਵਿਚਰਦੇ ਹਨ, ਪਰ ਸੰਸਾਰੀ ਨਹੀਂ ਹੁੰਦੇ। ਸੰਸਾਰ ਦੇ ਮੋਹ ਵਿਚ ਨਹੀਂ ਹੁੰਦੇ। ਸ੍ਰੀ ਗੁਰੂ ਅਮਰਦਾਸ ਜੀ ਨੇ ਭੁਗਤਾਂ ਦੀ ਨਿਰਾਲੀ ਚਾਲ ਵਲ ਸੰਕੇਤ ਇਉਂ ਕੀਤਾ ਹੈ —

**ਭਗਤਾ ਕੀ ਚਾਲ ਨਿਰਾਲੀ।**
**ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।**
**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ।**
**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।**
**ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ।**
**ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ। ੧੪।**

(ਅਨੰਦੁ, ਪੰਨਾ 918)

ਖਾਲਸਾ ਵੀ ਨਿਆਰਾ ਹੈ, ਨਿਰਾਲੀ ਚਾਲ ਵਾਲਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਸੰਕਲਪ ਦਾ ਭਗਤ ਖਾਲਸਾ ਬਣਿਆ ਹੋਇਆ ਹੈ। ਇਹ ਰਾਜ-ਜੋਗ ਦਾ ਮਾਰਗ ਹੈ ਜੋ ਬੜਾ ਕਠਨ ਹੈ। ਭਗਤਾਂ ਦੀ ਨਿਰਾਲੀ ਚਾਲ ਧਾਰਨ ਵਾਲਾ ਮਾਰਗ ਬਿਖਮ ਹੈ। ਭਗਤੀ ਸਖਸ਼ੀਅਤ ਦਾ ਇਕ ਸਤਰ ਹੈ, ਨਿਰਾਲਾ ਉੱਚਾ ਸਤਰ। ਇਹ ਭਗਤੀ ਦੀ ਚਾਲ ਕੀ ਹੈ?

(1) ਇਹ ਲਬ ਨੂੰ ਤਜਣ ਦਾ ਰਸਤਾ ਹੈ। ਲਬ ਦਾ ਰਸਤਾ ਭੋਗ ਭੋਗਣ ਦਾ ਰਸਤਾ ਹੈ। ਇਹ ਇੰਦ੍ਰੀਆਂ ਦਾ ਮਾਰਗ ਹੈ। ਇਹ ਮਨ ਦੀ ਭਟਕਣਾ ਦਾ ਮਾਰਗ ਹੈ। ਇਹ ਸੁਆਦਾਂ ਦਾ ਰਸਤਾ ਹੈ, ਦੁਨਿਆਵੀ ਸੁਆਦਾਂ ਤੇ ਰਸਾਂ ਦਾ। ਇਹ ਇੰਦ੍ਰੀ-ਰਸਾਂ ਤੋਂ ਉੱਚਾ ਉਠਣ ਦਾ ਮਾਰਗ ਹੈ। ਖਾਣ,ਪੀਣ, ਪਹਿਨਣ, ਹਢਾਣ, ਸਪਰਸ, ਗੰਧ, ਸ਼ਬਦ, ਕਾਮ, ਰਸ ਤੋਂ ਉਚੇਰੇ ਉਠਣ ਦਾ ਰਸਤਾ ਹੈ। ਸਰੀਰਕ ਰਸਾਂ ਕਸਾਂ ਤੋਂ ਬੇਪਰਵਾਹ ਹੋਣਾ ਲਬ ਦਾ ਤਜਣਾ ਹੈ। ਇਹੋ ਨੌ ਦਰਵਾਜ਼ੇ ਬੰਦ ਕਰਨ ਦਾ ਮਾਰਗ ਹੈ। ਇਹ ਭਗਤੀ ਦਾ ਪਹਿਲਾ ਪੱਖ ਹੈ।

(2) ਭਗਤੀ ਲੋਭ ਦੇ ਤਜਣ ਦਾ ਮਾਰਗ ਹੈ। ਸੰਸਾਰਿਕ ਪਦਾਰਥਾਂ ਦੀ ਭੁਖ ਲੋਭ ਹੈ। ਧਨ, ਪਦਾਰਥ, ਸੰਪਤੀ, ਮਾਇਆ, ਭੂਮੀ ਦੀ ਭੁਖ ਮਿਟੇ ਤਦ ਭਗਤੀ ਦਾ ਮਾਰਗ ਲਭਦਾ ਹੈ। ਐਸ਼ਵਰਜ਼ ਦੀ ਭੁਖ, ਰਾਜ ਭਾਗ ਦਾ ਮੋਹ ਭਗਤੀ ਵਿਚ ਰੁਕਾਵਟ ਹੈ। ਪਰ ਭਗਤ ਦੀ ਨਿਰਾਲੀ ਚਾਲ ਇਹ ਹੈ ਕਿ ਉਹ ਸਾਰੇ ਪਦਾਰਥਾਂ ਨੂੰ ਵਰਤਦਾ ਹੈ, ਪਰ ਇਨ੍ਹਾਂ ਦੇ ਮੋਹ ਵਿਚ ਨਹੀਂ ਹੈ, ਉਸ ਨੂੰ ਇਨ੍ਹਾਂ ਪਦਾਰਥਾਂ ਦੀ ਪਕੜ ਨਹੀਂ ਹੈ। ਭਗਤ ਇਨ੍ਹਾਂ ਪਦਾਰਥਾਂ ਦੀ ਪ੍ਰਾਪਤੀ ਲਈ ਆਪਣੇ



Digitized by Panjab Digital Library | www.panjabdigilib.org

ਨੈਤਿਕ, ਮਾਨਸਿਕ ਤੇ ਆਤਮਿਕ ਅਸੂਲਾਂ ਨੂੰ ਨਹੀਂ ਛੱਡਦਾ। ਭਗਤ ਲੋਭ ਵਸ ਹੋਕੇ ਸਦਾਚਾਰ ਨੂੰ ਨਹੀਂ ਭੁਲਦਾ, ਉਹ ਕੂੜ- ਕਪਟ ਨਾਲ ਧਨ-ਸੰਪਤੀ ਨਹੀਂ ਪੈਦਾ ਕਰਦਾ। ਇਹੋ ਨਿਰਾਲੀ ਚਾਲ ਹੈ।

(3) ਭਗਤ ਦੀ ਨਿਰਾਲੀ ਚਾਲ ਇਹ ਹੈ ਕਿ ਉਹ ਅਹੰਕਾਰ ਦਾ ਤਿਆਗ ਕਰਦਾ ਹੈ। ਜਿਸ ਪਾਸ ਰਾਜ ਹੈ, ਸੰਪਤੀ ਹੈ, ਧਨ-ਪਦਾਰਥ ਹੈ, ਉਸ ਨੂੰ ਹੰਕਾਰ ਹੋਣਾ ਸੁਭਾਵਿਕ ਹੈ। ਰਾਂਜ-ਜੋਗ ਦੇ ਜੀਵਨ ਵਾਲਾ ਭਗਤ ਸਾਰੇ ਐਸ਼ਵਰਜ਼ ਨੂੰ ਮਾਣਦਾ ਹੈ, ਪਰ ਉਸ ਨੂੰ ਰਾਜ ਦਾ ਗੁਮਾਨ ਨਹੀਂ ਹੁੰਦਾ। ਰੂਪ, ਧਨ, ਵਿਦਿਆ, ਸਿਆਣਪ ਦਾ ਭਗਤ ਨੂੰ ਹੰਕਾਰ ਨਹੀਂ ਹੁੰਦਾ, ਭਾਵੇ ਉਹ ਇਨ੍ਹਾਂ ਦਾ ਸੁਆਮੀ ਹੁੰਦਾ ਹੈ।

(4) ਭਗਤ ਨੂੰ ਬੋਲਣ ਦੀ ਬਹੁਤੀ ਤ੍ਰਿਸ਼ਨਾ ਨਹੀਂ ਹੁੰਦੀ। ਇਹ ਨਿਰਾਲੀ ਚਾਲ ਦਾ ਬੜਾ ਮਹਾਨ ਪੱਖ ਹੈ। ਇਸ ਗੁਣ ਦਾ ਭਾਵ ਇਹ ਹੈ ਕਿ ਭਗਤ ਹਉਮੈ-ਹੰਕਾਰ ਵਾਲਾ ਨਹੀਂ ਹੈ ਤੇ ਮੈਂ ਮੇਰੀ ਦੀ ਹੀ ਹਰ ਵੇਲੇ ਗਲ ਨਹੀਂ ਕਰਦਾ। ਬਹੁਤੀਆਂ ਗਲਾਂ ਦਾ ਮੰਤਵ ਆਪਣਾ-ਆਪ ਜਤਾਉਣਾ ਹੈ। ਹਰ ਗਲ ਵਿਚ 'ਮੈਂ ਕਿਹਾ' 'ਮੈਂ ਕੀਤਾ', 'ਮੇਰੀ ਵਸਤ', 'ਮੇਰਾ ਵਿਚਾਰ', ਆਦਿ ਕਹਿਣਾ ਹੀ ਹਉਮੈ ਹੈ। ਆਪਣੇ ਆਪ ਬਿਨਾ ਹੋਰ ਕਿਸੇ ਨੂੰ ਦ੍ਰਿਸ਼ਟੀ ਵਿਚ ਹੀ ਨਾ ਲਿਆਉਣਾ ਹੰਕਾਰ ਹੈ। ਭਗਤ ਮੈਂ—ਮੇਰੀ ਤੋਂ ਉਪਰ ਉਠਦਾ ਹੈ। ਆਪਣਾ-ਆਪ ਦਰਸਾਣ ਦੀ ਰੁਚੀ ਦਾ ਮੁਕਣਾ ਭਗਤੀ ਦਾ ਲਛਣ ਹੈ।

ਇਹ ਹੈ ਭਗਤ ਦੀ ਸ਼ਖਸੀਅਤ ਦਾ ਸਤਰ ਇਹ ਆਪਣਾ ਆਪ ਤਜਣਾ ਹੈ, ਇਹ ਸਰੀਰ ਵਿਚ ਰਹਿੰਦਿਆਂ ਸਰੀਰ ਤੋਂ ਉਚੇਰਾ ਉਠਣਾ ਹੈ, ਸੰਸਾਰ ਵਿਚ ਰਹਿੰਦਿਆਂ ਸੰਸਾਰ ਤੋਂ ਉਚੇਰਾ ਉਠਣਾ ਹੈ, ਧਨ-ਪਦਾਰਥ ਵਿਚ ਰਹਿੰਦਿਆਂ ਭੋਗੀ ਨਹੀਂ ਹੋਣਾ ਹੈ। ਇਹ ਜੀਵਤਿਆ ਮਰਣ ਦਾ ਮਾਰਗ ਹੈ। ਇਹ ਸਰੀਰਕ ਮੌਤ ਨਹੀਂ, ਇੰਦ੍ਰੀਆਂ ਦੇ ਉਲਾਰਪਣ ਦੀ ਮੌਤ ਹੈ, ਲਬ, ਲੋਭ, ਅਹੰਕਾਰ ਦੀ ਮੌਤ ਹੈ।

(5) ਇਹ ਆਪਣਾ -ਆਪ ਤਜਣਾ ਹੈ ਤੇ ਹਰਿ ਵਾਸਨਾ ਵਿਚ ਸਮਾਣਾ ਹੈ। ਆਪਾ-ਭਾਵ ਦਾ ਤਿਆਗ ਹੈ, ਹਉਮੈ ਦਾ ਤਿਆਗ ਹੈ। ਆਪਣੀ ਹੋਂਦ ਨੂੰ ਪ੍ਰਭੂ ਹੋਂਦ ਵਿਚ ਮਿਟਾ ਦੇਣਾ ਹੈ। ਆਪਣੇ ਆਪ ਨੂੰ ਪ੍ਰਭੂ-ਹੁਕਮ ਦਾ ਅਨੁਸਾਰੀ ਕਰਨਾ ਹੈ। ਰਜ਼ਾ ਵਿਚ ਜੀਣਾ ਹੈ। ਇਹ ਆਪਣਾ ਆਪ ਪ੍ਰਭੂ ਨੂੰ ਸਮਰਪਣ ਕਰਨਾ ਹੈ। ਮੈਂ ਕੁੱਛ ਨਹੀਂ ਕਰਦਾ, ਉਹ ਕਰਣ-ਕਾਰਣ ਹੈ, ਇਹ ਮੰਨਣਾ ਹੈ। ਇਹ ਆਪਣਾ ਆਪ ਸੇਵਾ ਵਿਚ ਲਗਾ ਦੇਣਾ ਹੈ। ਆਪਣੇ ਹਿਤਾਂ ਨੂੰ ਕੁਰਬਾਨ ਕਰਨਾ ਹੈ। ਆਪਣੇ ਰਸਾਂ-ਸੁਆਦਾਂ ਨੂੰ ਛੱਡਣਾ ਹੈ। ਸਿਮਰਨ ਵਿਚ ਆਪਣਾ ਆਪ ਲਗਾ ਦੇਣਾ ਹੈ। ਇਹ ਨਵਾਂ ਜੀਵਨ ਹੈ, ਨਵੀਂ ਜੀਵਨ-ਵਿਧੀ ਹੈ।

(6) ਇਹ ਨਿਰਾਲਾ ਪਨ ਪ੍ਰਭੂ ਸੱਤਾ ਨੂੰ ਅੰਦਰ ਪ੍ਰਗਟ ਕਰਨਾ ਹੈ। ਇਹ ਮਾਰਗ ਪ੍ਰਭੂ ਸ਼ਰਧਾ ਦਾ ਹੈ, ਪ੍ਰਭੂ ਦੀ ਯਾਚਨਾ ਦਾ ਹੈ। ਇਹ ਰਾਜ-ਭੋਗ ਕੇਵਲ ਤਦ ਹੀ ਛੱਡੇ ਜਾ ਸਕਦੇ ਹਨ ਜੇ



Digitized by Panjab Digital Library | www.panjabdigilib.org

ਹੋਰ ਉਚੇਰਾ ਕੋਈ ਰਸ ਆ ਜਾਵੇ। ਉਚੇਰਾ ਰਸ ਪ੍ਰਭੂ-ਪ੍ਰੇਮ ਦਾ ਹੈ। ਉਹ ਰਸ ਆ ਜਾਵੇ, ਫੇਰ ਸੰਸਾਰੀ ਰਸ ਫਿਕੇ ਹੋ ਜਾਂਦੇ ਹਨ। ਭਗਤ-ਪਸ਼ੂ-ਵਾਸਨਾਵਾਂ, ਲਬ, ਲੋਭ ਅਹੰਕਾਰ, ਛਡਦਾ ਹੈ ਅਤੇ ਪ੍ਰਭੂ-ਪ੍ਰੇਮ ਦੀ ਉਮੰਗ ਵਿਚ ਜੀਂਦਾ ਹੈ। ਉਹ ਪ੍ਰਭੂ ਬਣਨਾ ਲੋਚਦਾ ਹੈ, ਪ੍ਰਭੂ ਨਾਲ ਇਕਮਿਕ ਹੋਣਾ ਲੋਚਦਾ ਹੈ। ਭਗਤ ਤੇ ਪ੍ਰਭੂ ਇਕਮਿਕ ਹੁੰਦੇ ਹਨ।

ਭਗਤਾਂ ਦੀ ਚਾਲ ਵਾਲਾ ਰਸਤਾ ਬੜਾ ਕਠਨ ਹੈ— ਖੰਡੇ ਦੀ ਧਾਰ ਤੇ ਤੁਰਨਾ ਹੈ, ਵਾਲ ਤੋਂ ਨਿਕਾ ਹੈ। ਪਰ 'ਗੁਰਪਰਸਾਦੀ' ਰਸਤਾ ਮਿਲ ਜਾਂਦਾ ਹੈ, ਇਸ ਤੇ ਤੁਰਨਾ ਵੀ ਸੰਭਵ ਹੋ ਜਾਂਦਾ ਹੈ। ਸ੍ਰੀ ਗੁਰੂ ਅਮਰਦਾਸ ਨੂੰ ਗੁਰੂ ਨੇ ਹੀ ਰਸਤੇ ਪਾਇਆ। ਗੁਰੂ ਕ੍ਰਿਪਾ ਨਾਲ ਭਗਤੀ ਦਾ ਰਸਤਾ ਮਿਲਦਾ ਹੈ ਅਤੇ ਉਸ ਤੇ ਤੁਰਨਾ ਸੰਭਵ ਹੁੰਦਾ ਹੈ। ਗੁਰੂ ਕ੍ਰਿਪਾ ਕਰਕੇ ਨਾਮ ਦਾ ਸਿਮਰਨ ਦਿੰਦਾ ਹੈ। ਨਾਮ ਦਾ ਸਿਮਰਨ ਭਗਤ ਬਣਾ ਦਿੰਦਾ ਹੈ। ਨਾਮ ਦਾ ਸਿਮਰਨ ਇਸ ਪੱਧਰ ਤੇ ਲੈ ਜਾਂਦਾ ਹੈ।

**ਸਲੋਕ ਮ: ੩**

**ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ।**
**ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ।**
**ਵਾਹੁ ਵਾਹੁ ਕਰਤਿਆਂ ਹਰਿ ਸਿਉ ਲਿਵ ਲਾਇ।**
**ਵਾਹੁ ਵਾਹੁ ਕਰਮੀ ਬੋਲੈ ਬੋਲਾਇ।**
**ਵਾਹੁ ਵਾਹੁ ਕਰਤਿਆਂ ਸੋਭਾ ਪਾਇ।**
**ਨਾਨਕ ਵਾਹੁ ਵਾਹੁ ਸਤਿ ਰਜਾਇ ।੧।**

(ਵਾਰ ਗੂਜਰੀ, ਪੰਨਾ 524)

ਸਿਮਰਨ ਵਾਹਿਗੁਰੂ ਦਾ ਜਾਪ ਹੈ। ਸਿਮਰਨ ਨਾਮ ਦਾ ਵਿਸਮਾਦ ਹੈ—ਸਰਗੁਣੀ ਪਾਸਾਰੇ ਨੂੰ ਵਖ ਕੇ ਵਿਸਮਾਦ ਵਿਚ ਰਹਿਣਾ ਹੈ। ਸਿਮਰਨ ਕੁਦਰਤ ਵਿਚ ਕਾਦਰ ਨੂੰ ਪਛਾਨਣਾ ਹੈ। ਕੁਦਰਤ ਤੇ ਕਾਦਰ ਦਾ ਦਰਸ਼ਨ ਸੁਤੇ ਸਿਧ 'ਵਾਹੁ, ਵਾਹੁ' ਦਾ ਵਿਸਮਾਦ ਦਿੰਦਾ ਹੈ। ਪ੍ਰਭੂ ਸੱਤਾ ਦਾ ਅਨੁਭਵ ਹੀ ਜੀਵਨ ਦੀ ਚਾਲ ਨੂੰ ਬਦਲ ਕੇ ਨਿਰਾਲੀ ਕਰ ਦਿੰਦਾ ਹੈ। ਪ੍ਰਭੂ ਦੀ ਸਰਬ ਵਿਆਪਕਤਾ ਦਾ ਅਨਭਵ ਹੀ ਮਨ-ਬਚ-ਕਰਮ ਨੂੰ ਨਿਰਮਲ ਕਰਦਾ ਹੈ, ਭੈ, ਹੁਕਮ, ਰਜ਼ਾ ਵਿਚ ਰਹਿਣ ਦੀ ਜਾਚ ਦਿੰਦਾ ਹੈ।

ਨਾਮ ਦਾ ਜਪ, ਰਟਨ, ਸਿਮਰਨ, ਮਨੁਖੀ ਸ਼ਖਸੀਅਤ ਨੂੰ ਸਵਾਰਦਾ ਹੈ, ਹੌਲੇ ਹੌਲੇ ਉਸ ਨੂੰ ਸੁੰਦਰ, ਮਨਮੋਹਣਾ ਬਣਾ ਦਿੰਦਾ ਹੈ। ਇਹ ਸੁੰਦਰ, ਮਨ ਮੋਹਣੀ ਸਖ਼ਸੀਅਤ ਹੀ ਭਗਤ ਦੀ ਨਿਰਾਲੀ ਚਾਲ ਹੈ। 'ਅਨ ਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ।'



Digitized by Panjab Digital Library | www.panjabdigilib.org

ਸ੍ਰੀ ਗੁਰੂ ਅਮਰਦਾਸ ਜੀ ਦਾ ਸੰਦੇਸ਼ ਇਹ ਹੈ ਕਿ ਸੰਸਾਰ ਦਾ ਭਰਪੂਰ ਜੀਵਨ ਜੀਵੋ ਪਰ ਨਿਰਾਲੀ ਚਾਲ ਰਖਕੇ ਸੰਸਾਰ ਵਿਚ ਰਹਿਣਾ ਹੈ, ਸੰਸਾਰਕਤਾ ਵਿਚ ਡੁਬਣਾ ਨਹੀਂ ਹੈ। ਇਹੋ ਸਹਜ ਦਾ ਜੀਵਨ ਹੈ। ਭਗਤ ਸਹਜਮਈ ਜੀਵਨ ਦਾ ਧਾਰਨੀ ਹੈ।

ਪ੍ਰੇਮ ਹੀ ਜੀਵਨ ਹੈ। ਹਰ ਜੀਵ ਲਈ ਪ੍ਰੇਮ। ਪ੍ਰੇਮ ਈਰਖ, ਸਾੜਾ, ਘ੍ਰਿਣਾ, ਕ੍ਰੋਧ, ਲਬ, ਲੋਭ- ਸਭ ਨੂੰ ਕੱਢ ਦਿੰਦਾ ਹੈ। ਪ੍ਰੇਮ ਵਿਚ ਹਰ ਜੀਵ ਪ੍ਰਭੂ-ਰੂਪ ਜਾਪਦਾ ਹੈ ਜੋ ਕਿ ਉਹ ਹੈ।

## (5) ਅਨੰਦ

ਸ੍ਰੀ ਗੁਰੂ ਅਮਰਦਾਸ ਜੀ ਨੇ ਜੀਵਨ ਦੀ ਸਹੀ ਜਾਚ ਦਾ ਪ੍ਰਮਾਣ ਜੀਵਨ ਵਿਚ ਅਨੰਦ ਪ੍ਰਾਪਤੀ ਮੰਨੀ ਹੈ। ਜਿਥੇ ਜੀਵਨ ਦੀ ਠੀਕ ਜੁਗਤੀ ਆ ਗਈ ਹੈ, ਉਥੇ ਭਰਪੂਰ ਖੁਸ਼ੀ, ਖੇੜਾ, ਆਤਮਿਕ ਪ੍ਰਸੰਨਤਾ ਸੁਤੇ ਸਿਧ ਆਉਣਗੇ। ਆਤਮਿਕ ਪ੍ਰਸੰਨਤਾ ਜਾਂ ਅਨੰਦ ਸਾਧਾਰਨ ਪਦਾਰਥਿਕ ਖੁਸ਼ੀ ਤੋਂ ਬਹੁਤ ਉੱਚੀ ਚੀਜ਼ ਹੈ। ਅਨੰਦ ਸਦਾ ਰਹਿਣ ਵਾਲੀ ਦਸ਼ਾ ਹੈ। ਇਸ ਲਈ ਜੋ ਜੀਵਨ-ਜੁਗਤਿ ਲੋੜੀਂਦੀ ਹੈ, ਉਸ ਦੀ ਸੋਝੀ ਕੇਵਲ ਗੁਰੂ ਹੀ ਦੇ ਸਕਦਾ ਹੈ। ਪ੍ਰਭੂ ਦੀ ਕ੍ਰਿਪਾ ਹੋਵੇ—ਤਦ ਗੁਰੂ ਦੀ ਕ੍ਰਿਪਾ ਹੁੰਦੀ ਹੈ। ਗੁਰੂ ਦੀ ਕ੍ਰਿਪਾ ਹੋਵੇ ਤਦ ਉਹ ਜੀਵਨ ਜੁਗਤੀ ਮਿਲਦੀ ਹੈ ਜਿਸ ਵਿਚੋਂ ਅਨੰਦ ਪ੍ਰਾਪਤੀ ਹੁੰਦੀ ਹੈ। ਗੁਰੂ ਗਿਆਨ ਦਾ ਸੋਮਾ ਹੈ। ਅਨੰਦ ਬ੍ਰਹਮ ਗਿਆਨ ਹੈ। ਸੰਖੇਪ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦ ਦੀ ਜੀਵਨ-ਜੁਗਤੀ ਇਸ ਤਰ੍ਹਾਂ ਦੱਸੀ ਹੈ :—

**ਆਨੰਦ ਆਨੰਦ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ।**
**ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ।**
**ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ।**
**ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ।**
**ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ।੭।**

(ਅਨੰਦੁ, ਪੰਨਾ 917)

ਅਨੰਦ ਦੀ ਲੋਚਾ ਸਰਬਵਿਆਪੀ ਹੈ। ਹਰ ਕੋਈ ਚਾਹੁੰਦਾ ਹੈ ਕਿ ਉਸ ਨੂੰ ਅਨੰਦ ਦੀ ਪ੍ਰਾਪਤੀ ਹੋਵੇ। ਪਰ ਇਹ ਕੇਵਲ ਪ੍ਰਭੂ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

(1) ਅਨੰਦ ਦਾ ਆਧਾਰ 'ਗਿਆਨ ਅੰਜਨ' ਹੈ। ਗਿਆਨ ਪ੍ਰਾਪਤੀ ਨਾਲ ਦ੍ਰਿਸ਼ਟੀ ਬਦਲਦੀ ਹੈ। ਦ੍ਰਿਸ਼ਟੀ ਦੇ ਬਦਲਣ ਨਾਲ ਹਰ ਥਾਂ ਤੇ ਹਰ ਹਿਰਦੇ ਵਿਚ ਪ੍ਰਭੂ ਵਿਆਪਕ ਦਿਸਦਾ ਹੈ ਸਭ ਵਿਚ ਪ੍ਰਭੂ ਦੀ ਜੋਤਿ ਦਿਸ ਪੈਂਦੀ ਹੈ।

(2) ਇਸ ਤਰ੍ਹਾਂ ਦ੍ਰਿਸ਼ਟੀ ਦੇ ਬਦਲਣ ਨਾਲ 'ਕਿਲਵਿਖ' ਕਟੇ ਜਾਂਦੇ ਹਨ। ਕਿਲਵਿਖ ਪਾਪ ਹੈ। ਜਦੋਂ ਹਰ ਹਿਰਦੇ ਵਿਚ ਅਤੇ ਹਰ ਥਾਂ ਪ੍ਰਭੂ ਵਿਆਪਕ ਦਿਸਦਾ ਹੈ, ਤਦ ਪਾਪ ਸੰਭਵ ਹੀ ਨਹੀਂ ਰਹਿੰਦਾ। ਪਾਪ ਕਿਸੇ ਹੋਰ ਦੇ ਵਿਰੁਧ ਹੁੰਦਾ ਹੈ।



Digitized by Panjab Digital Library | www.panjabdigilib.org

(3) ਪਾਪ ਮੋਹ ਦੇ ਵਸ ਹੋਣ ਕਰਕੇ ਸੰਭਵ ਹੈ। ਮੋਹ ਅਗਿਆਨਤਾ ਹੈ। ਮੋਹ ਪਦਾਰਥਾਂ ਸਬੰਧੀਆਂ ਦੀ ਪਕੜ ਹੈ। ਇਸ ਪਕੜ ਦੇ ਵਸ ਹੋਕੇ ਮਨੁਖ ਪਾਪ ਕਰਦਾ ਹੈ। ਆਪਣੇ ਆਪ ਦਾ ਮੋਹ ਬੜਾ ਪਰਬਲ ਹੈ। ਆਪਣੇ ਸਰੀਰਕ ਸੁਖ ਦੀ ਲੋਚਾ ਹੈ। ਇਸ ਕਰਕੇ ਆਪਣੀ ਖੁਦਗਰਜੀ ਵਿਚ ਮਨੁਖ ਕਈ ਤਰ੍ਹਾਂ ਦੇ ਗਲਤ ਵਤੀਰੇ ਧਾਰਨ ਕਰਦਾ ਹੈ। ਮੋਹ ਦੇ ਉਲਟ ਤਿਆਗ ਹੈ। ਜਿਥੇ ਤਿਆਗ ਦੀ ਬਿਰਤੀ ਹੈ , ਉਥੇ ਅਨੰਦ ਹੋਵੇਗਾ।

(4) ਅਨੰਦ ਦਾ ਆਧਾਰ ਸਵਾਰਿਆ ਹੋਇਆ 'ਸ਼ਬਦ' ਹੈ। 'ਸ਼ਬਦ ਹੈ ਜੀਵਨ-ਜਾਚ, 'ਘੜੀਐ ਸਬਦੁ ਸਚੀ ਟਕਸਾਲ'। ਜਿਥੇ ਜਤੁ, ਧੀਰਜੁ, ਮਤਿ, ਗਿਆਨ, ਆਦਿ ਗੁਣ ਆ ਜਾਂਦੇ ਹਨ, ਉਥੇ ਜੀਵਨ—ਜੁਗਤੀ ਬਦਲ ਜਾਂਦੀ ਹੈ। ਸ੍ਰੇਸ਼ਟ ਜੁਗਤੀ ਹੀ ਸ੍ਰੇਸ਼ਟ ਸ਼ਖਸੀਅਤ ਹੈ।

ਅਨੰਦ ਦੀ ਦਸ਼ਾ ਪ੍ਰਭੂ ਮਿਲਾਪ ਦੀ ਦਸ਼ਾ ਹੈ। ਇਹ ਪਵਿਤਰ ਪਾਵਨ ਮਨ ਦੀ ਹਾਲਤ ਹੈ।

**ਅਨੰਦੁ ਸੁਣਹੁ ਵਡਭਾਗੀ ਹੋ ਸਗਲ ਮਨੋਰਥ ਪੂਰੇ।**
**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ।**
**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।**
**ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ।**
**ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ।**
**ਬਿਨਵੰਤਿ ਨਾਨਕ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ੪੦।੧।**

(ਅਨੰਦੁ, ਪੰਨਾ 922)

(1) ਅਨੰਦ ਦੀ ਪ੍ਰਾਪਤੀ ਪਾਰਬ੍ਰਹਮ ਦੀ ਪ੍ਰਾਪਤੀ ਹੈ। ਅਨੰਦ ਦੀ ਪ੍ਰਾਪਤੀ ਪ੍ਰਭੂ ਨਾਲ ਇਕਮਿਕ ਹੋਣਾ ਹੈ।

(2) ਪ੍ਰਭੂ ਪ੍ਰਾਪਤੀ ਨਾਲ ਦੁਖ, ਰੋਗ, ਸੰਤਾਪ, ਵਿਸੂਰੇ ਨਾਸ਼ ਹੁੰਦੇ ਹਨ। ਸਾਰੇ ਝੋਰੇ ਮੁਕਦੇ ਹਨ, ਦੁਖ-ਕਲੇਸ਼ ਕਟੇ ਜਾਂਦੇ ਹਨ।

(3) ਅਨੰਦ ਵਾਲਾ ਹੋਰ ਸਭ ਨੂੰ ਅਨੰਦ ਦੇਣ ਦੇ ਸਮਰਥ ਹੁੰਦਾ ਹੈ। ਗੁਰੂ ਅਨੰਦ ਵਾਲਾ ਹੈ, ਉਸ ਦੀ ਬਾਣੀ ਵਿਚੋਂ ਸੰਤ ਸਾਜਨ ਨੂੰ ਅਨੰਦ ਮਿਲਦਾ ਹੈ। ਬਾਣੀ ਅਨੰਦ ਪ੍ਰਾਪਤੀ ਦੀ ਜੀਵਨ-ਜੁਗਤੀ ਦਿੰਦੀ ਹੈ। ਇਹ ਨਾਮ ਸਿਮਰਨ ਹੈ। ਨਾਮ ਸਿਮਰਨ ਨਾਲ ਉਹ ਸ੍ਰੇਸ਼ਟ ਜੁਗਤੀ ਸੁਤੇ ਸਿਧ ਮਿਲ ਜਾਂਦੀ ਹੈ।



Digitized by Panjab Digital Library | www.panjabdigilib.org

(4) ਉਹ ਪਵਿਤਰ ਪਾਵਨ ਜੁਗਤੀ ਹੈ। ਨਾਮ ਮਿਲੇ ਤਦ ਪਵਿਤਰ ਰਹਿਣ ਦਾ ਤਰੀਕਾ ਮਿਲ ਜਾਂਦਾ ਹੈ। ਜੀਵਨ ਵਤੀਰਾ, ਰਹਿਣੀ ਪਵਿਤਰ ਹੋਵੇ ਤਦ ਅਨੰਦ ਮਿਲਦਾ ਹੈ।

(5) ਅਨੰਦ ਦੀ ਦਸ਼ਾ ਸੰਗੀਤਮਈ ਦਸ਼ਾ ਹੈ—'ਅਨਹਦ ਤੂਰੈ' ਦੀ ਦਸ਼ਾ ਹੈ। ਸਾਰੀ ਜਿੰਦਗੀ ਨਾਲ ਇਕ ਸੁਰ ਹੋਣ ਵਿਚ ਅਨੰਦ ਹੈ। ਸਾਰੇ ਬ੍ਰਹਮੰਡੀ ਨਿਜ਼ਾਮ ਨਾਲ ਇਕਸੁਰ ਹੋਣ ਵਿਚ ਖੁਸ਼ੀ ਹੈ। ਹੁਕਮ ਹੀ ਬ੍ਰਹਮੰਡੀ ਨਿਜ਼ਾਮ ਹੈ।

ਇਹ ਹੈ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਆਏ ਅਧਿਆਤਮਿਕ ਸਿਧਾਂਤਾਂ ਦੀ ਰੋਜ਼ਾਨਾ ਜੀਵਨ ਦੇ ਸੰਦਰਭ ਵਿਚ ਵਿਆਖਿਆ, ਪੂਰਣਤਾ ਦੇ ਨੇਮ ਬਹੁਤ ਸਾਦਾ ਹਨ।



Digitized by Panjab Digital Library | www.panjabdigilib.org

# ਸ੍ਰੀ ਗੁਰੂ ਅਮਰਦਾਸ ਜੀ ਦੀ ਪੰਜਾਬੀ ਕਵਿਤਾ ਨੂੰ ਦੇਣ

—ਡਾ: ਬਲਬੀਰ ਸਿੰਘ ਦਿਲ

ਪੰਜਾਬੀ ਕਵਿਤਾ ਦੀ ਪਰੰਪਰਾ ਬਹੁਤ ਅਮੀਰ ਅਤੇ ਬਹੁ-ਰੰਗੀ ਹੈ। ਇਸ ਕਾਵਿ-ਪਰੰਪਰਾ ਨੂੰ ਅਮੀਰ ਬਣਾਉਣ ਵਿਚ ਗੀਤ-ਕਾਵਿ, ਨਾਥ-ਪੰਥੀ-ਕਾਵਿ, ਬੀਰ-ਕਾਵਿ, ਸੂਫ਼ੀ-ਕਾਵਿ, ਗੁਰਮਤਿ ਕਾਵਿ, ਕਿੱਸਾ-ਕਾਵਿ, ਪ੍ਰਬੰਧ-ਕਾਵਿ, ਆਧੁਨਿਕ ਮਹਾਂ-ਕਾਵਿ ਅਤੇ ਖੰਡ-ਕਾਵਿ, ਆਦਿਕ ਸਭ ਪਰਕਾਰ ਦੀ ਕਵਿਤਾ ਨੇ ਸਮੇਂ ਸਮੇਂ ਆਦਰ-ਯੋਗ ਹਿੱਸਾ ਪਾਇਆ ਹੈ।

ਜਿੱਥੋਂ ਤਕ ਗੁਰਮਤਿ-ਕਾਵਿ ਦਾ ਸਬੰਧ ਹੈ, ਇਸਦਾ ਮੁੱਢ ਗੁਰੂ ਨਾਨਕ ਦੇਵ ਦੀ ਬਾਣੀ ਦੁਆਰਾ ਪੰਦਰ੍ਹਵੀਂ ਸਦੀ ਈਸਵੀ ਦੇ ਅੰਤਲੇ ਦਹਾਕਿਆਂ ਵਿਚ ਬੱਝਾ ਅਤੇ ਗੁਰੂ ਨਾਨਕ ਦੇਵ ਤੋਂ ਪਿੱਛੋਂ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿਘ ਦੀ ਬਾਣੀ ਦੁਆਰਾ ਸਤਾਰ੍ਹਵੀਂ ਸਦੀ ਦੇ ਅਖ਼ੀਰ ਤਕ ਗੁਰਮਿਤ-ਕਾਵਿ ਦੀ ਲਹਿਰ ਫੈਲਦੀ ਹੋਈ ਇਕ ਵਿਸ਼ਾਲ ਅਤੇ ਡੂੰਘੇ ਸਾਗਰ ਦਾ ਰੂਪ ਧਾਰਨ ਕਰ ਗਈ। ਬੇਸ਼ਕ ਗੀਤ-ਕਾਵਿ, ਸੂਫ਼ੀ-ਕਾਵਿ, ਕਿੱਸਾ-ਕਾਵਿ, ਆਦਿਕ ਨਾਲ ਸਬੰਧਤ ਕਈ ਰਚਨਾਵਾਂ ਵੀ ਸਦੀਆਂ ਤੋਂ ਪੰਜਾਬੀ ਕਵਿਤਾ ਦੇ ਰਸੀਆਂ ਨੂੰ ਅਨੰਦਿਤ ਕਰਦੀਆਂ ਆ ਰਹੀਆਂ ਹਨ, ਪਰ ਮਨੁੱਖੀ ਜੀਵਨ ਦੇ ਬੁਨਿਆਦੀ ਸੁਆਲਾਂ ਦਾ ਸਦੀਵੀ ਹੱਲ ਢੂੰਡਣ ਲਈ, ਦੁੱਖਾਂ ਤੇ ਮੁਸੀਬਤਾਂ ਨਾਲ ਸੰਘਰਸ਼ ਸਮੇਂ ਅਡੋਲ ਬਿਰਤੀ ਧਾਰਨ ਲਈ ਅਤੇ ਸੰਸਾਰਕ ਪਦਾਰਥਾਂ ਦੇ ਛਿੰਨ-ਭੰਗਰੇ ਸੁੱਖਾਂ ਦੇ ਵਲ-ਛਲ ਤੋਂ ਬਚ ਕੇ ਸਦੀਵੀ-ਸੁਖ ਦੀ ਪ੍ਰਾਪਤੀ ਲਈ, ਪਿਛਲੇ ਪੰਜ ਸੌ ਸਾਲਾਂ ਤੋਂ ਨਿਰੰਤਰ ਮਨੁੱਖਤਾ ਨੂੰ ਜਿਤਨੀ ਜ਼ੋਰਦਾਰ, ਨਿੱਗਰ ਅਤੇ ਅਡੋਲ ਅਗਵਾਈ ਗੁਰਮਤਿ-ਕਾਵਿ ਦੁਆਰਾ ਮਿਲਦੀ ਆ ਰਹੀ ਹੈ, ਉਸਦੀ ਮਿਸਾਲ ਸਮੁੱਚੇ ਪੰਜਾਬੀ ਸਾਹਿਤ ਵਿਚ ਨਹੀਂ ਮਿਲਦੀ। ਮਨੁੱਖੀ ਆਦਰਸ਼ਾਂ ਦੀ ਅਗਵਾਈ ਦੇ ਨਾਲ ਨਾਲ ਗੁਰਮਤਿ-ਕਾਵਿ ਨੇ ਵੰਨ-ਸੁਵੰਨੇ ਰਾਗਾਂ, ਕਾਵਿ-ਭੇਦਾਂ, ਭਾਵਾਂ ਅਨੁਕੂਲ ਛੰਦਕ-ਚਾਲਾਂ, ਅਨੂਪਮ ਸ਼ਬਦ-ਘੜਨ-ਕਲਾ, ਅਣਗਿਣਤ ਸ਼ਬਦ-ਜੁੱਟਾਂ, ਸਮਾਸਾਂ ਅਤੇ ਵਾਕੰਸ਼ਾਂ, ਨਿਤ ਵਰਤੋਂ ਦੇ ਮੁਹਾਵਰਿਆਂ ਅਤੇ ਅਖਾਣਾਂ, ਕਿਤੇ ਮਜ਼ਮੂਨ ਦੀ ਮੁਕੰਮਲ ਉਸਾਰੀ, ਕਿਤੇ ਕਲਪਨਾ ਦੀ ਰਮਜ਼-ਭਰੀ ਉਡਾਰੀ, ਕਿਤੇ ਖ਼ਿਆਲ ਦਾ ਨੁਕਤੇ ਉੱਤੇ ਸਿਮਟਣਾ ਅਤੇ ਕਿਤੇ ਦਿੱਖ-ਅਦਿਖ ਤੋਂ ਪਾਰ ਜਾ ਫੈਲਣਾ, ਅਨੇਕਾਂ ਪ੍ਰਕ੍ਰਿਤਕ ਦ੍ਰਿਸ਼ਾਂ, ਸ਼ਬਦ-ਚਿਤ੍ਰਾਂ ਅਤੇ ਅਲੰਕਾਰਾਂ ਨੂੰ ਕਵਿਤਾ ਦੀ ਆਤਮਾ ਵਿਚ ਹਲੂਲ ਕਰਕੇ ਜਿੱਥੇ ਪੰਜਾਬੀ ਕਵਿਤਾ ਦਾ ਮਾਨ ਸੰਸਾਰ ਸਾਹਿਤ ਵਿਚ ਵਧਾਇਆ ਹੈ, ਉਥੇ ਪੰਜਾਬੀ ਬੋਲੀ ਦੇ ਰੂਪ ਨੂੰ



Digitized by Panjab Digital Library | www.panjabdigilib.org

ਵੀ ਚਮਕਾਇਆ ਅਤੇ ਉਸਦੀ ਸਮਰੱਥਾ ਨੂੰ ਉਚਤਮ ਤੋਂ ਉਚਤਮ ਭਾਵਾਂ ਦੇ ਪ੍ਰਗਟਾਉ ਲਈ ਵਿਕਸਾਇਆ ਹੈ।

ਗੁਰੂ ਅਮਰਦਾਸ ਗੁਰਮਤਿ-ਕਾਵਿ ਦੇ ਸ਼੍ਰੋਮਣੀ ਕਵੀਆਂ ਵਿੱਚੋਂ ਹਨ। ਗੁਰੂ ਨਾਨਕ ਦੇਵ ਤੋਂ ਬਾਅਦ ਉਹ ਗੁਰਮਤਿ-ਸਿਧਾਂਤ ਦੇ ਮੋਢੀ ਵਿਆਖਿਆਕਾਰ ਕਵੀ ਹਨ। ਉਨ੍ਹਾਂ ਦੀ ਕਾਵਿ-ਰਚਨਾ ਦਾ ਆਕਾਰ ਵਿਅਕਤੀਗਤ ਰੂਪ ਵਿਚ ਗੁਰੂ ਅਰਜਨ ਦੇਵ ਅਤੇ ਗੁਰੂ ਨਾਨਕ ਦੇਵ ਤੋਂ ਸਿਵਾ ਆਦਿ-ਗ੍ਰੰਥ ਦੇ ਬਾਕੀ ਸਾਰੇ ਗੁਰੂ ਸਾਹਿਬਾਨ ਅਤੇ ਭਗਤ ਕਵੀਆਂ ਦੀ ਕਾਵਿ-ਰਚਨਾ ਦੇ ਆਕਾਰ ਨਾਲੋਂ ਵਡੇਰਾ ਹੈ। ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਕਰਤਾ ਭਾਈ ਕਾਹਨ ਸਿੰਘ[1] ਅਨੁਸਾਰ ਆਦਿ ਗ੍ਰੰਥ ਵਿਚ ਸਮੁੱਚੀ ਕਾਵਿ-ਰਚਨਾ (ਕਾਵਿ-ਪਦੇ, ਸ਼ਬਦ, ਸ਼ਲੋਕ, ਛੰਤ, ਪਉੜੀਆਂ, ਆਦਿ) ਦੀ ਕੁਲ ਗਿਣਤੀ 5867 ਹੈ, ਜਿਨ੍ਹਾਂ ਵਿੱਚੋਂ 869 ਕਾਵਿ-ਰਚਨਾਵਾਂ ਗੁਰੂ ਅਮਰਦਾਸ[2] ਦੀਆਂ ਹਨ। ਸੋ ਆਕਾਰ ਦੇ ਪੱਖ ਤੋਂ ਆਦਿ-ਗ੍ਰੰਥ ਦੀ ਸਮੁੱਚੀ ਬਾਣੀ ਦਾ ਲਗਭਗ ਸੱਤਵਾਂ ਭਾਗ ਗੁਰੂ ਅਮਰਦਾਸ ਦੀ ਰਚਨਾ ਹੈ।

ਵੇਰਵੇ ਦੇ ਪੱਖ ਤੋਂ ਗੁਰੂ ਅਮਰਦਾਸ ਦੀ ਕਾਵਿ-ਰਚਨਾ ਨਿਮਨ-ਲਿਖਤ ਹੈ :—

| | | | |
|---|---|---|---|
| (ੳ) | ਕਾਵਿ-ਪਦੇ (ਚਉਪਦੇ, ਪੰਚਪਦੇ, ਆਦਿਕ) | | 171 |
| (ਅ) | ਅਸ਼ਟਪਦੇ, ਬਹੁਪਦੇ, ਆਦਿਕ | | 91 |
| (ੲ) | ਛੰਤ | | 20 |
| (ਸ) | ਕਾਫ਼ੀ | | 1 |
| (ਹ) | ਪੱਟੀ | | 1 |
| (ਕ) | ਚਾਰ ਵਾਰਾਂ | | |
| | | ਵਾਰ ਗੁਜਰੀ | 22 ਪਉੜੀਆਂ |
| | | ਵਾਰ ਸੂਹੀ | 20 ਪਉੜੀਆਂ |
| | | ਵਾਰ ਰਾਮਕਲੀ | 21 ਪਉੜੀਆਂ |
| | | ਵਾਰ ਮਾਰੂ | 22 ਪਉੜੀਆਂ |
| (ਖ) | ਅਲਾਹੁਣੀਆਂ | | 4 |
| (ਗ) | ਸਤਵਾਰਾ | | 1 |
| (ਘ) | ਅਨੰਦ ਸਾਹਿਬ (ਪ੍ਰਬੰਧ-ਕਾਵਿ) | | 1 |
| (ਙ) | ਸੋਲਹੇ | | 24 |
| (ਚ) | ਸ਼ਲੋਕ | | 410 |

ਉਪਰੋਕਤ ਕਾਵਿ-ਰਚਨਾ ਮਧ-ਕਾਲੀਨ ਉੱਤਰੀ ਭਾਰਤ ਦੇ ਸਤਾਰ੍ਹਾਂ ਲੋਕ-ਪ੍ਰਿਯ ਰਾਗਾਂ ਵਿਚ ਕੀਤੀ ਗਈ ਹੈ [illegible] ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ : ਸਿਰੀ ਰਾਗ, ਮਾਝ ਰਾਗ, ਗਉੜੀ (ਗੁਆਰੇਰੀ. ਬਰਾਗਣੇ ਅਤੇ ਪੂਰਬੀ), ਆਸਾ ਰਾਗ, ਗੁਜਰੀ ਰਾਗ, ਵਡਹੰਸ ਰਾਗ, ਸੋਰਠ ਰਾਗ, ਧਨਾਸਰੀ ਰਾਗ, ਸੂਹੀ ਰਾਗ, ਬਿਲਾਵਲ ਰਾਗ, ਰਾਮਕਲੀ ਰਾਗ, ਮਾਰੂ ਰਾਗ, ਭੈਰਉ ਰਾਗ, ਬਸੰਤ (ਬਸੰਤ-ਹਿੰਡੋਲ ਥਾਟ ਸਹਿਤ), ਸਾਰੰਗ ਰਾਗ, ਮਲਾਰ ਰਾਗ ਅਤੇ ਪ੍ਰਭਾਤੀ ਰਾਗ। ਵੈਸੇ ਇਹ ਸਤਾਰ੍ਹਾਂ [illegible] ਰਾਗ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਪ੍ਰਯੋਗ ਕੀਤੇ ਗਏ ਉੱਨੀ ਰਾਗਾਂ ਵਿਚ ਸ਼ਾਮਿਲ ਹਨ।

---

1. ਵੇਖੋ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1960 ਐਡੀਸ਼ਨ, ਪੰਨਾ 327
2. ਸਾਡੀ ਖੋਜ ਅਨੁਸਾਰ ਗੁਰੂ ਅਮਰਦਾਸ ਦੀ ਕਾਵਿ-ਰਚਨਾ ਦੀ ਗਿਣਤੀ 873 ਹੈ। (ਵੇਖੋ; ਅਮਰ ਕਵੀ ਗੁਰੂ ਅਮਰਦਾਸ, 1975 ਐਡੀਸ਼ਨ, ਪੰਨਾ 71



Digitized by Panjab Digital Library | www.panjabdigilib.org

## ਗੁਰੂ ਜੀ ਦਾ ਕਾਵਿ-ਆਦਰਸ਼

ਗੁਰੂ ਅਮਰਦਾਸ ਦੀ ਕਵਿਤਾ ਦੇ ਅੰਤ੍ਰੀਵ-ਅਰਥਾਂ ਤਕ ਪਹੁੰਚਣ ਲਈ ਸਭ ਤੋਂ ਪਹਿਲੇ ਉਨਾਂ ਦੇ ਕਾਵਿ-ਆਦਰਸ਼ ਬਾਰੇ ਜਾਣਨਾ ਜ਼ਰੂਰੀ ਹੈ।

ਸਭਿਅਤਾ ਦੇ ਵਿਕਾਸ ਨਾਲ ਜਦੋਂ ਤੋਂ ਰਾਗ, ਨਿਰਤ, ਕਵਿਤਾ, ਚਿਤ੍ਰਕਾਰੀ, ਸ਼ਿਲਪਕਾਰੀ, ਆਦਿਕ ਸੂਖ਼ਮ ਕਲਾਵਾਂ ਦੀ ਰਚਨਾ ਸ਼ੁਰੂ ਹੋਈ ਹੈ, ਦੁਨੀਆਂ ਦੀ ਸਮੁਚੀ ਕਵਿਤਾ ਅਤੇ ਕਲਾ ਸਮੇਂ ਸਮੇਂ ਦੋ ਵੱਖ ਵੱਖ ਮਾਰਗਾਂ ਵਲ ਵਧਦੀ ਵਿਖਾਈ ਦਿੰਦੀ ਹੈ। ਪਹਿਲੇ ਮਾਰਗ ਨੂੰ ਤ੍ਰੈਗੁਣੀ ਮਾਇਆ ਦਾ ਮਾਰਗ ਅਤੇ ਦੂਜੇ ਨੂੰ ਬ੍ਰਹਮ-ਦੇਸ਼ ਦਾ ਮਾਰਗ ਆਖਿਆ ਜਾ ਸਕਦਾ ਹੈ। ਤ੍ਰੈਗੁਣੀ ਮਾਇਆ ਦਾ ਪਾਸਾਰ ਧਰਤ ਆਕਾਸ਼ ਤੋਂ ਅਗੇਰੇ ਸਮੁੱਚੀ ਸ੍ਰਿਸ਼ਟੀ ਤਕ ਫੈਲਿਆ ਹੋਇਆ ਹੈ। ਜੀਵ-ਜੰਤੂ ਹੀ ਨਹੀਂ, ਸਗੋਂ ਸਭਯ ਮਨੁੱਖ ਦੁਆਰਾ ਰਚੀ ਗਈ ਬਹੁਤੀ ਕਵਿਤਾ ਅਤੇ ਕਲਾ ਤ੍ਰੈਗੁਣੀ ਮਾਇਆ ਦੀ ਲਪੇਟ ਵਿਚ ਹੈ। ਮਾਇਆ ਦੇ ਰਾਜਸ, ਤਾਮਸ ਅਤੇ ਸਾਤਵਿਕ ਜਾਲ ਕਦੇ ਮੋਟੇ ਤੇ ਸਥੂਲ ਰੱਸਿਆਂ ਦਾ ਰੂਪ ਧਾਰ ਕੇ ਅਤੇ ਕਦੇ ਸੂਖਮ ਤੋਂ ਸੂਖਮਤਰ ਸੁਨਹਿਰੀ ਤਾਰਾਂ ਵਾਂਗ ਕਵੀਆਂ ਤੇ ਕਲਾਕਾਰਾਂ ਦੀ ਕਲਪਨਾ ਨੂੰ ਜਕੜੀ ਰੱਖਦੇ ਹਨ। ਇਸ ਦੇ ਫਲ-ਸਰੂਪ ਦੁਨੀਆਂ ਦੀਆਂ ਬਹੁਤੀਆਂ ਕਲਾ-ਕਿਰਤਾਂ ਤ੍ਰੈਗੁਣੀ ਮਾਇਆ ਦੇ ਮਾਰਗ ਦੀ ਹੀ ਪੁਸ਼ਟੀ ਕਰਦੀਆਂ ਹਨ। ਪਰ ਕਦੇ ਕਦਾਈਂ ਹਰ ਦੇਸ਼ ਵਿਚ ਕੋਈ ਅਜਿਹਾ ਕਵੀ ਜਾਂ ਕਲਾਕਾਰ ਵੀ ਅਵੱਸ਼ ਜਨਮ ਲੈਂਦਾ ਹੈ, ਜੋ ਤ੍ਰੈਗੁਣੀ ਮਾਇਆ ਦੇ ਸਾਰੇ ਸਥੂਲ ਅਤੇ ਸੂਖਮ ਜਾਲ ਤੋੜ ਕੇ ਤ੍ਰੈਗੁਣੀ ਮਾਇਆ ਦੇ ਰਚਨਹਾਰ ਪਾਰਬ੍ਰਹਮ ਪਰਮੇਸ਼ਰ ਦੇ ਮਾਰਗ ਨੂੰ ਅਪਣਾਉਂਦਾ ਹੈ। ਪੰਦਰ੍ਹਵੀਂ-ਸੋਲ੍ਹਵੀਂ ਸਦੀ ਈਸਵੀ ਵਿਚ ਉੱਤਰੀ-ਭਾਰਤ ਦੀ ਧਰਤੀ ਉਤੇ ਪਰਗਟ ਹੋਣ ਵਾਲੇ ਕਬੀਰ, ਗੁਰੂ ਨਾਨਕ ਦੇਵ ਅਤੇ ਗੁਰੂ ਅਮਰਦਾਸ ਵਰਗੇ ਸੰਤ-ਕਵੀਆਂ ਦਾ ਕਾਵਿ-ਆਦਰਸ਼ ਇਸੇ ਬ੍ਰਹਮ ਮਾਰਗ ਦੀ ਪ੍ਰੇਰਨਾ ਕਰਦਾ ਹੈ।

ਆਦਿ-ਗ੍ਰੰਥ ਦੀ ਸਮੁੱਚੀ ਬਾਣੀ ਵਾਂਗ ਗੁਰੂ ਅਮਰਦਾਸ ਦੀ ਬਾਣੀ ਵੀ, ਜਿਵੇਂ ਸੰਕੇਤ ਕੀਤਾ ਜਾ ਚੁੱਕਾ ਹੈ, ਵੱਖ ਵੱਖ ਰਾਗਾਂ ਵਿਚ ਹੈ। ਜੇਕਰ ਰਾਗ ਤੋਂ ਗੱਲ ਸ਼ੁਰੂ ਕਰੀਏ, ਤਾਂ ਗੁਰੂ ਅਮਰਦਾਸ ਕੇਵਲ ਉਸੇ ਰਾਗ ਨੂੰ ਸ੍ਰੇਸ਼ਟ ਮੰਨਦੇ ਹਨ, ਜੋ ਸ੍ਰਿਸ਼ਟੀ ਦੇ ਮਾਲਕ (ਸੱਚੇ ਖ਼ਸਮ) ਨਾਲ ਮਨੁੱਖਤਾ ਦਾ ਪਿਆਰ ਵਧਾਵੇ। ਗੁਰੂ ਅਮਰਦਾਸ ਦੀ ਬਾਣੀ ਅਨੁਸਾਰ ਸਿਰੀ ਰਾਗ ਹੋਵੇ ਜਾਂ ਗਉੜੀ, ਗੂਜਰੀ ਰਾਗ ਹੋਵੇ ਜਾਂ ਵਡਹੰਸ, ਧਨਾਸਰੀ ਰਾਗ ਹੋਵੇ ਜਾਂ ਸੂਹੀ, ਬਿਲਾਵਲ ਰਾਗ ਹੋਵੇ ਜਾਂ ਰਾਮ ਕਲੀ, ਬਸੰਤ ਜਾਂ ਮਲਾਰ, ਹਰ ਇਕ ਰਾਗ ਦੀ ਵਡਿਆਈ ਇਸੇ ਵਿਚ ਹੈ ਕਿ ਉਸ ਦੁਆਰਾ ਮਨੁੱਖੀ ਮਨਾਂ ਦੇ ਅੰਦਰ ਸੱਚ-ਰੂਪੀ ਪ੍ਰਭੂ ਦਾ ਪਿਆਰ, ਉਸ ਦੇ ਨਾਮ ਦਾ ਨਿਵਾਸ, ਸੱਚ ਦਾ ਸੰਗ੍ਰਹਿ, ਗੁਰਸ਼ਬਦ ਦੁਆਰਾ ਰੱਬੀ ਹੁਕਮ ਅਤੇ ਰੱਬੀ ਭਾਣੇ ਅਨੁਸਾਰ ਜੀਵਨ ਜਿਊਣ ਦੀ ਜਾਚ ਅਤੇ ਸਹਜ ਵਰਗੀ ਉਚਤਮ ਗਿਆਨ ਅਤੇ ਆਨੰਦ ਵਾਲੀ ਆਤਮਕ ਅਵਸਥਾ ਜਾਗ ਉਠੇ। ਰਾਗਾਂ ਨਾਲ ਸਬੰਧਤ ਭਾਵਾਂ ਅਤੇ



Digitized by Panjab Digital Library | www.panjabdigilib.org

ਰਸਾਂ ਬਾਰੇ ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਕੁਝ ਤੁਕਾਂ ਹਾਜ਼ਰ ਹਨ, ਤਾਂਜੋ ਗੁਰੂ ਜੀ ਦੇ ਕਾਵਿ-ਆਦਰਸ਼ ਬਾਰੇ ਸਾਡੇ ਕਥਨ ਦੀ ਪੁਸ਼ਟੀ ਹੋ ਜਾਵੇ :—

(ੳ) **ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ।**
**ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ।** (ਵਾਰ ਸ੍ਰੀ ਰਾਗ ਮ:੪ ਸਲੋਕ ਮ:੩)[3]

(ਅ) **ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ।**
**ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ।** (ਵਾਰ ਗਉੜੀ ਮ:੪ ਸਲੋਕ ਮ:੩)[4]

(ੲ) **ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿਧਾਰਿ ।**
**ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ।** (ਵਾਰ ਵਡਹੰਸ ਮ:੪ ਸਲੋਕ ਮ:੬)[5]

(ਸ) **ਸਦਾ ਬਿਲਾਵਲੁ ਅਨੰਦੁ ਹੈ ਜੇ ਚਲਹਿ ਸਤਿਗੁਰ ਭਾਇ ।**

(ਵਾਰ ਬਿਲਾਵਲ ਮ:੪ ਸਲੋਕ ਮ:੩)[6]

(ਹ) **ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ।**
**ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ।**

(ਵਾਰ ਬਿਲਾਵਲ ਮ: ੪ ਸਲੋਕ ਮ: ੩)[7]

ਗੁਰੂ ਅਮਰਦਾਸ ਦੀ ਬਾਣੀ ਵਿਚ ਕਈ ਹੋਰ ਰਾਗਾਂ ਬਾਰੇ ਵੀ ਇਹੋ ਜਿਹੇ ਆਦਰਸ਼ਕ ਵਿਚਾਰ ਮਿਲਦੇ ਹਨ । ਇੱਥੋਂ ਤਕ ਕਿ ਬੇਸ਼ਕ ਕੇਦਾਰਾ ਰਾਗ ਵਿਚ ਗੁਰੂ ਅਮਰਦਾਸ ਨੇ ਕੋਈ ਵੀ ਕਾਵਿ-ਰਚਨਾ ਨਹੀਂ ਕੀਤੀ, ਫੇਰ ਵੀ ਉਸ ਰਾਗ ਬਾਰੇ ਚੇਤਾਵਨੀ ਦਿੰਦੇ ਹੋਇਆਂ ਉਨ੍ਹਾਂ ਫ਼ਰਮਾਇਆ ਹੈ ਕਿ ਕੇਦਾਰਾ ਰਾਗ ਵੀ ਰਾਗ-ਮਾਲਾ ਦਾ ਸ਼ਿੰਗਾਰ ਬਣ ਸਕਦਾ ਹੈ , ਜੇਕਰ ਉਸ ਦੁਆਰਾ ਗੁਰਸ਼ਬਦ, ਸਤਿ-ਸੰਗਤ ਅਤੇ ਸੱਚੇ-ਪ੍ਰਭੂ ਨਾਲ ਪਿਆਰ ਜਾਗੇ :—

**ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰ ਪਿਆਰੁ ।**
**ਸਤ ਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ।**

(ਮਾਰੂ ਕੀ ਵਾਰ ਮ: ੩)[8]

ਇੱਥੇ ਇਹ ਸੰਕੇਤ ਕਰਨਾ ਜ਼ਰੂਰੀ ਜਾਪਦਾ ਹੈ ਕਿ ਗੁਰੂ ਅਮਰਦਾਸ ਨੂੰ ਮਧਕਾਲੀਨ ਭਾਰਤ

---

3. ਆਦਿ, ਗ੍ਰੰਥ ਪੰਨਾ 83
4. ਆਦਿ ਗ੍ਰੰਥ, ਪੰਨਾ 247
5. ਆਦਿ ਗ੍ਰੰਥ, ਪੰਨਾ 516
6. ਆਦਿ ਗ੍ਰੰਥ, ਪੰਨਾ 849
7. ਹੋਰ ਹਵਾਲਿਆਂ ਲਈ ਵੇਖੋ : ਅਮਰ ਕਵੀ ਗੁਰੂ ਅਮਰਦਾਸ, ਪੰਨੇ 74 ਤੋਂ 76
8. ਆਦਿ ਗ੍ਰੰਥ, ਪੰਨਾ 1087



Digitized by Panjab Digital Library | www.panjabdigilib.org

ਦੇ ਅਨੇਕਾ ਸੰਗੀਤਕਾਰਾਂ ਦੇ ਵਿਲਾਸਮਈ ਜੀਵਨ ਤੋਂ ਇਲਾਵਾ ਉਨ੍ਹਾਂ ਸੰਗੀਤ-ਗ੍ਰੰਥਾਂ[9] ਬਾਰੇ ਵੀ ਜਾਣਕਾਰੀ ਸੀ, ਜਿਨ੍ਹਾਂ ਦੇ ਰਚਨਹਾਰਿਆਂ ਨੇ ਵੱਖ ਵੱਖ ਰਾਗਾਂ ਅਤੇ ਰਾਗਨੀਆਂ ਦੇ ਲੱਛਣ ਦਰਸਾਉਣ ਸਮੇਂ ਉਨ੍ਹਾਂ ਦਾ ਸਬੰਧ ਪਰਮਾਤਮਾ ਨਾਲ ਜੋੜਨ ਦੀ ਥਾਂ ਸੁੰਦਰ ਯੁਵਤੀਆਂ ਦੇ ਹਾਰ ਸ਼ਿਗਾਰ ਅਤੇ ਕਾਮ-ਉਤੇਜਤ ਹਾਵਾਂ-ਭਾਵਾਂ ਦੁਆਰਾ ਕੁਝ ਇਹੋ ਜਿਹੇ ਰੋਮਾਂਟਿਕ ਵਾਯੂ-ਮੰਡਲ ਨਾਲ ਦਰਸਾਇਆ ਹੈ, ਜੋ ਮਨੁੱਖੀ ਮਨ ਨੂੰ ਕੇਂਦ੍ਰਿਤ ਕਰਨ ਦੀ ਥਾਂ ਵ੍ਰਿਕੇਂਦ੍ਰਿਤ ਕਰਦਾ ਹੈ। ਕਿਉਂਕਿ ਗੁਰੂ ਅਮਰਦਾਸ ਇਕ ਮਹਾਨ ਕਵੀ ਹੋਣ ਦੇ ਨਾਲ ਨਾਲ ਗੁਰਮਤਿ-ਸਿਧਾਂਤ ਦੀ ਵਿਆਖਿਆ ਕਰਨ ਵਾਲੇ ਸਿੱਖ-ਧਰਮ ਦੇ ਗੁਰੂ ਵੀ ਹਨ, ਇਸ ਲਈ ਉਨ੍ਹਾਂ ਸਿੱਖ-ਧਰਮ ਦੇ ਅਨੁਯਾਈਆਂ ਲਈ, ਵਿਸ਼ੇਸ਼ ਕਰਕੇ ਅਤੇ ਬਾਕੀ ਧਰਮਾਂ ਅਤੇ ਵਿਚਾਰਾਂ ਦੇ ਲੋਕਾਂ ਲਈ ਵੀ ਜਾਣੋ ਰਾਗ ਦੇ ਉਦੇਸ਼ ਬਾਰੇ ਚਾਨਣੀ-ਲਕੀਰ ਖਿੱਚ ਦਿੱਤੀ ਹੈ, ਤਾਂਜੋ ਜੱਸ, ਧਨ, ਕਾਮ, ਆਦਿਕ ਦੀ ਲੋਚਾ ਰੱਖਣ ਵਾਲੇ ਕਲਾਕਾਰਾਂ ਦੇ ਡੋਲਦੇ ਮੰਨਾਂ ਨੂੰ ਟਿਕਾਉ ਲਈ ਕੋਈ ਸੇਧ ਮਿਲ ਸਕੇ।

ਰਾਗ ਨਾਲ ਨਿਰਤ-ਕਲਾ ਦਾ ਵੀ ਸਬੰਧ ਹੈ ਅਤੇ ਕਵਿਤਾ ਦਾ ਵੀ। ਨਿਰਤ-ਕਲਾ ਜਾਂ ਨਾਚ ਦਾ ਉਦੇਸ਼ ਵੀ ਭਗਵਾਨ (ਸ਼ਿਵ) ਦੇ "ਧਿਆਨ ਵਿੱਚ ਆਪਣੇ ਮਨ ਨੂੰ ਨਚਾਉਣਾ ਹੈ। ਕਿਉਂਕਿ ਮਧਕਾਲੀਨ ਨਿਰਤਕਾਰਾਂ ਵਿੱਚੋਂ ਬਹੁਤਿਆਂ ਦਾ ਰੁਖ ਰਾਜ-ਦਰਬਾਰਾਂ ਦੀਆਂ ਰੰਗ-ਮਹਿਫਲਾਂ ਵਲ ਸੀ, ਜਿੱਥੇ ਰਜਵਾੜਿਆਂ ਜਾਂ ਜਾਗੀਰਦਾਰਾਂ ਦਾ ਦਿਲ-ਪਰਚਾਵਾ ਕਰਨ ਤੋਂ ਉਚੇਰਾ ਉਨ੍ਹਾਂ ਦਾ ਕੋਈ ਆਦਰਸ਼ ਨਹੀਂ ਸੀ ਹੁੰਦਾ, ਇਸ ਲਈ ਗੁਰੂ ਅਮਰਦਾਸ ਨੇ ਨਿਰਤ-ਕਲਾ ਦੇ ਉਦੇਸ਼ ਬਾਰੇ ਵੀ ਪਥਰ-ਲਕੀਰ ਪਾ ਦਿੱਤੀ। ਗੁਰੂ ਜੀ ਦੇ ਸਮਕਾਲੀ ਭਾਰਤ ਵਿਚ ਰਾਜ-ਦਰਬਾਰਾਂ ਦੀਆਂ ਰੰਗ-ਮਹਿਫਲਾਂ ਵਿਚ ਹੀ ਨਿਰਤ-ਕਲਾ ਨੂੰ ਮਾਇਆਂ ਦੀ ਦਾਸੀ ਨਹੀਂ ਸੀ ਬਣਾਇਆ ਜਾ ਰਿਹਾ, ਸਗੋਂ ਵਖ ਵੱਖ ਮੰਦਰਾਂ ਵਿਚ ਅਤੇ ਕਈ ਵੱਡੇ ਨਗਰਾਂ ਵਿਚ ਤਿਉਹਾਰਾਂ ਮੇਲਿਆਂ ਸਮੇਂ ਵੀ ਰਾਸਧਾਰੀਏ ਸਿਰ-ਪੈਰ ਹਿਲਾਉਂਦੇ ਹੋਏ ਆਪਣੀ ਉਦਰ ਪੂਰਨਾ ਲਈ ਵਿਖਾਵੇ ਦਾ ਨਾਚ ਨੱਚਦੇ ਰਹਿੰਦੇ ਸਨ। ਗੁਰੂ ਨਾਨਕ ਦੇਵ[10] ਨੇ ਵੀ ਆਸਾ ਦੀ ਵਾਰ ਵਿਚ ਅਜਿਹੇ ਵਿਖਾਵਾਕਾਰਾਂ ਦੇ ਨਾਚ ਨੂੰ 'ਰੋਟੀਆਂ ਕਾਰਣ ਪੂਰਹਿ ਤਾਲ" ਤੋਂ ਵੱਧ ਦਰਜਾ ਨਹੀਂ ਦਿੱਤਾ। ਪਰ ਗੁਰੂ ਅਮਰਦਾਸ ਨੇ ਜਿੱਥੇ ਵਿਖਾਵਾਕਾਰੀ ਨਿਰਤਕਾਰਾਂ ਨੂੰ ਵਿਖਾਵੇ ਦੇ ਨਾਚ ਵਿਰੁਧ ਤਾੜਨਾ ਕੀਤੀ ਹੈ, ਉਥੇ ਨਾਲ ਹੀ ਆਦਰਸ਼-ਨਾਚ ਦੀ ਜੁਗਤੀ ਵੀ ਦੱਸ ਦਿਤੀ ਹੈ। ਗੁਰੂ ਅਮਰਦਾਸ ਦੀ ਬਾਣੀ ਅਨੁਸਾਰ ਸੱਚਾ ਨਿਰਤਕਾਰ ਗੁਰੂ ਦੇ ਹੁਕਮ ਅਨੁਸਾਰ ਨੱਚਣ ਸਮੇਂ ਕੇਵਲ ਆਪਣੇ ਸਿਰ-ਪੈਰ ਹੀ ਨਹੀਂ, ਹਿਲਾਉਂਦਾ ਸਗੋਂ ਉਹਦਾ

9. ਐਲਾਂ ਡੈਨੀਏਲੂ ਦੀ ਅੰਗਰੇਜ਼ੀ ਪਸਤਕ "ਨਾਰਦਰਨ ਇੰਡਿਅਨ ਮਿਊਜ਼ਿਕ" (ਜਿਲਦ ਦੂਜੀ) ਲੰਡਨ ਐਡੀਸ਼ਨ, 1954 ਈ: ਵਿਚ ਪੰਨਾ 107, 86, 37, 133, 76, 225, 231, 97, 236, 197, 128 ਅਤੇ 225 ਉਤੇ ਵੇਖੋ ਰਾਗ-ਸਾਗਰ, ਸੰਗੀਤ-ਦਰਪਨ, ਰਾਗ ਰਤਨਾਕਰ, ਆਦਿਕ ਸੰਗੀਤ-ਗ੍ਰੰਥਾਂ ਬਾਰੇ ਵਿਚਾਰ।
10. ਆਦਿ ਗ੍ਰੰਥ...ਪੰਨਾ 465



Digitized by Panjab Digital Library | www.panjabdigilib.org

ਮੰਨ ਵੀ ਨਾਲ ਨੱਚਦਾ ਹੈ। ਸ਼ਕਤੀ ਜਾਂ ਮਾਇਆ ਦੇ ਪ੍ਰਭਾਵ ਹੇਠ ਨੱਚਣ ਵਾਲਾ ਨਿਰਤਕਾਰ ਆਤਮਕ ਬੇਹੋਸ਼ੀ ਵਿਚ ਰਹਿਣ ਕਰਕੇ ਨਿਰਤਕਲਾ ਦੇ ਮਹਾਨ ਮਨੋਰਥ-(ਮੁਕਤੀ) ਤੋਂ ਵਾਂਝਾ ਰਹਿ ਜਾਂਦਾ ਹੈ। ਉਸਦੇ ਉਲਟ ਸ਼ਿਵ ਅਥਵਾ ਭਗਵਾਨ ਦੇ ਧਿਆਨ ਵਿਚ ਨੱਚਣ ਵਾਲਾ ਨਿਰਤਕਾਰ-ਸਦਾ ਆਤਮਕ ਗਿਆਨ ਦੇ ਘਰ ਵਿਚ ਹੁੰਦਾ ਹੈ। ਇਸ ਲਈ ਉਹ ਆਚਰਨਹੀਣ ਰਾਜਿਆਂ ਦੇ ਦਰਬਾਰਾਂ ਵਿਚ ਨੱਚਣ ਦੀ ਬਜਾਏ ਸਤਿਗੁਰੂ ਦੇ ਦਰਬਾਰ ਵਿਚ ਸੱਚੇ ਮਨ ਨਾਲ ਨਿਰਤ ਕਰਦਾ ਹੈ ਅਤੇ ਜਨਮ ਮਰਨ ਦੇ ਡਰ ਤੋਂ ਮੁਕਤ ਹੋ ਜਾਂਦਾ ਹੈ। ਗੁਰੂ ਜੀ ਦੇ ਕਥਨ ਅਨੁਸਾਰ ਇਹੋ ਜਿਹਾ ਸੱਚਾ ਨਿਰਤਕਾਰ ਕੋਈ ਵਿਰਲਾ ਹੀ ਹੁੰਦਾ ਹੈ। ਗੁਰੂ ਜੀ ਦੀ ਬਾਣੀ ਹੈ :—

(ੳ) ਨਾਚੁ ਰੇ ਮਨ ਗੁਰ ਕੈ ਆਗੈ ।
ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ ਅੰਤੇ ਜਮ ਭਉ ਭਾਗੈ ।
(ਅ) ਅਨਦਿਨੁ ਨਾਚੈ ਸਕਤਿ ਨਿਵਾਰੈ ਸਿਵਘਰਿ ਨੀਦ ਨ ਹੋਈ ।
ਸਕਤੀਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ ਮਨਮੁਖਿ ਭਗਤਿ ਨ ਹੋਈ ।
(ੲ) ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ ।
(ਗੂਜਰੀ ਮਹਲਾ ੩ ਘਰੁ ੧) 11

ਇੱਥੇ ਇਹ ਸੰਕੇਤ ਕਰਨਾ ਦਿਲਚਸਪੀ ਦਾ ਮੂਜਬ ਹੋਵੇਗਾ ਕਿ ਗੁਰੂ ਅਮਰਦਾਸ ਨੇ ਉਪਰੋਕਤ ਬਹੁ-ਪਦੇ ਰਾਹੀਂ ਸਾਰੀ ਸ੍ਰਿਸ਼ਟੀ ਨੂੰ ਪ੍ਰਭੂ ਦੇ ਪਿਆਰ ਵਿਚ ਨੱਚਦਿਆਂ ਦਰਸਾਇਆ ਹੈ। ਮਧ-ਕਾਲੀਨ ਸੂਫ਼ੀ ਕਵੀ ਅਲੀ ਹੈਦਰ ਅਤੇ ਆਧੁਨਿਕ ਕਵੀ ਮੋਹਨ ਸਿੰਘ ਦੀਆਂ "ਇਸ਼ਕ ਦਾ ਤ੍ਰਿਖੜਾ ਤਾਲ" ਦਰਸਾਉਣ ਵਾਲੀਆਂ ਸਬੰਧਤ ਕੁਝ ਪੰਕਤੀਆਂ ਵਿਚ ਗੁਰੂ ਜੀ ਦੀਆਂ ਨਿਮਨ-ਲਿਖਤ ਤੁਕਾਂ ਦੀ ਗੂੰਜ ਸੁਣਾਈ ਦਿੰਦੀ ਕੁਝ ਪੰਕਤੀਆਂ ਰਚੀਆਂ ਹਨ। ਇਨ੍ਹਾਂ ਪਿਛਲੇਰੇ ਕਵੀਆਂ ਦੇ ਨਾਚ ਵਿਚ ਬੇਸ਼ਕ ਕੁਝ ਸ਼ੋਖੀ ਵਧੇਰੇ ਹੈ, ਪਰ ਗੁਰੂ ਜੀ ਦੁਆਰਾ ਚਿਤ੍ਰਿਤ ਅਨੇਕ -ਅਰਸ਼ੀ-ਨਾਚ ਮੁਲਕਾਂ ਕੌਮਾਂ ਦੀਆਂ ਸਭ ਹੱਦਾਂ ਟੱਪ ਕੇ ਸਾਰੇ ਖੰਡਾਂ ਬ੍ਰਹਿਮੰਡਾਂ ਨੂੰ ਆਪਣੇ ਕਲਾਵੇ ਵਿਚ ਵਲਦਾ ਵਿਖਾਈ ਦਿੰਦਾ ਹੈ :—

ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ ।
ਸਿਧ ਸਾਧਿਕ ਲਿਵ ਲਾਗੀ ਨਾਚੇ ਜਿਨ ਗੁਰਮੁਖਿ ਬੁਧਿ ਵੀਚਾਰੀ ।
ਖੰਡ ਬ੍ਰਹਮੰਡ ਤ੍ਰੈਗੁਣ ਨਾਚੇ ਜਿਨ ਲਾਗਿ ਹਰਿ ਲਿਵ ਤੁਮਾਰੀ ।
ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ ।
(ਗੂਜਰੀ ਮਹਲਾ ੩, ਘਰੁ ੧) 11

11. ਆਦਿ ਗ੍ਰੰਥ, ਪੰਨਾ 506



Digitized by Panjab Digital Library | www.panjabdigilib.org

ਰਾਂਗ ਹੋਵੇ, ਨਾਚ ਹੋਵੇ ਜਾਂ ਕਵਿਤਾ, ਮਹਾਨ ਰਚਨਾ ਦੀ ਸਿਰਜਨਾ ਉਸ ਸਮੇਂ ਹੁੰਦੀ ਹੈ, ਜਦੋਂ ਕਲਾਕਾਰ ਜਾਂ ਕਵੀ ਦਾ ਰਸਿਕ-ਮਨ ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਵਿਆਕੁਲ ਹੋ ਕੇ ਨਚ ਖਲੋਂਦਾ ਹੈ। ਇਸੇ ਵਿਆਕੁਲਤਾ ਨੂੰ ਗੁਰੂ ਅਮਰਦਾਸ ਸੱਚਾ-ਬਿਰਹਾ ਅਤੇ ਕਈ ਹੋਰ ਥਾਈਂ ਸਚੀ-ਲਿਵ ਦਾ ਨਾਮ ਦਿੰਦੇ ਹਨ। ਗੁਰੂ ਅਮਰਦਾਸ ਤੋਂ ਕਈ ਸਦੀਆਂ ਪਹਿਲੇ ਸੂਫ਼ੀ ਕਵੀ ਬਾਬਾ ਫ਼ਰੀਦ ਨੇ ਵੀ ਬਿਰਹਾ ਨੂੰ ਸੁਲਤਾਨ ਆਖ ਕੇ ਬਿਰਹਾ ਤੋਂ ਸੱਖਣੇ ਪਿੰਜਰ ਨੂੰ ਸ਼ਮਸ਼ਾਨ ਦਾ ਰੂਪ ਮੰਨਿਆ ਸੀ ਪਰ ਗੁਰੂ ਅਮਰਦਾਸ ਹੇਠ ਲਿਖੀਆਂ ਤੁਕਾਂ ਰਾਹੀਂ ਪ੍ਰਭੂ-ਪਿਆਰ ਦੀ ਉਸਤਤਿ ਕਰਦੇ ਹੋਏ, ਇਹ ਚੇਤਾਵਨੀ ਵੀ ਦਿੰਦੇ ਹਨ ਕਿ ਸ੍ਰਿਸ਼ਟੀ ਦੇ ਮਾਲਕ (ਸਾਹਿਬ) ਤੋਂ ਸਿਵਾ ਹੋਰ ਕਿਸੇ ਦੇ ਪਿਆਰ ਜਾਂ ਬਿਰਹਾ ਦੀ ਸਾਡੇ ਕਾਵਿ-ਆਦਰਸ਼ ਵਿਚ ਕੋਈ ਥਾਂ ਨਹੀਂ। ਪ੍ਰਭੂ-ਪਿਆਰ ਤੋਂ ਸਿਵਾ ਮਾਇਕ ਪਿਆਰ (ਦੂਜਾ ਭਾਉ) ਦੀ ਸਿਫ਼ਤ ਕਰਨ ਵਾਲੇ ਕੇਵਲ ਕਵੀ ਨੂੰ ਹੀ ਉਹ ਨਹੀਂ ਕੋਸਦੇ, ਸਗੋਂ ਮਾਇਕ ਪਿਆਰ ਦੀ ਮਹਿਮਾ ਲਿਖਣ ਵਾਲੀ ਕਲਮ, ਕਾਗ਼ਜ਼ ਅਤੇ ਦੁਆਤ ਨੂੰ ਵੀ ਗੁਰੂ ਜੀ ਮੁਆਫ਼ ਨਹੀਂ ਕਰਦੇ :—

**(ੳ) ਹੋਰ ਬਿਰਹਾ ਸਭ ਧਾਤੁ ਹੈ ਜਬਲਗੁ ਸਾਹਿਬ ਪ੍ਰੀਤਿ ਨ ਹੋਇ ।**
**ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ।**
**(ਅ) ਕਲਮ ਜਲਉ ਸਣੁ ਮਸਵਾਣੀਐ ਕਾਗਦ ਭੀ ਜਲਿ ਜਾਉ।**
**ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ।**

(ਸਿਰੀ ਰਾਗ ਕੀ ਵਾਰ ਮ: ੪, ਸਲੋਕ ਮ:੩ )12

ਇਸ ਲਈ ਗੁਰੂ ਅਮਰਦਾਸ ਦਾ ਕਾਵਿ-ਆਦਰਸ਼ ਰੱਬੀ-ਪਿਆਰ ਵਿਚ ਖੀਵੇ ਹੋ ਕੇ ਹਰੀ-ਜੱਸ ਗਾਇਨ ਕਰਨਾ ਹੈ, ਜਾਂ ਫਿਰ ਪ੍ਰਭੂ-ਨਾਮ ਦੁਆਰਾ ਪ੍ਰਾਪਤ ਹੋਏ ਸਹਜ-ਆਨੰਦ ਦਾ ਮਾਰਗ ਮਨੁੱਖਤਾ ਨੂੰ ਦਰਸਾਉਣਾ ਹੈ। ਗੁਰਮਤਿ ਸਹਜ-ਮਾਰਗ ਮਨੁੱਖੀ ਜੀਵਨ ਦੇ ਸਾਰੇ ਬੁਨਿਆਦੀ ਸੁਆਲਾਂ ਨੂੰ ਹੱਲ ਕਰ ਸਕਦਾ ਹੈ ਅਤੇ ਉਨ੍ਹਾਂ ਬੁਨਿਆਦੀ ਸੁਆਲਾਂ ਬਾਰੇ ਗੁਰੂ ਜੀ ਦੀ ਬਾਣੀ ਦੇ ਆਧਾਰ ਉਤੇ ਹੁਣ ਵਿਚਾਰ ਕੀਤੀ ਜਾਵੇਗੀ।

## ਵਿਸ਼ੇ-ਵਸਤੂ ਦਾ ਪਾਸਾਰ

ਗੁਰੂ ਅਮਰਦਾਸ ਦੀ ਕਵਿਤਾ ਵਿਚ ਵਿਸ਼ੇ-ਵਸਤੂ ਦਾ ਪਾਸਾਰ ਅਤੇ ਵਰਣਨ ਦਾ ਵਿਸਥਾਰ ਪ੍ਰਭੂ-ਮਿਲਾਪ ਲਈ ਵਿਆਕੁਲ ਜੀਵ-ਆਤਮਾ ਦੀ ਤ੍ਰੈਗੁਣੀ ਮਾਇਆ ਦੇ ਪ੍ਰਭਾਵ ਕਾਰਣ ਉਪਜੀ ਅਸਗਾਹ ਭਟਕਣ ਤੋਂ ਲੈ ਕੇ ਸਹਜ-ਆਨੰਦ ਦੀ ਉਚਤਮ ਅਵਸਥਾ ਤੀਕ ਲੰਮੀ ਯਾਤਰਾ ਹੈ। ਬੇਸ਼ਕ

12. ਆਦਿ ਗ੍ਰੰਥ...ਪੰਨਾ 83-84



Digitized by Panjab Digital Library | www.panjabdigilib.org

ਗੁਰੂ ਜੀ ਦੀ ਕਵਿਤਾ ਦਾ ਪ੍ਰਧਾਨ ਵਿਸ਼ਾ ਪ੍ਰਭੂ-ਭਗਤੀ ਜਾ ਹਰੀ-ਨਾਮ ਦੀ ਮਹਿਮਾ ਗਾਇਨ ਕਰਨਾ ਹੈ, ਪਰ ਗੁਰੂ ਜੀ ਦੇ ਅਨੁਭਵ ਅਨੁਸਾਰ ਪ੍ਰਭੂ ਨਿਰਗੁਣ ਅਤੇ ਸਰਗੁਣ ਦੋਹਾਂ ਸਰੂਪਾਂ ਦਾ ਧਾਰਨੀ ਹੈ ਅਤੇ ਸਸਾਰ ਦੇ ਸਮੂਹ ਜੀਵਾਂ ਦੇ ਅੰਦਰ ਵਿਆਪਕ ਹੈ। "ਅਨੰਦ ਸਾਹਿਬ" ਵਿਚ ਬ੍ਰਹਮ-ਦਰਸ਼ਨ ਤੇ ਮੁਤਲਾਸ਼ੀ ਨੈਣਾਂ ਨੂੰ ਸੰਬੋਧਨ ਕਰਕੇ ਉਨ੍ਹਾਂ ਫ਼ਰਮਾਇਆ ਹੈ ਕਿ ਸਮੂਹ ਸੰਸਾਰ ਹਰੀ ਦਾ ਰੂਪ ਹੈ :—

**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ**<br>**ਹਰਿ ਰੂਪੁ ਨਦਰੀ ਆਇਆ ।**

(ਰਾਮਕਲੀ ਮ: ੩ ਅਨੰਦੁ)13

ਇਸੇ ਵਿਚਾਰ ਨੂੰ ਉਨ੍ਹਾਂ ਸੂਹੀ ਰਾਗ ਦੀ ਹੇਠ ਲਿਖੀ ਤੁਕ ਰਾਹੀਂ ਪਰਪੱਕ ਕੀਤਾ ਹੈ :—

**ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ।**

(ਸੂਹੀ ਮ: ੩,)14

ਇਸ ਲਈ ਗੁਰੂ ਨਾਨਕ ਦੇਵ, ਆਦਿਕ ਗੁਰਮਤਿ-ਮਾਰਗ ਦੇ ਕਵੀਆਂ ਵਾਂਗ ਗੁਰੂ ਅਮਰਦਾਸ ਦੀ ਕਵਿਤਾ ਦਾ ਆਧਿਆਤਮਕ ਮਹੱਤਵ ਦੇ ਨਾਲ ਨਾਲ ਸਮਾਜਕ ਮਹੱਤਵ ਵੀ ਬਹੁਤ ਹੈ ਉਹ ਆਪਣੀ ਬਾਣੀ ਰਾਹੀਂ ਸਮੁੱਚੀ ਮਨੁੱਖਤਾ ਨੂੰ ਆਤਮਕ ਗਿਆਨ ਪ੍ਰਦਾਨ ਕਰਦੇ ਹਨ, ਤਾਂਜੋ ਮਾਇਆ ਦੇ ਭਰਮ ਕਾਰਨ ਮਨੁੱਖ ਦੇ ਨੈਣਾਂ ਵਿਚ ਜੰਮ ਚੁੱਕੀ ਅਗਿਆਨਤਾ ਦੀ ਧੁੰਧ ਸਾਫ ਹੋਵੇ ਅਤੇ ਨਿਰਮਲ ਹੋਈ ਨਜ਼ਰ ਨਾਲ ਉਸ ਨੂੰ ਹਰ ਸ਼੍ਰੇਣੀ ਅਤੇ ਹਰ ਜਾਤੀ ਦੇ ਲੋਕਾਂ ਵਿਚ ਜਗਮਗਾ ਰਹੀ ਰੱਬੀ-ਜੋਤਿ ਦੇ ਦਰਸ਼ਨ ਹੋ ਸਕਣ ।

ਬੇਸ਼ਕ ਗੁਰੂ ਅਮਰਦਾਸ ਦੀ ਕਵਿਤਾ ਵਿਚ ਗੁਰੂ ਨਾਨਕ ਦੇਵ ਦੀ ਕਵਿਤਾ ਵਾਂਗ ਹੀ ਗੁਰਮਤਿ-ਮਾਰਗ ਦੇ ਸਾਰੇ ਬੁਨਿਆਦੀ ਸਿਧਾਂਤਾਂ ਬਾਰੇ ਡੂੰਘਾ ਅਤੇ ਬਲਵਾਨ ਅਨੁਭਵ ਮਿਲਦਾ ਹੈ, ਪਰ ਉਨ੍ਹਾਂ ਦੀ ਕਵਿਤਾ ਵਿਚ ਭਾਰਤ ਦੇ ਵੱਖ ਵੱਖ ਮੱਤਾਂ ਬਾਰੇ ਦ੍ਰਿਸ਼ਟਾਂਤ ਗੁਰੂ ਨਾਨਕ ਦੇਵ ਦੀ ਕਵਿਤਾ ਨਾਲੋਂ ਘੱਟ ਹਨ । ਵੈਸੇ ਵੀ ਗੁਰੂ ਨਾਨਕ ਦੇਵ ਨਾਲੋਂ ਗੁਰੂ ਅਮਰਦਾਸ ਦੀ ਕਾਵਿ-ਸ਼ੈਲੀ ਅਲੰਕਾਰਕ ਘਟ ਅਤੇ ਵਿਸਥਾਰਕ ਜ਼ਿਆਦਾ ਹੈ । ਕਾਵਿ-ਸ਼ੈਲੀ ਵਿਚ ਇਤਨਾ ਕੁ ਅੰਤਰ ਕੁਦਰਤੀ ਹੈ। ਬੇਸ਼ਕ ਗੁਰੂ ਨਾਨਕ ਦੇਵ ਦੀ ਆਤਮਕ-ਜੋਤ ਹੀ ਗੁਰੂ ਅੰਗਦ ਦੇਵ ਦੁਆਰਾ ਗੁਰੂ ਅਮਰਦਾਸ ਵਿਚ ਪ੍ਰਕਾਸ਼ਮਾਨ ਹੋਈ, ਪਰ ਤਿੰਨਾਂ ਗੁਰੂ ਸਾਹਿਬਾਨ ਦੇ ਸਰੂਪ ਤਾਂ ਵੱਖੋ ਵੱਖਰੇ ਸਨ । ਇਸ ਲਈ ਕਾਵਿ ਸ਼ੈਲੀ ਵਿਚ ਅੰਤਰ ਆ ਜਾਣਾ ਸੁਭਾਵਕ ਹੈ ।

---

13. ਆਦਿ-ਗ੍ਰੰਥ...ਪੰਨਾ 922
14. ਆਦਿ-ਗ੍ਰੰਥ...ਪੰਨਾ 757



Digitized by Panjab Digital Library | www.panjabdigilib.org

ਇੱਥੇ ਇਹ ਸੰਕੇਤ ਕਰਨਾ ਜ਼ਰੂਰੀ ਹੈ ਕਿ ਗੁਰੂ ਨਾਨਕ ਦੇਵ ਆਦਿ-ਗੁਰੂ ਹਨ ਅਤੇ ਧੁਰ ਤੋਂ ਆਤਮਕ ਗਿਆਨ ਪ੍ਰਾਪਤ ਕਰਕੇ ਆਏ ਸਨ। ਇਸਲਈ 1469 ਈਸਵੀ ਵਿਚ ਜਨਮ ਲੈਣ ਉਪਰੰਤ ਜਦੋਂ ਕਦੇ ਵੀ ਉਨ੍ਹਾਂ ਕੋਈ ਬਚਨ ਕੀਤਾ, ਆਤਮਕ ਗਿਆਨ ਨਾਲ ਪ੍ਰਕਾਸ਼ਮਾਨ ਹੋਣ ਕਰਕੇ ਗੁਰੂ ਨਾਨਕ ਦੇਵ ਦਾ ਹਰ ਬਚਨ ਰੱਬੀ ਬਾਣੀ ਵਾਂਗ ਸਤਿਕਾਰਿਆ ਜਾਣ ਲੱਗਾ। ਗੁਰੂ ਨਾਨਕ ਦੇਵ ਜਮਾਂਦਰੂ ਕਵੀ ਹੋਣ ਕਰਕੇ ਕਵਿਤਾ ਵੀ ਬਚਪਣ ਤੋਂ ਹੀ ਰਚਣ ਲੱਗ ਪਏ ਸਨ। ਪਰ ਜਿੱਥੋਂ ਤੱਕ ਗੁਰੂ ਅਮਰਦਾਸ ਦਾ ਸਬੰਧ ਹੈ, ਉਨ੍ਹਾਂ ਆਪਣੀ ਸਮੁੱਚੀ ਕਾਵਿ-ਰਚਨਾ ਗੁਰਗੱਦੀ ਉਤੇ ਸਥਾਪਤ ਹੋਣ ਉਪਰੰਤ 1552 ਤੋਂ 1574 ਈਸਵੀ ਦੇ ਵਿਚਕਾਰ ਕੀਤੀ ਸਿੱਧ ਹੁੰਦੀ ਹੈ। ਲਗਭਗ ਇਕ ਸੌ ਵਰ੍ਹਿਆਂ ਦੀ ਬਿਰਧ ਅਵਸਥਾ ਵਿਚ ਵੀ ਉਨ੍ਹਾਂ ਦੀ ਦੈਵੀ ਆਤਮਾ ਸਦੀਵੀ ਆਨੰਦ ਅਤੇ ਖੇੜੇ ਨੂੰ ਨਿਛਾਵਰ ਕਰ ਰਹੀ ਸੀ ਅਤੇ ਇਤਨੀ ਪ੍ਰੌੜ ਅਵਸਥਾ ਵਿਚ ਇਤਨੇ ਆਕਾਰ ਦੀ ਇਤਨੀ ਮਹਾਨ ਕਾਵਿ-ਰਚਨਾ ਕਰ ਜਾਣਾ, ਕੇਵਲ ਉਨ੍ਹਾਂ ਦੇ ਹੀ ਹਿੱਸੇ ਆਇਆ ਹੈ।

ਬੇਸ਼ਕ ਵਿਸ਼ੇ-ਵਸਤੂ ਦੇ ਪੱਖ ਤੋਂ ਗੁਰੂ ਅਮਰਦਾਸ ਦੀ ਬਾਣੀ ਵਿਚ ਹੋਰ ਵੀ ਬਹੁਤ ਕੁਝ ਹੈ, ਪਰ ਅਧਿਆਤਮਕ ਅਤੇ ਸਮਾਜਕ ਜੀਵਨ ਦੇ ਜਿਹੜੇ ਨੁਕਤਿਆਂ ਉਤੇ ਉਨ੍ਹਾਂ ਵਧੇਰੇ ਬਲ ਦਿੱਤਾ ਹੈ ਅਤੇ ਜਿਨ੍ਹਾਂ ਦਾ ਸਮੁੱਚੀ ਮਨੁੱਖਤਾ ਨਾਲ ਸਬੰਧ ਹੈ, ਉਨ੍ਹਾਂ ਦਾ ਸੰਖੇਪ ਵੇਰਵਾ ਇਸ ਪਰਕਾਰ ਹੈ :—

(ੳ) ਰੱਬ ਦੀ ਸਰਬ-ਵਿਆਪਕਤਾ।
(ਅ) ਧਾਰਮਕ ਰਵਾਦਾਰੀ।
(ੲ) ਸ੍ਰਿਸ਼ਟੀ ਰਚਨਾ।
(ਸ) ਤ੍ਰੈਗੁਣੀ ਮਾਇਆ ਦੇ ਭੁਲਾਵੇ।
(ਹ) ਮਨੁੱਖੀ ਜੀਵਨ ਦਾ ਮਨੋਰਥ।
(ਕ) ਸੱਚ ਅਤੇ ਸੰਜਮ ਦੀ ਕਰਣੀ।
(ਖ) ਬ੍ਰਹਮ-ਮਾਰਗ ਵਿਚ ਸਤਿਗੁਰੂ ਦਾ ਮਹੱਤਵ (ਗੁਰਸ਼ਬਦ, ਗੁਰ-ਸੇਵਾ ਅਤੇ ਹਰੀ-ਨਾਮ ਦੀ ਪ੍ਰਾਪਤੀ ਸਮੇਤ)
(ਗ) ਸਹਜ ਅਤੇ ਆਨੰਦ ਦੀ ਮਹਾਨਤਾ।
(ਘ) ਆਦਰਸ਼ ਸਮਾਜ ਅਤੇ ਆਦਰਸ਼ ਭਾਈ-ਚਾਰਾ।

## (ੳ) ਰੱਬ ਦੀ ਸਰਬ-ਵਿਆਪਕਤਾ :

ਬੇਸ਼ਕ ਗੁਰੂ ਅਮਰਦਾਸ ਬ੍ਰਹਮ-ਗਿਆਨ ਨਾਲ ਸਬੰਧਤ ਵੱਖ ਵੱਖ ਚਿੰਤਕਾਂ ਜਾਂ ਫ਼ਿਲਾਸਫ਼ਰਾਂ ਦੇ ਰਚੇ ਗ੍ਰੰਥਾਂ ਅਤੇ ਰਿਸ਼ੀਆਂ, ਮੁਨੀਆਂ ਅਤੇ ਭਗਤਾਂ ਦੁਆਰਾ ਰਚੇ ਗਏ ਸਾਹਿਤ ਦਾ ਉਚੇਚੇ



Digitized by Panjab Digital Library | www.panjabdigilib.org

ਤੌਰ ਉਤੇ ਅਧਿਐਨ ਕਰਨ ਦੀ ਥਾਂ ਗੁਰੂ ਅੰਗਦ ਦੇਵ ਦੁਆਰਾ ਗੁਰੂ ਨਾਨਕ ਦੇਵ ਦੇ ਗੁਰਮਤਿ-ਮਾਰਗ ਦੀ ਦੀਖਿਆ ਜਾਂ ਸਿੱਖਿਆ ਅਨੁਸਾਰ ਆਤਮਕ ਵਿਕਾਸ ਦੀਆਂ ਸਾਰੀਆਂ ਪਉੜੀਆਂ ਚੜ੍ਹ ਕੇ ਸਹਜ-ਅਨੰਦ ਸਹਿਤ ਪ੍ਰਭੂ-ਪ੍ਰਾਪਤੀ ਦੇ ਸਰਬ-ਸ੍ਰੇਸ਼ਟ ਅਧਿਆਤਮਕ ਅਨੁਭਵ ਦੇ ਅਧਿਕਾਰੀ ਬਣੇ ਅਤੇ ਇਸ ਤਰ੍ਹਾਂ ਰੱਬ ਦੀ ਸਰਬ-ਵਿਆਪਕਤਾ ਬਾਰੇ ਉਨ੍ਹਾਂ ਦਾ ਅਨੁਭਵ ਸਿੱਧਾ ਅਤੇ ਨਿੱਜੀ ਅਥਵਾ ਸਹਜ-ਅਨੁਭਵ ਹੈ, ਫੇਰ ਵੀ ਉਨ੍ਹਾਂ ਦੇ ਸਮਕਾਲੀ ਭਾਰਤ ਵਿਚ ਬ੍ਰਹਮ ਦੇ ਸਰੂਪ ਬਾਰੇ ਪ੍ਰਚਲਤ ਕੁਝ ਇਕ ਮੱਤਾਂ ਦਾ ਵਰਣਨ ਕਰਨਾ ਅਯੋਗ ਨਹੀਂ ਹੋਵੇਗਾ।

ਸ਼ੰਕਰ ਅਦਵੈਤ ਦੇ ਸਮਰਥਕ ਬ੍ਰਹਮ ਦਾ ਇੱਕੋ ਇਕ ਨਿਰਗੁਣ ਸਰੂਪ ਮੰਨਦੇ ਸਨ। ਉਨ੍ਹਾਂ ਦੇ ਉਲਟ ਰਾਮਾਨੁਜ ਦੀ ਵਸਿਸ਼ਟ ਅਦਵੈਤ ਦੇ ਸਮਰਥਕ ਬ੍ਰਹਮ ਦੇ ਸਰਗੁਣ ਸਰੂਪ ਦਾ ਪ੍ਰਚਾਰ ਕਰ ਰਹੇ ਸਨ। ਇਨ੍ਹਾਂ ਦੋ ਲੋਕ-ਪ੍ਰੀਯ ਮਤਾਂ ਤੋਂ ਇਲਾਵਾ ਮਾਧਵਾਚਾਰੀਆ ਦਾ ਦਵੈਤਾਵਾਦ ਨਿੰਬਾਰਕ ਦਾ ਭੇਦਾ-ਭੇਦ, ਵਲਭਾਚਾਰੀਆ ਦਾ ਸ਼ੁੱਧ-ਅਦਵੈਤਾਵਾਦ, ਨਾਰਦ ਅਤੇ ਸ਼ਾਂਡਲਯ ਦੇ ਭਗਤੀ-ਸੂਤਰ, ਦੱਖਣ ਦੇ ਆਲਵਰ-ਸੰਤਾਂ ਦਾ ਵੈਸ਼ਨੋਵਾਦ, ਗੋਰਖਨਾਥ ਦਾ ਹਠ-ਯੋਗ, ਸ਼ੈਵ ਅਤੇ ਸ਼ਾਕਤ-ਮਤ ਅਤੇ ਅਨੇਕਾਂ ਹੋਰ ਮੱਤਾਂ ਦੀ ਵਿਚਾਰ-ਧਾਰਾ ਭਗਤੀ-ਸਾਹਿਤ ਨੂੰ ਪ੍ਰਭਾਵਤ ਕਰ ਰਹੀ ਸੀ। ਵੇਦਾਂ, ਸ਼ਾਸਤ੍ਰਾਂ, ਸਿਮ੍ਰਿਤੀਆਂ, ਰਾਮਾਇਣ, ਭਾਗਵਤ-ਪੌਰਾਣ, ਆਦਿਕ ਧਰਮ-ਗ੍ਰੰਥਾਂ ਦਾ ਚਰਚਾ ਵੀ ਬਹੁਤ ਸੀ। ਬੁਧ-ਮਤ ਦੇ ਮਹਾਂ-ਯਾਨ ਸਰੂਪ ਨਾਲ ਸਬੰਧਤ ਕਈ ਸੰਪ੍ਰਦਾਵਾਂ (ਮੰਤ੍ਰਯਾਨ, (7) ਚਕਰਯਾਨ, ਸਹਜਯਾਨ, ਆਦਿਕ) ਦੇ ਅਨੁਯਾਈ ਸਿੱਧਾਂ ਅਤੇ ਜੈਨ-ਮੱਤ ਨਾਲ ਸਬੰਧਤ ਦਿਗੰਬਰਾਂ ਅਤੇ ਹੋਰ ਕਈ ਪਰਕਾਰ ਦੇ ਭੇਖਾਂ ਦੇ ਵੀ ਆਪੋ ਆਪਣੇ ਵਿਚਾਰ ਹਨ। ਇਸਲਾਮ ਧਰਮ ਦੇ ਮੌਲਾਣੇ ਅਤੇ ਕੁਝ ਵੱਖਰੇ ਢੰਗ ਨਾਲ ਸੂਫ਼ੀ-ਸੰਤ ਵੀ ਕਈ ਸਦੀਆਂ ਤੋਂ ਭਾਰਤ ਵਿਚ ਏਕੀਸ਼ਵਰਵਾਦੀ ਸਿਧਾਂਤ ਦਾ ਪ੍ਰਚਾਰ ਕਰ ਰਹੇ ਸਨ। ਉਨ੍ਹਾਂ ਦੇ ਉਲਟ ਹਿੰਦੂਆਂ ਵਿਚ ਏਕੀਸ਼ਵਰਵਾਦ ਦੇ ਨਾਲ ਨਾਲ ਅਨੇਕਾਂ ਦੇਵੀ ਦੇਵਤਿਆਂ ਦੁਆਰਾ ਬਹੁ-ਈਸ਼ਵਰ-ਵਾਦ ਦਾ ਵੀ ਕਾਫ਼ੀ ਬੋਲ-ਬਾਲਾ ਸੀ। ਇਸ ਲਈ ਅੱਡੋ ਅੱਡਰੇ ਧਰਮਾਂ ਅਤੇ ਸੰਪ੍ਰਦਾਵਾਂ ਦੇ ਜਲੂਸ ਵਿਚ ਅੱਡੋ ਅੱਡਰੇ ਵਿਚਾਰਾਂ ਦੇ ਵਾਦ-ਵਿਵਾਦ ਦੀ ਧੂੜ ਕਾਰਨ ਸਮੁੱਚੇ ਭਾਰਤੀ ਵਾਯੂ-ਮੰਡਲ ਵਿਚ ਭਰਮ ਦੀ ਧੁੰਦ ਫੈਲੀ ਹੋਈ ਸੀ, ਜਿਸਦੇ ਸਿੱਟੇ ਵਜੋਂ ਬ੍ਰਹਮ ਜਾਂ ਰੱਬ ਦੇ ਅਸਲ ਸਰੂਪ ਦੀ ਪਛਾਣ ਲੱਖਾਂ ਤੇ ਕ੍ਰੋੜਾਂ ਵਿੱਚੋਂ ਕਿਸੇ ਵਿਰਲੇ ਬ੍ਰਹਮ-ਗਿਆਨੀ ਨੂੰ ਹੀ ਹੋ ਸਕਦੀ ਸੀ।

ਬੇਸ਼ਕ ਕਬੀਰ, ਆਦਿਕ ਭਗਤਾਂ ਅਤੇ ਗੁਰਮਤਿ-ਮਾਰਗ ਦੇ ਸੰਚਾਲਕ ਗੁਰੂ ਨਾਨਕ ਦੇਵ ਨੇ ਵੀ ਬ੍ਰਹਮ ਦੇ ਦੋਹਾਂ ਸਰੂਪਾਂ ਬਾਰੇ ਅਲੰਕਾਰਕ ਬੋਲੀ ਵਿਚ ਸੰਕੇਤ ਕੀਤੇ ਹਨ, ਪਰ ਗੁਰੂ ਅਮਰਦਾਸ ਨੇ ਹੇਠ ਲਿਖੀਆਂ ਤੁਕਾਂ ਰਾਹੀਂ ਸਪਸ਼ਟ ਸ਼ਬਦਾਂ ਰਾਹੀਂ ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਦੋਹਾਂ ਸਰੂਪਾਂ ਨੂੰ ਪਰਵਾਨ ਕਰਕੇ ਬ੍ਰਹਮ ਦੇ ਸਰੂਪ ਬਾਰੇ ਗੁਰਮਤਿ ਦਾ ਸਿੱਧਾਂਤ ਸਦਾ ਲਈ ਪਰਪੱਕ ਕਰ ਦਿੱਤਾ ਹੈ :—



Digitized by Panjab Digital Library | www.panjabdigilib.org

ਨਿਰਗੁਣ ਸਰਗੁਣ ਆਪੇ ਸੋਈ ।
ਤਤੁ ਪਛਾਣੈ ਸੋ ਪੰਡਿਤ ਹੋਈ ।

(ਮਾਝ ਮ: ੩)[15]

ਪਰ ਨਾਲ ਹੀ ਗੁਰੂ ਜੀ ਨੇ ਇਹ ਚੇਤਾਵਨੀ ਵੀ ਕੀਤੀ ਹੈ ਕਿ ਨਿਰਗੁਣ ਅਤੇ ਸਰਗੁਣ ਦੇ ਬ੍ਰਹਮ-ਗਿਆਨ ਦੀ ਪ੍ਰਾਪਤੀ ਧਰਮ-ਗ੍ਰੰਥਾਂ ਦੀ ਸਿੱਖਿਆ ਨੂੰ ਮਨ ਵਿਚ ਧਾਰਨ ਕਰਨ ਅਰਥਾਤ ਗੁਰਸ਼ਬਦ ਦੀ ਕਮਾਈ ਦੁਆਰਾ ਉਚਤਮ ਆਤਮਕ ਅਵਸਥਾ (ਸਹਜ-ਗਿਆਨ ਦੀ ਅਵਸਥਾ) ਵਿਚ ਪੁੱਜਣ ਨਾਲ ਹੀ ਹੁੰਦੀ ਹੈ। ਬ੍ਰਹਮ ਦੀ ਪਛਾਣ ਕੇਵਲ ਕਿਤਾਬੀ-ਗਿਆਨ ਵਾਲੇ ਵਿਦਵਾਨ (ਪੰਡਿਤ) ਨੂੰ ਨਹੀਂ ਹੋ ਸਕਦੀ। ਗੁਰੂ ਅਮਰਦਾਸ ਤੋਂ ਪਿੱਛੋਂ ਗੁਰੂ ਅਰਜਨ ਦੇਵ ਨੇ ਵੀ "ਸੁਖਮਨੀ ਸਾਹਿਬ"[16] ਅਤੇ ਕਈ ਹੋਰ ਥਾਈਂ ਬ੍ਰਹਮ ਦੇ ਦੋਹਾਂ ਸਰੂਪਾਂ ਦੀ ਪੁਸ਼ਟੀ ਕੀਤੀ ਹੈ।

ਜਿੱਥੋਂ ਤਕ ਬ੍ਰਹਮ ਦੇ ਨਿਰਗੁਣ ਸਰੂਪ ਦਾ ਸਬੰਧ ਹੈ, ਗੁਰੂ ਅਮਰਦਾਸ ਨੇ ਮਾਰੂ ਰਾਗ ਦੇ ਸੋਹਲਿਆਂ, ਗੂਜਰੀ ਕੀ ਵਾਰ ਅਤੇ ਕਈ ਹੋਰ ਥਾਈਂ ਵੀ ਆਪਣੀ ਨਿਵੇਕਲੀ ਕਾਵਿ-ਸ਼ੈਲੀ ਦੁਆਰਾ ਅਪਰੰਪਰ ਪਾਰਬ੍ਰਹਮ ਦੇ ਸੁੰਨ-ਸਮਾਧੀ-ਸਰੂਪ ਦਾ ਵਰਣਨ ਕੀਤਾ ਹੈ। ਬੇਸ਼ਕ ਗੁਰੂ ਅਮਰਦਾਸ ਦੇ ਵਿਚਾਰ ਉਹੀ ਹਨ, ਜੋ ਗੁਰੂ ਨਾਨਕ ਦੇਵ ਰਚਿਤ ਮਾਰੂ ਰਾਗ ਦੇ ਪ੍ਰਸਿਧ ਸੋਲਹੇ "ਅਰਬਦ ਨਰਬਦ ਧੁੰਧੂਕਾਰਾ" ਦੁਆਰਾ ਉਨ੍ਹਾਂ ਤੋਂ ਪਹਿਲਾਂ ਪ੍ਰਗਟਾਏ ਜਾ ਚੁੱਕੇ ਸਨ, ਪਰ ਜਿਵੇਂ ਪਿੱਛੇ ਵੀ ਸੰਕੇਤ ਕੀਤਾ ਗਿਆ ਹੈ, ਗੁਰੂ ਅਮਰਦਾਸ ਦੀ ਬੋਲੀ ਗੁਰੂ ਨਾਨਕ ਦੇਵ ਨਾਲੋਂ ਸੁਖਨ ਅਤੇ ਕਾਵਿ-ਸ਼ੈਲੀ ਘੱਟ ਅਲੰਕਾਰਕ ਹੋਣ ਕਰਕੇ ਅਣਦਿਸਦੇ ਮੰਡਲਾਂ ਦੀ ਔਖੀ ਤੋਂ ਔਖੀ ਗੱਲ ਜਨਤਕ ਪੱਧਰ ਦੇ ਪਾਠਕਾਂ ਅਤੇ ਸਰੋਤਿਆਂ ਨੂੰ ਜਲਦੀ ਸਮਝ ਵਿਚ ਆ ਜਾਂਦੀ ਹੈ।

ਗੁਰੂ ਨਾਨਕ ਦੇਵ ਨੇ ਅਰਬਾਂ ਖਰਬਾਂ (ਅਰਬਦ ਨਰਬਦ) ਸਾਲਾਂ ਤੀਕ ਅਫੁਰ-ਅਵਸਥਾ ਨੂੰ ਮੰਨਿਆ ਹੈ। ਗੁਰੂ ਅਮਰਦਾਸ ਨੇ ਇਸੇ ਵਿਚਾਰ ਨੂੰ ਨਵੇਂ ਅੰਦਾਜ਼ ਵਿਚ ਗਾਇਨ ਕੀਤਾ ਹੈ। ਗੁਰੂ ਅਮਰਦਾਸ ਦੀ ਬਾਣੀ ਅਨੁਸਾਰ ਅਫੁਰ-ਅਵਸਥਾ ਦਾ ਧੁੰਦ-ਗੁਬਾਰ ਛਤੀਹ ਜੁੱਗਾਂ ਤੀਕ ਰਿਹਾ। ਫੇਰ ਨਿਰੰਕਾਰ ਨੇ ਨਿਰਗੁਣ ਅਵਸਥਾ ਵਿੱਚੋਂ "ਓਅੰਕਾਰ" ਸ਼ਬਦ ਦੁਆਰਾ ਸਰਗੁਣ ਸਰੂਪ ਧਾਰਨ ਕੀਤਾ। ਗੁਰਦੇਵ ਅਨੁਸਾਰ ਸਮੁੱਚੀ ਸ੍ਰਿਸ਼ਟੀ ਰਚਨਾ ਸ਼ਬਦ-ਸਰੂਪ-ਬ੍ਰਹਮ ਵਿੱਚੋਂ ਹੋਈ। ਉਤਪਤੀ ਹੀ ਨਹੀਂ, ਸ੍ਰਿਸ਼ਟੀ ਦਾ ਲਯ (ਪਰਲਉ) ਵੀ ਸ਼ਬਦ ਤੋਂ ਹੀ ਹੁੰਦਾ ਹੈ :—

---

15. ਆਦਿ-ਗ੍ਰੰਥ...ਪੰਨਾ 128
16. ਵੇਖੋ "ਸੁਖਮਨੀ ਸਾਹਿਬ" ਦੀ 18ਵੀਂ 21ਵੀ, 22ਵੀਂ ਅਤੇ 23ਵੀਂ ਅਸ਼ਟਪਦੀ। ਅਠਾਰ੍ਹਵੀਂ ਅਸ਼ਟਪਦੀ ਵਿਚ ਸਪਸ਼ਟ ਲਿਖਿਆ ਹੈ :—
ਨਿਰਗੁਨੁ ਆਪਿ ਸਰਗੁਨੁ ਭੀ ਓਹੀ ।
ਕਲਾਧਾਰਿ ਜਿਨਿ ਸਗਲੀ ਮੋਹੀ ।



Digitized by Panjab Digital Library | www.panjabdigilib.org

ਉਤਪਤਿ ਪਰਲਉ ਸਬਦੇ ਹੋਵੈ ।
ਸਬਦੇ ਹੀ ਫਿਰਿ ਓਪਤਿ ਹੋਵੈ ।

(ਮਾਝ ਮ: ੩)[17]

ਨਿਰਗੁਣ ਸਰੂਪ ਵਿਚ ਬ੍ਰਹਮ ਤੋਂ ਬਿਨਾ ਕੁਝ ਵੀ ਨਹੀਂ ਸੀ। ਗੁਰੂ ਜੀ ਨੇ ਨਿਰਗੁਣ ਬ੍ਰਹਮ ਦੀ ਸੁੰਨ-ਸਮਾਧੀ ਸਮੇਂ ਅਫੁਰ-ਅਵਸਥਾ ਦਾ ਵਰਣਨ ਬਹੁਤ ਵਿਸਥਾਰ ਸਹਿਤ ਕੀਤਾ ਹੈ। ਸੋਲਹਾ ਸੋਲ੍ਹਾਂ ਕਾਵਿ-ਬੰਦਾਂ ਦਾ ਵੱਡੇ ਆਕਾਰ ਵਾਲਾ ਕਾਵਿ-ਭੇਦ ਹੈ। ਗੁਰੂ ਅਮਰਦਾਸ ਨੇ ਅਨੇਕਾਂ ਸੋਲਹੇ ਰਚੇ ਹਨ ਅਤੇ ਸ੍ਰਿਸ਼ਟੀ-ਰਚਨਾ ਤੋਂ ਪਹਿਲੇ ਅਤੇ ਸ੍ਰਿਸ਼ਟੀ-ਰਚਨਾ ਸਮੇਂ ਨਿਰਗੁਣ ਅਤੇ ਸਰਗੁਣ ਬ੍ਰਹਮ ਦੀ ਅਨੋਖੇ ਢੰਗ ਨਾਲ ਮਹਿਮਾ ਗਾਇਨ ਕੀਤੀ ਹੈ।

ਬਾਕੀ ਵਾਰਾਂ ਵਾਂਗ ਗੂਜਰੀ ਕੀ ਵਾਰ ਰਾਹੀਂ ਨਿਰਗੁਣ ਬ੍ਰਹਮ ਅਤੇ ਅਫੁਰ-ਅਵਸਥਾ ਦਾ ਵਰਣਨ ਕਰਨ ਸਮੇਂ ਵੀ ਗੁਰੂ ਜੀ ਨੇ ਛੰਦ ਦੀ ਤਿੱਖੀ ਚਾਲ ਅਤੇ ਤਿੰਨ ਚਾਰ ਸ਼ਬਦਾਂ ਦੇ ਰੂਪ ਨੂੰ ਥੋੜ੍ਹਾ ਜਿਹਾ ਲਮਕਾ ਕੇ (ਉਪਾਇਓਨੁ, ਓਪਤਿ, ਤ੍ਰੈਲੋਈ, ਆਦਿਕ) ਪ੍ਰਭਾਵਸ਼ਾਲੀ ਬੀਰ-ਰਸ ਪੈਦਾ ਕਰ ਦਿਤਾ ਹੈ :—

ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ ।
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ ।
ਤਦਹੁ ਆਕਾਸੁ ਨ ਪਾਤਾਲ ਹੈ ਨਾ ਤ੍ਰੈਲੋਈ ।
ਤਦਹੁ ਆਪੇ ਆਪਿ ਨਿਰੰਕਾਰ ਹੈ ਨਾਂ ਓਪਤਿ ਹੋਈ ।
ਜਿਉ ਤਿਸੁ ਭਾਵੈ ਤਿਵੈ ਕਰੈ ਤਿਸੁ ਬਿਨੁ ਅਵਰੁ ਨ ਕੋਈ ।

(ਗੁਜਰੀ ਕੀ ਵਾਰ ਮ: ੩)[18]

ਜਿੱਥੋਂ ਤੱਕ ਬ੍ਰਹਮ ਦੇ ਸਰਗੁਣ ਸਰੂਪ ਦਾ ਸਬੰਧ ਹੈ, ਗੁਰੂ ਜੀ ਨੇ ਅਵਿਤਾਰ-ਵਾਦ ਦੇ ਦੇਸ਼ ਅਤੇ ਕਾਲ ਦੀ ਹੱਦ ਵਿਚ ਸੀਮਤ ਸਿਧਾਂਤ ਦੇ ਉਲਟ ਤ੍ਰੈਗੁਣੀ ਮਾਇਆ ਦੇ ਸਮਸਤ ਜੀਵਾਂ-ਜੰਤੂਆਂ ਵਿਚ ਸਰਬ-ਵਿਆਪਕ ਬ੍ਰਹਮ ਦੀ ਹੋਂਦ ਨੂੰ ਮੰਨਿਆ ਹੈ। ਪ੍ਰਭੂ ਆਪੇ ਸ੍ਰਿਸ਼ਟੀ ਦਾ ਕਾਰਨ ਹੈ ਅਤੇ ਆਪੇ ਇਸ ਦੇ ਅਨੇਕਾਂ ਰੂਪਾਂ ਰੰਗਾਂ ਦੁਆਰਾ ਪ੍ਰਕਾਸ਼ਮਾਨ ਹੋ ਰਿਹਾ ਹੈ। ਉਹ ਆਪੇ ਕਰਤਾ ਅਤੇ ਆਪੇ ਹੀ ਭੁਗਤਾ ਹੈ। ਅੰਤਰਜਾਮੀ ਹੁੰਦਾ ਹੋਇਆ ਉਹ ਸਭ ਕੁਝ ਵੇਖ ਰਿਹਾ ਹੈ, ਪਰ ਨਿਰਲੇਪ ਹੋਣ ਕਰਕੇ ਉਸ ਨੂੰ ਕੋਈ ਨਹੀਂ ਵੇਖ ਸਕਦਾ। ਗੁਰੂ ਅਮਰਦਾਸ ਨੇ ਇਕ ਬਹੁਤ ਸੁੰਦਰ

---

17. ਆਦਿ-ਗ੍ਰੰਥ...ਪੰਨਾ 117
18. ਆਦਿ-ਗ੍ਰੰਥ...ਪੰਨਾ 509



Digitized by Panjab Digital Library | www.panjabdigilib.org

ਅਲੰਕਾਰ ਦੁਆਰਾ ਸੰਸਾਰ ਵਿਚ ਜੀਵ-ਆਤਮਾ ਅਤੇ ਪਰਮਾਤਮਾ ਦੀ ਹੋਂਦ ਨੂੰ ਦਰਸਾਇਆ ਹੈ। ਗੁਰੂ ਜੀ ਨੇ ਮਨੁੱਖੀ-ਸਰੀਰ ਨੂੰ ਇਕ ਬਿਰਖ ਨਾਲ ਉਪਮਾ ਦਿੱਤੀ ਹੈ, ਜਿਸ ਉਤੇ ਦੋ ਪੰਖੀ ਜੀਵ-ਆਤਮਾ ਅਤੇ ਪਰਮਾਤਮਾ ਇਕ ਦੂਜੇ ਨਾਲ ਇਸ ਤਰ੍ਹਾਂ ਸਬੰਧਤ ਹਨ ਕਿ ਜੀਵ-ਆਤਮਾ ਜਿੱਥੇ ਹਰੀ-ਰਸ ਜਾਂ ਬਹੁ-ਰੰਗੀ ਫਲਾਂ ਨੂੰ ਚੱਖਦਾ ਅਤੇ ਭੋਗਾਂ ਨੂੰ ਭੋਗਦਾ ਹੈ, ਉਥੇ ਪਰਮਾਤਮਾ-ਰੂਪੀ ਪਖੀ ਕੇਵਲ ਸਾਖੀ ਰੂਪ ਹੋ ਨਿਰਲੇਪ ਰਹਿੰਦਾ ਹੈ :—

ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ।
ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ।
ਬਹੁ-ਰੰਗੀ ਰਸ ਭੋਗਿਆ ਸਬਦਿ ਰਹੈ ਨਿਰਬਾਣੁ ।
ਹਰਿ ਰਸਿ ਫਲਿ ਰਾਤੇ ਨਾਨਕਾ ਕਰਮਿ ਸਚਾ ਨੀਸਾਣੁ ।

(ਬਿਹਾਗੜੇ ਕੀ ਵਾਰ ਮ: ੪ ਸਲੋਕ ਮ: ੩)[19]

ਬੇਸ਼ਕ ਗੁਰੂ ਅਮਰਦਾਸ ਨੇ ਜੁੱਗਾਂ ਜੁੱਗਾਂਤਰਾਂ ਵਿਚ ਭਗਤਾਂ ਦੀ ਰੱਖਿਆ ਲਈ ਪ੍ਰਭੂ ਦੇ ਕਲਾਧਾਰੀ ਅਤੇ ਪਰਗਟ ਰੂਪ ਨੂੰ ਸਵੀਕਾਰ ਕੀਤਾ ਹੈ, ਜਿਵੇਂ ਪ੍ਰਹਿਲਾਦ ਭਗਤ ਦੀ ਰੱਖਿਆ ਲਈ ਉਨ੍ਹਾਂ ਹਰਣਾਖ਼ਸ਼ ਦੇ ਮਾਰਨ ਲਈ ਭਗਵਾਨ ਨੂੰ ਥੰਮ ਪਾੜ ਕੇ ਪਰਗਟ ਹੁੰਦਿਆਂ ਦਰਸਾਇਆ ਹੈ ; ਪਰ ਜਿਵੇਂ ਗੁਰੂ ਜੀ ਦੀ ਬਾਣੀ ਦੁਆਰਾ ਸਪਸ਼ਟ ਹੁੰਦਾ ਹੈ, ਪ੍ਰਭੂ ਗਰਭ-ਜੋਨੀ ਵਿਚ ਨਹੀਂ ਪੈਂਦਾ ਅਤੇ ਉਹ ਜਨਮ ਮਰਨ ਤੋਂ ਬਾਹਰ "ਅਜੋਨੀ" ਹੈ। ਕਿਉਂਕਿ ਤ੍ਰੈਗੁਣ ਵੀ ਉਸੇ ਨੇ ਪੈਦਾ ਕੀਤੇ ਹਨ , ਇਸ ਲਈ ਉਸ ਵਿਚ ਹਰ ਸਮੇਂ ਹਰ ਇਕ ਰੂਪ ਧਾਰ ਸਕਣ ਦੀ ਸਮਰੱਥਾ ਹੈ। ਪਰ ਉਹ ਜੀਵਾਂ ਜੰਤੂਆਂ ਵਾਂਗ ਨਾ ਜਨਮ ਧਾਰਦਾ ਅਤੇ ਨਾ ਹੀ ਉਹ ਮਰਦਾ ਹੈ। ਅਵਿਤਾਰਾਂ ਬਾਰੇ ਗੁਰੂ ਜੀ ਨੇ ਫ਼ਰਮਾਇਆ ਹੈ ਕਿ ਉਨ੍ਹਾਂ ਨੂੰ ਗਿਣਤੀ ਦੀਆਂ ਸ਼ਕਤੀਆਂ ਚੌਦਾਂ ਕਲਾਂ, ਸੋਲ੍ਹਾਂ ਕਲਾ, ਆਦਿ) ਪ੍ਰਦਾਨ ਕਰਕੇ ਪਰਮਾਤਮਾ ਪੈਦਾ ਕਰਦਾ ਹੈ ਅਤੇ ਬੇਸ਼ਕ ਪਰਮਾਤਮਾ ਉਨ੍ਹਾਂ ਦੇ ਹਰ ਕਰਮ ਨੂੰ ਸਾਖੀ ਰੂਪ ਹੋਕੇ ਵੇਖਦਾ ਪਰਖਦਾ ਹੈ, ਉਹ ਪਰਮਾਤਮਾ ਦਾ ਅੰਤ ਨਹੀਂ ਪਾ ਸਕਦੇ :—

ਅੰਸਾ ਅਉਤਾਰ ਉਪਾਇਓਨ ਭਾਉ ਦੂਜਾ ਕੀਆ ।
ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ ।
ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨੀ ਨ ਲਹੀਆ ।

---

19. ਆਦਿ-ਗ੍ਰੰਥ...ਪਨਾ 550



Digitized by Panjab Digital Library | www.panjabdigilib.org

ਨਿਰਭਉ ਨਿਰੰਕਾਰੁ ਅਲਖੁ ਹੈ ਗੁਰਮੁਖਿ ਪ੍ਰਗਟੀਆ ।
ਤਿਥੈ ਸੋਗ ਵਿਜੋਗੁ ਨ ਵਿਆਪਈ ਅਸਥਿਰ ਜਗਿ ਥੀਆ ।

(ਗੂਜਰੀ ਕੀ ਵਾਰ ਮ: ੩)20

ਵੈਸੇ ਗੁਰੂ ਨਾਨਕ ਦੇਵ ਵਾਂਗ ਹੀ ਗੁਰੂ ਅਮਰਦਾਸ ਨੇ ਕਿਸੇ ਵੀ ਧਰਮ ਨੂੰ ਬੁਰਾ ਨਹੀਂ ਆਖਿਆ, ਸਗੋਂ ਵੱਖ ਵੱਖ ਧਰਮਾਂ ਦੇ ਅਨੁਯਾਈਆਂ ਨੂੰ ਆਪੋ ਆਪਣੇ ਧਰਮ ਦੁਆਰਾ ਸੱਚੇ ਧਰਮੀ ਬਣਨ ਦਾ ਉਪਦੇਸ਼ ਕੀਤਾ ਹੈ ।

(ਅ) ਧਾਰਮਕ ਰਵਾ-ਦਾਰੀ :—

ਜਿਵੇਂ ਉੱਪਰ ਸੰਕੇਤ ਕੀਤਾ ਹੈ, ਗੁਰੂ ਅਮਰਦਾਸ ਸੱਚ ਦਾ ਪ੍ਰਕਾਸ਼ ਕਿਸੇ ਵਿਸ਼ੇਸ਼ ਧਰਮ ਦੀ ਮਲਕੀਅਤ ਆਖਣ ਦੀ ਥਾਂ, ਦੁਨੀਆਂ ਭਰ ਦੇ ਸਭਨਾਂ ਧਰਮਾਂ ਦੁਆਰਾ ਸੰਭਵ ਮੰਨਦੇ ਹਨ । ਇਸੇ ਲਈ ਜਦੋਂ ਉਹ ਕਦਮ ਕਦਮ ਉੱਤੇ ਦੁਨੀਆਂ ਨੂੰ ਤ੍ਰਿਸ਼ਨਾ ਦੀ ਅਗਨੀ ਵਿਚ ਸੜਦਿਆਂ ਵੇਖਦੇ ਹਨ, ਤਾਂ ਪ੍ਰਭੂ ਦੇ ਦਰ ਅਰਦਾਸ ਕਰਨ ਸਮੇਂ ਇਹ ਨਹੀਂ ਆਖ ਦੇ ਪਈ ਜਿਹੜਾ ਗੁਰੂ ਨਾਨਕ ਦੇਵ ਦੇ ਦੁਆਰੇ ਆ ਜਾਵੇ ਕੇਵਲ ਉਸੇ ਦਾ ਉੱਦਾਰ ਹੋਵੇ । ਇਸ ਦੇ ਉਲਟ ਉਹ ਤਾਂ ਇਹ ਆਖਦੇ ਹਨ ਕਿ ਜਿਸ ਧਰਮ, ਜਿਸ ਮੱਤ ਜਾਂ ਜਿਸ ਸਿਧਾਂਤ ਦੁਅਰਾ ਵੀ ਦੁੱਖਾਂ ਤੇ ਭੁੱਖਾਂ ਦੀ ਅੱਗ ਵਿਚ ਸੜ ਰਹੀ ਦੁਨੀਆਂ ਬਚ ਸਕਦੀ ਹੈ, ਦੁਨੀਆਂ ਨੂੰ ਹਰ ਹਾਲਤ ਵਿਚ ਬਚਾਉਣਾ ਚਾਹੀਦਾ ਹੈ । ਗੁਰਦੇਵ ਦੀ ਪ੍ਰਭੂ-ਦਰ ਇਹੋ ਅਰਦਾਸ ਹੈ :—

ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ।
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ।

(ਵਾਰ ਬਿਲਾਵਲ ਮ: ੪ ਸ਼ਲੋਕ ਮ: ੩)[21]

ਦੂਜੇ ਧਰਮਾਂ ਦਾ ਇਹੋ ਜਿਹਾ ਸਤਿਕਾਰ ਅਤੇ ਵੱਖ ਵੱਖ ਸੰਪ੍ਰਦਾਵਾਂ ਦੇ ਅਨੁਯਾਈਆਂ ਨੂੰ ਉਨ੍ਹਾਂ ਦੇ ਧਰਮਾਂ ਦੀ ਜੁਗਤੀ ਅਨੁਸਾਰ ਹੀ ਸੱਚ-ਰੂਪੀ ਪਰਮਾਤਮਾ ਦੇ ਆਦਰਸ਼ ਤਕ ਪੁੱਜਣ ਦਾ ਉਪਦੇਸ਼ ਕਰਨਾ ਗੁਰੂ ਅਮਰਦਾਸ ਸਮੇਤ ਗੁਰਮਤਿ-ਮਾਰਗ ਦੇ ਸੰਤ-ਕਵੀਆਂ ਦੇ ਹੀ ਹਿੱਸੇ ਆਇਆ ਹੈ । ਗੁਰੂ ਨਾਨਕ ਦੇਵ ਨੇ ਵੀ ਇਕ ਬ੍ਰਾਹਮਣ ਨੂੰ ਸੱਚਾ ਬ੍ਰਾਹਮਣ , ਇਕ ਜੋਗੀ ਨੂੰ ਸੱਚਾ ਜੋਗੀ ਅਤੇ ਇਕ ਮੁਲਮਾਨ ਨੂੰ ਸੱਚਾ ਮੁਸਲਮਾਨ ਬਣਨ ਦਾ ਸਰਲ ਮਾਰਗ ਦਰਸਾਇਆ ਸੀ । ਉਸੇ ਪਰੰਪਰਾ ਨੂੰ ਅੱਗੇ ਤੋਰਦੇ ਹੋਇਆਂ ਗੁਰੂ ਅਮਰਦਾਸ ਨੇ ਸੱਚਾ ਬ੍ਰਾਹਮਣ, ਸੱਚਾ ਜੋਗੀ, ਸੱਚਾ ਪੰਡਿਤ, ਸੱਚਾ ਅਭਿਆਗਤ, ਸੱਚਾ ਸ਼ੇਖ਼, ਸੱਚ ਦਰਵੇਸ਼, ਸੱਚਾ ਬੈਰਾਗੀ, ਸੱਚਾ ਮੋਨੀ, ਸੱਚਾ ਭਗਉਤੀ, ਆਦਿਕ ਵੱਖ ਵਖ ਧਰਮਾਂ

---

20. ਆਦਿ-ਗ੍ਰੰਥ...ਪੰਨਾ 516
21. ਆਦਿ-ਗ੍ਰੰਥ...ਪੰਨਾ 853



Digitized by Panjab Digital Library | www.panjabdigilib.org

ਅਤੇ ਸੰਪ੍ਰਦਾਵਾਂ ਦੀ ਸਾਧਨਾ-ਭਗਤੀ ਨਾਲ ਸਬੰਧਤ ਆਦਰਸ਼ਾਂ ਦਾ ਨਿਰੂਪਣ ਕੀਤਾ ਹੈ। ਅਮਰਦਾਸ ਦੀ ਵਿਚਾਰ-ਧਾਰਾ ਦੀ ਆਧਾਰ-ਸ਼ਿਲਾ ਇਹ ਹੈ ਕਿ ਬਾਹਰਮੁਖੀ ਭੇਖਾਂ ਅਤੇ ਅਡੰਬਰਾਂ ਵਿਚ ਉਲਝਣ ਨਾਲ ਪ੍ਰਭੂ ਦਾ ਮਿਲਾਪ ਨਹੀਂ ਹੁੰਦਾ। ਸੱਚ-ਰੂਪੀ-ਪ੍ਰਭੂ ਤਾਂ ਹਿਰਦੇ-ਰੂਪੀ ਘਰ ਵਿਚੋਂ ਸੁਰਤੀ ਦੇ ਵਿਕਾਸ ਨਾਲ ਵਿਖਾਈ ਦਿੰਦਾਂ ਹੈ।

ਇਸ ਲਈ ਗੁਰੂ ਅਮਰਦਾਸ ਨੇ ਜਾਤਿ-ਜਨਮ ਦਾ ਅਭਿਮਾਨ ਕਰਨ ਵਾਲੇ ਬ੍ਰਾਹਮਣਾਂ ਨੂੰ ਚੇਤਾਵਨੀ ਕੀਤੀ ਕਿ ਸੱਚਾ ਬ੍ਰਾਹਮਣ ਉਚੇਰੀ ਜਾਤਿ ਵਿਚ ਜਨਮ ਲੈਣ ਨਾਲ ਨਹੀਂ ਬਣਦਾ, ਸਗੋਂ ਬ੍ਰਹਮ ਦਾ ਗਿਆਨ ਪ੍ਰਾਪਤ ਹੋਣ ਉਤੇ ਹੀ ਕੋਈ ਇਸ ਵਿਸ਼ੇਸ਼ਣ ਦਾ ਅਧਿਕਾਰੀ ਹੈ।

ਉਨ੍ਹਾਂ ਭਾਂਤ ਭਾਂਤ ਦੇ ਭੇਖਾਂ ਵਾਲੇ ਜੋਗੀਆਂ ਨੂੰ ਸੰਦੇਸ਼ ਦਿੱਤਾ ਕਿ ਸੱਚਾ-ਜੋਗੀ ਬਣਨ ਲਈ ਸ਼ਕਤੀ-ਘਰ ਵਿੱਚੋਂ ਨਿਕਲ ਕੇ ਸ਼ਿਵਨਗਰੀ ਵਿਚ ਸੁਰਤਿ ਟਿਕਾਓ ਅਤੇ ਆਸ਼ਾ-ਤ੍ਰਿਸ਼ਨਾ ਨੂੰ ਮਾਰ ਕੇ ਸਹਜ ਵਿਚ ਸਮਾਂ ਜਾਓ। ਵੇਦ-ਮੰਤਰਾਂ ਨੂੰ ਉੱਚੀ ਉੱਚੀ ਰਟਨ ਵਾਲੇ ਵਿਦਵਾਨ ਪੰਡਿਤਾਂ ਨੂੰ ਉਨ੍ਹਾਂ ਸਮਝਾ-ਇਆ ਕਿ ਵੇਦਾਂ ਵਿਚ ਨਾਮ ਜੋ ਉੱਤਮ ਵਸਤੂ ਹੈ, ਉਸ ਨੂੰ ਗ੍ਰਹਿਣ ਕਰਨ ਬਿਨਾ ਵੇਦ-ਮੰਤਰ ਪੜ੍ਹਨ ਦਾ ਕੋਈ ਲਾਭ ਨਹੀਂ। ਧਰਮ-ਗ੍ਰੰਥਾਂ ਦੀ ਵਿਆਖਿਆ ਕਰਨ ਵਾਲੇ ਵਿਦਵਾਨ ਜੇਕਰ ਨਾਮ ਦੀ ਥਾਂ ਕਿਤਾਬੀ ਗਿਆਨ ਦਾ ਅਭਿਮਾਨ ਆਪਣੇ ਮਨ ਉਤੇ ਚੜ੍ਹਾ ਲੈਂਦੇ ਹਨ, ਤਾਂ ਉਹ ਤ੍ਰੈਗੁਣੀ ਮਾਇਆ ਦੇ ਜਾਲ ਵਿਚ ਫਸ ਕੇ ਸਾਰੀ ਉਮਰ ਭਟਕਦੇ ਰਹਿੰਦੇ ਹਨ। ਇਹੋ ਹਾਲ ਇਸਲਾਮ ਧਰਮ ਦਾ ਪ੍ਰਚਾਰ ਕਰਨ ਵਾਲੇ ਉਨ੍ਹਾਂ ਸ਼ੇਖਾਂ ਦਾ ਹੈ, ਜੋ ਖ਼ੁਦਾ ਦੇ ਅਸਲ ਘਰ ਨੂੰ ਭੁਲ ਕੇ ਏਧਰ ਓਧਰ ਦੇ ਵਾਦ-ਵਿਵਾਦ ਵਿਚ ਆਪਣਾ ਸਮਾਂ ਵਿਅਰਥ ਗੁਆ ਰਹੇ ਹਨ। ਮੁਸਲਮਾਨਾਂ ਵਿਚ ਦਰਵੇਸ਼ਾਂ ਅਤੇ ਹਿੰਦੂਆਂ ਵਿਚ ਅਭਿਆਗਤਾਂ ਦਾ ਬਹੁਤ ਸਤਿਕਾਰ ਕੀਤਾ.ਜਾਂਦਾ ਹੈ। ਪਰ ਗੁਰੂ ਜੀ ਨੇ ਦਰਵੇਸ਼ ਨੂੰ ਆਸਾਂ ਤੇ ਅੰਦੇਸ਼ੇ ਤਿਆਗ ਨੇ ਨਾਮ ਦੀ ਭਿਖਿਆ ਦੁਆਰਾ ਸੱਚਾ-ਦਰਵੇਸ਼ ਬਣਨ ਦੀ ਪ੍ਰੇਰਨਾ ਕੀਤੀ ਹੈ। ਇਸੇ ਤਰ੍ਹਾਂ ਭੋਜਨ ਆਦਿ ਦੀ ਭਿੱਖਿਆ ਲਈ ਘਰ ਘਰ ਫਿਰਨ ਵਾਲੇ ਅਭਿਆਗਤਾਂ ਨੂੰ ਵੀ ਗੁਰੂ ਜੀ ਨੇ ਬਾਰਹਮੁਖੀ ਭ੍ਰਮਣ ਛੱਡ ਕੇ ਆਤਮਕ -ਗਵਣ ਦੁਆਰਾ ਸੱਚੇ ਅਭਿਆਗਤ ਬਣਨ ਦਾ ਮਾਰਗ ਦਰਸਾਇਆ, ਤਾਂ ਜੋ ਉਹ ਪੇਟ ਦੀ ਖਾਤਰ ਘਰ ਘਰ ਫਿਰਨ ਦੀ ਥਾਂ ਆਪਣੇ ਅਸਲੀ ਆਤਮਕ ਘਰ (ਨਿਜਘਰ) ਵਿਚ ਪ੍ਰਵੇਸ਼ ਕਰ ਸਕਣ। ਗੁਰੂ ਅਮਰਦਾਸ ਦੇ ਕਥਨ ਅਨੁਸਾਰ ਸੱਚਾ ਬੈਰਾਗ ਪਰਵਾਰਕ ਪਿਆਰ ਅਤੇ ਸੰਸਾਰਕ ਕਾਰ-ਵਿਹਾਰ ਨਾਲ ਸਬੰਧ ਤੋੜਨ ਦੀ ਥਾਂ ਸੰਸਾਰਕ ਕਾਰ ਵਿਹਾਰ ਹੋਇਆ ਕਰਦੇ ਆਪਣਾ ਮਨ ਸਚੀ-ਲਿਵ ਦੁਆਰਾ ਪ੍ਰਭੂ ਨਾਲ ਜੋੜੀ ਰੱਖਣ ਵਿਚ ਹੈ। ਸੱਚਾ-ਮੋਨੀ ਵੀ ਓਦੋਂ ਬਣਦਾ ਹੈ, ਜਦੋਂ ਉਹ ਆਪਣੇ ਮਨ ਦੀ ਦੁਬਿਧਾ ਮਾਰ ਕੇ ਕੇਵਲ ਬ੍ਰਹਮ ਦਾ ਵਿਚਾਰ ਕਰੇ। ਇਸੇ ਤਰ੍ਹਾਂ ਸੱਚਾ ਭਗਉਤੀ ਵੀ ਬਾਹਰਮੁਖੀ ਅਡੰਬਰਾਂ ਦੀ ਥਾਂ ਗੁਰਸ਼ਬਦ ਦੀ ਕਮਾਈ ਅਨੁਸਾਰ ਆਪਣੇ ਮਨ ਨੂੰ ਮਾਰ ਕੇ ਹੀ ਬਣਦਾ ਹੈ। ਗੁਰੂ ਅਮਰਦਾਸ ਨੇ ਆਪਣੀ ਸਮੁੱਚੀ ਬਾਣੀ ਰਾਹੀਂ ਬਾਹਰਮੁਖੀ ਅਡੰਬਰਾਂ ਦੀ ਥਾਂ ਸੱਚ ਅਤੇ ਸੰਜਮ ਦੀ ਕਰਣੀ ਉਤੇ ਜ਼ੋਰ ਦਿੱਤਾ ਹੈ, ਤਾਂ ਜੋ ਮਨੁੱਖ ਨੂੰ ਆਪਣੇ ਅਸਲੇ ਦੀ ਪਛਾਣ ਹੋਵੇ।



Digitized by Panjab Digital Library | www.panjabdigilib.org

ਮਨੁੱਖੀ-ਮਨ ਜੋਤਿ-ਸਰੂਪੀ ਹੈ ਅਤੇ ਪ੍ਰਭੂ ਹਰ ਖਿਨ ਇਸ ਦੇ ਨਾਲ ਹੈ। ਪਰ ਇਹ ਅੰਦਰਲੀ ਅੱਖ ਗੁਰਮਤਿ ਦੇ ਗਿਆਨ ਦੁਆਰਾ ਹੀ ਖੁਲ੍ਹਦੀ ਹੈ।

ਗੁਰੂ ਅਮਰਦਾਸ ਦੇ ਕਾਵਿ-ਅਨੁਭਵ ਦੀ ਦ੍ਰਿਸ਼ਟੀ ਤੋਂ ਇਥੇ ਇਹ ਸੰਕੇਤ ਕਰ ਦੇਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਉੱਪਰ ਕਥਿਤ ਵੱਖ ਵੱਖ ਧਰਮਾਂ ਅਤੇ ਸੰਪ੍ਰਦਾਵਾਂ ਬਾਰੇ ਗੁਰੂ ਅਮਰਦਾਸ ਨੂੰ ਨਿੱਜੀ ਅਨੁਭਵ ਸੀ। ਬੇਸ਼ਕ ਗੁਰਗੱਦੀ ਉਤੇ ਸਥਾਪਤ ਹੋਣ ਤੋਂ ਪਹਿਲਾਂ ਵੀ ਉਹ ਕਈ ਵਾਰ ਹਰਿਦੁਆਰ ਆਦਿਕ ਪ੍ਰਸਿੱਧ ਹਿੰਦੂ ਤੀਰਥਾਂ ਦੀ ਯਾਤਰਾ ਕਰ ਚੁੱਕੇ ਸਨ ਅਤੇ ਵੱਖ ਵੱਖ ਧਰਮਾਂ ਅਤੇ ਸੰਪ੍ਰਦਾਵਾਂ ਦੇ ਅਨੁਯਾਈਆਂ ਨਾਲ ਉਨ੍ਹਾਂ ਦਾ ਅਨੇਕਾਂ ਵਾਰ ਮੇਲ ਹੋ ਚੁੱਕਾ ਸੀ, ਪਰ ਗੁਰਗੱਦੀ ਉਤੇ ਸਥਾਪਤ ਹੋਣ ਉਪਰੰਤ ਉਨ੍ਹਾਂ ਦੇ ਦਰਬਾਰ ਵਿਚ ਆਏ ਦਿਨ ਦੂਜੇ ਧਰਮਾਂ ਅਤੇ ਸੰਪ੍ਰਦਾਵਾਂ ਦੇ ਪ੍ਰਚਾਰਕ ਅਤੇ ਅਨੁਯਾਈ ਹਾਜ਼ਰ ਹੁੰਦੇ ਰਹਿੰਦੇ ਸਨ। ਗੁਰੂ ਰਾਮਦਾਸ ਰਚਿਤ ਤੁਖਾਰੀ ਰਾਗ ਦੇ ਚਉਪਦੇ ਵਿਚ ਗੁਰੂ ਅਮਰਦਾਸ ਦੁਆਰਾ ਲੋਕਾਂ ਦੇ ਉੱਦਾਰ ਲਈ (ਲੋਕ ਉਧਰਨ ਅਰਥਾ) ਕੀਤੀ ਗਈ ਕੁਰਖੇਤਰ, ਜਮਨਾ ਜੀ, ਹਰਿਦੁਆਰ, ਆਦਿਕ ਤੀਰਥਾਂ ਦੀ ਯਾਤਰਾ ਦਾ ਰਮਜ਼ਾਂ-ਭਰਿਆ ਵਰਣਨ ਕੀਤਾ ਗਿਆ। ਉਸ ਚਉਪਦੇ ਅਨੁਸਾਰ ਜਦੋਂ ਗੁਰੂ ਅਮਰਦਾਸ ਉਪਰੋਕਤ ਤੀਰਥਾਂ ਉਤੇ ਪਹੁੰਚੇ, ਤਾਂ ਉਨ੍ਹਾਂ ਦੇ ਦਰਸ਼ਨਾਂ ਲਈ ਕਈ ਧਰਮਾਂ ਅਤੇ ਸੰਪ੍ਰਦਾਵਾਂ ਦੇ ਆਗੂ ਅਤੇ ਅਨੁਯਾਈ ਆਏ ਅਤੇ ਗੁਰੂ ਜੀ ਨਾਲ ਉਨ੍ਹਾਂ ਗੋਸ਼ਟੀਆਂ ਵੀ ਕੀਤੀਆਂ।

ਵੈਸੇ ਗੋਇੰਦਵਾਲ ਗੁਰੂ ਅਮਰਦਾਸ ਦੇ ਸਮੇਂ ਸਿੱਖ-ਧਰਮ ਦਾ ਸਭ ਤੋਂ ਵੱਡਾ ਕੇਂਦਰ ਸੀ ਅਤੇ ਉਹਨੀਂ ਦਿਨ ਉਹ ਨਗਰ ਲਾਹੌਰ ਦੀ ਸ਼ਾਹ-ਰਾਹ ਉਤੇ ਸੀ। ਹਿੰਦੂਆਂ ਦੇ ਵੱਖ ਵੱਖ ਮੱਤਾਂ ਦੇ ਆਗੂਆਂ ਤੋਂ ਇਲਾਵਾ ਮੁਸਲਮਾਨ ਫ਼ਕੀਰ ਅਤੇ ਇਸਲਾਮ ਧਰਮ ਦੇ ਪ੍ਰਚਾਰਕ ਵੀ ਗੁਰੂ ਜੀ ਦੇ ਦਰਸ਼ਨਾਂ ਤੋਂ ਲਾਭ ਉਠਾਉਂਦੇ ਸਨ। ਗੁਰੂ ਜੀ ਦੀਆਂ ਪ੍ਰਚਾਰਕ ਮੰਜੀਆਂ ਵਿਚ ਹਿੰਦੂਆਂ ਤੋਂ ਸਿੱਖ-ਧਰਮ ਵਿਚ ਪ੍ਰਵੇਸ਼ ਕਰਨ ਵਾਲਿਆਂ ਦੇ ਨਾਲ ਅੱਲਾ-ਯਾਰ ਵਰਗੇ ਮੁਸਲਮਾਨ ਵੀ ਸਨ। ਗੱਲ ਕੀ, ਗੁਰੂ ਅਮਰਦਾਸ ਦੀ ਦੈਵੀ ਸ਼ਖ਼ਸ਼ੀਅਤ ਦੀ ਮਹਿਮਾ ਦੂਰ ਦੂਰ ਤਕ ਫੈਲੀ ਹੋਈ ਸੀ, ਪਰ ਫੇਰ ਵੀ, ਕਦੇ ਕਦਾਈਂ ਕੋਈ ਜਾਤਿ-ਅਭਿਮਾਨੀ ਬ੍ਰਾਹਮਣ ਅਤੇ ਕਦੇ ਕੋਈ ਕੱਟੜ-ਪੰਥੀ ਸ਼ੇਖ਼ ਵੀ ਆਪਣੇ ਕਿਤਾਬੀ ਗਿਆਨ ਦੀ ਪਰਦਰਸ਼ਨੀ ਕਰਨ ਆ ਜਾਂਦਾ ਸੀ। ਕਿਉਂਕਿ ਗੁਰੂ ਜੀ ਆਤਮਕ ਵਿਕਾਸ ਦੀ ਸਭ ਤੋਂ ਉੱਚੀ ਅਵੱਸਥਾ ਵਿਚ ਪੁੱਜੇ ਹੋਏ ਮਹਾਂ-ਪੁਰਖ ਸਨ, ਇਸਲਈ ਕਿਤਾਬੀ-ਗਿਆਨ ਜਾਂ ਅਕਲੀ ਚਤਰਾਈਆਂ ਵਾਲਿਆਂ ਦੀ ਗੁਰੂ ਜੀ ਦੇ ਸਹਜ-ਅਨੁਭਵ ਸਾਹਮਣੇ ਕੋਈ ਪੇਸ਼ ਨਹੀਂ ਸੀ ਜਾਂਦੀ। ਹੇਠ ਲਿਖੀਆਂ ਤੁਕਾਂ ਰਾਹੀਂ ਗੁਰੂ ਜੀ ਨੇ ਇਕ ਇਹੋ ਜਿਹੇ ਸ਼ੇਖ਼ ਨੂੰ ਹੀ ਅਕਲੀ ਚਤਰਾਈਆਂ ਛੱਡ ਕੇ ਆਪਣੇ ਮੁਰਸ਼ਦ ਦੀ ਸਿੱਖਿਆ ਅਨੁਸਾਰ ਅਮਲੀ-ਜੀਵਨ ਜਿਊਣ ਦੀ ਪ੍ਰੇਰਨਾ ਕੀਤੀ ਹੈ:—

**ਸ਼ੇਖਾ ਚਉਚਕਿਆ ਚਉਵਾਇਆ ਏਹੁ ਮਨ ਇਕਤੁ ਘਰਿ ਆਣਿ।**
**ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣ।**



Digitized by Panjab Digital Library | www.panjabdigilib.org

(ਸੋਰਠਿ ਕੀ ਵਾਰ ਮ: ੪ ਸ਼ਲੋਕ ਮ: ੩)[22]

ਉਪਰੋਕਤ ਤੁਕਾਂ ਵਿਚ ਗੁਰੂ ਜੀ ਦਾ ਆਖਣ-ਢੰਗ ਪਿਆਰ ਅਤੇ ਹਮਦਰਦੀ ਭਰਿਆ ਹੈ। ਇੰਜ ਲਗਦਾ ਹੈ, ਜਿਵੇਂ ਇਕ ਬਜ਼ੁਰਗ ਪਿਤਾ ਆਣੇ ਚੰਚਲ-ਚਿਤ ਪੁਤਰ ਨੂੰ ਕੁਝ ਪਿਆਰ, ਕੁਝ ਹਮਦਰਦੀ ਅਤੇ ਕੁਝ ਸਖਤੀ ਨਾਲ ਸਿਧੇ ਮਾਰਗ ਉਤੇ ਪਾ ਰਿਹਾ ਹੈ। ਕੁਝ ਸ਼ਬਦ (ਚਉਚਕਿਆ, ਚਉ-ਵਾਇਆ, ਏਹੜ ਤੇਹੜ, ਆਦਿਤ੍ਰ) ਵੀ ਉਚੇਚਾ ਧਿਆਨ ਮੰਗਦੇ ਹਨ। ਜਿਹੜੇ ਬਹੁਤਾ ਪੜ੍ਹੇ ਵਿਦਵਾਨ ਗੁਰੂ ਅਮਰਦਾਸ ਸਮੇਤ ਪੰਜਾਬ ਦੇ ਜੰਮੇ ਪਲੇ ਗੁਰੂ ਸਾਹਿਬਾਨ ਦੀ ਬੋਲੀ ਨੂੰ ਪੰਜਾਬੀ ਆਖਣ ਤੋਂ ਝਿਜਕਦੇ ਹਨ ਅਤੇ ਬਦੋਬਦੀ ਉਨ੍ਹਾਂ ਦੀ ਬੋਲੀ ਉਤੇ "ਸੰਤ-ਭਾਖਾ" (ਜਿਸਦੇ ਲਛਣਾਂ ਬਾਰੇ ਅਜੇ ਤੀਕ ਭਰੋਸੇ-ਯੋਗ ਅਤੇ ਵਿਗਿਆਨਕ ਖੋਜ ਨਹੀਂ ਹੋਈ) ਦਾ ਠੱਪਾ ਲਗਾਉਂਦੇ ਹਨ, ਉਹ ਜ਼ਰਾ ਗੁਰੂ ਅਮਰਦਾਸ ਦਾ ਬੋਲੀ ਦਾ ਵਿਗਿਆਨਕ ਵਿਸ਼ਲੇਸ਼ਣ ਕਰਨ ਅਤੇ ਉਨ੍ਹਾਂ ਨੂੰ ਗੁਰੂ ਅਮਰਦਾਸ ਦੀ ਬੋਲੀ ਸੋਲ੍ਹਵੀਂ ਸਦੀ ਈਸਵੀ ਦੇ ਅੰਮ੍ਰਿਤਸਰ ਦੇ ਆਸ ਪਾਸ ਦੇ ਪੇਂਡੂ ਲਹਿਜੇ ਵਾਲੀ ਕੇਂਦਰੀ ਪੰਜਾਬੀ ਸਿੱਧ ਹੋਵੇਗੀ। ਗੁਰਮਤਿ-ਕਾਵਿ ਅਤੇ ਭਾਰਤ ਦੇ ਭਗਤੀ-ਕਾਵਿ ਦੀ ਪਰੰਪਰਾ ਨਾਲ ਸਬੰਧਤ ਹੋਣ ਕਰਕੇ ਗੁਰੂ ਜੀ ਦੇ ਅਧਿਆਤਮਕ ਅਨੁਭਵ ਦੇ ਵਰਣਨ ਵਿਚ ਭਗਤੀ-ਕਾਵਿ ਦੀ ਪਰੰਪਰਾਗਤ ਸ਼ਬਦਾਵਲੀ ਦੇ ਪ੍ਰਚਲਤ ਸ਼ਬਦਾਂ ਦਾ ਆ ਜਾਣਾ ਸੁਭਾਵਕ ਸੀ। ਇਸ ਬਾਰੇ ਵਿਸਥਾਰ ਸਹਿਤ ਕਦੇ ਫੇਰ ਵਿਚਾਰ ਕੀਤੀ ਜਾਵੇਗੀ। ਵੈਸੇ ਇੱਥੇ ਇਹ ਸੰਕੇਤ ਕਰਨਾ ਹੀ ਕਾਫੀ ਹੈ ਕਿ ਗੁਰੂ ਅਮਰਦਾਸ ਨੇ ਆਪਣੇ ਅਧਿਆਤਮਕ ਅਨੁਭਵ ਅਰਥਾਤ ਆਪਣੀ ਕਵਿਤਾ ਦੇ ਵਿਸ਼ੇ-ਵਸਤੂ ਦਾ ਵਰਣਨ ਬਹੁਤ ਸੌਖੀ, ਸਰਲ, ਸੁਭਾਵਕ ਅਤੇ ਪ੍ਰਭਾਵਸ਼ਾਲੀ ਬੋਲੀ ਦੁਆਰਾ ਕੀਤਾ ਹੈ।

## (ਏ) ਸ੍ਰਿਸ਼ਟੀ-ਰਚਨਾ :

ਸ੍ਰਿਸ਼ਟੀ ਦੇ ਮੁੱਢ ਬਾਰੇ ਬਾਰੇ ਗੁਰੂ ਅਮਰਦਾਸ ਵਿਗਿਆਨੀਆਂ ਅਤੇ ਫ਼ਿਲਾਸਫਰਾਂ ਦੇ ਉਲਟ ਇਕ ਪ੍ਰਭੂ-ਭਗਤ ਕਵੀ ਵਾਂਗ ਸ੍ਰਿਸ਼ਟੀ-ਰਚਨਾ ਦਾ ਕਾਰਨ ਕੇਵਲ ਪਰਮਾਤਮਾ ਨੂੰ ਹੀ ਮੰਨਦੇ ਹਨ। ਉਨ੍ਹਾਂ ਦਾ ਕਾਵਿਕ-ਸੱਚ ਅਤੇ ਸ਼ਰਧਾ-ਭਰਪੂਰ ਵਰਣਨ ਇਤਨਾ ਪ੍ਰਭਾਵਸ਼ਾਲੀ ਹੈ ਕਿ ਵਿਗਿਆਨੀਆਂ ਅਤੇ ਫ਼ਿਲਾਸਫ਼ਰਾਂ ਦੇ ਅਨੁਮਾਨ ਅਤੇ ਤਰਕ ਨਾਲੋਂ ਰਬ ਦੀ ਹੋਂਦ ਮੰਨਣ ਵਾਲੇ ਲੋਕਾਂ ਨੂੰ ਇਹ ਵਧੇਰੇ ਧੀਰਜ ਦਿੰਦਾ ਹੈ।

ਬੇਸ਼ਕ ਗੁਰੂ ਜੀ ਨੇ ਮਾਰੂ ਰਾਗ ਦੇ ਸੋਲਹਿਆਂ ਅਤੇ ਕਈ ਹੋਰ ਥਾਈਂ ਵੀ ਸ੍ਰਿਸ਼ਟੀ-ਰਚਨਾ

---

22. ਆਦਿ-ਗ੍ਰੰਥ...ਪੰਨਾ 646



Digitized by Panjab Digital Library | www.panjabdigilib.org

ਬਾਰੇ ਆਪਣੇ ਦੈਵੀ ਅਨੁਭਵ ਨੂੰ ਪ੍ਰਗਟਾਇਆ ਹੈ, ਪਰ ਇਸ ਅਨਾਦੀ ਵਿਸ਼ੇ ਦਾ ਵਿਸਥਾਰ ਪੂਰਵਕ ਵਰਣਨ ਉਨ੍ਹਾਂ ਰਚਿਤ ਵਾਰਾਂ, ਵਿਸ਼ੇਸ਼ ਕਰਕੇ ਰਾਮਕਲੀ ਕੀ ਵਾਰ, ਸੂਹੀ ਕੀ ਵਾਰ ਅਤੇ ਗੂਜਰੀ ਕੀ ਵਾਰ ਵਿਚ ਇਤਨਾ ਵਿਕਾਸ-ਸ਼ੀਲ ਅਤੇ ਵੇਰਵੇ ਭਰਪੂਰ ਹੈ ਕਿ ਸ੍ਰਿਸ਼ਟੀ-ਰਚਨਾ ਬਾਰੇ ਗੁਰੂ ਅਮਰਦਾਸ ਦੀ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਦੋਹਾਂ ਦਾ ਗਿਆਨ ਹੋ ਜਾਂਦਾ ਹੈ।

ਗੁਰੂ ਅਮਰਦਾਸ ਨੇ ਸ੍ਰਿਸ਼ਟੀ ਦੀ ਉਤਪਤੀ "ਓਅਕਾਰ" ਸ਼ਬਦ ਤੋਂ ਮਨੀ ਹੈ, ਜੋ ਨਿਰਗੁਣ ਬ੍ਰਹਮ ਦਾ ਸਰਗੁਣ-ਸ਼ਬਦ-ਸਰੂਪ ਹੈ। ਜਿਵੇਂ ਪਹਿਲੇ ਵੀ ਸੰਕੇਤ ਕੀਤਾ ਜਾ ਚੁੱਕਾ ਹੈ, ਗੁਰੂ ਅਮਰਦਾਸ ਨੇ ਨਿਰਗੁਣ ਬ੍ਰਹਮ ਨੂੰ ਅਫੁਰ-ਅਵਸਥਾ ਤੋਂ ਛਤੀਹ ਜੁੱਗਾਂ (ਭਾਵ ਗਿਣਤੀ ਵਿਚ ਨਾ ਆ ਸਕਣ ਵਾਲਾ ਲਮਾ ਸਮਾਂ) ਪਿੱਛੋਂ ਸਰਗੁਣ ਸਰੂਪ ਧਾਰਨ ਕਰਦਿਆਂ ਦਰਸਾਇਆ ਹੈ। ਗੁਰੂ ਜੀ ਦੇ ਅਨੁਭਵ ਅਨੁਸਾਰ ਪ੍ਰਭੂ ਨੇ ਸਾਰੀ ਸ੍ਰਿਸ਼ਟੀ ਨੂੰ ਕੇਵਲ ਇੱਕੋ ਸ਼ਬਦ ਦੁਆਰਾ ਰਚ ਦਿੱਤਾ ਅਤੇ ਆਪਣ ਰਚਨਾ ਵਿਚ ਉਹ ਆਪ ਵੀ ਵਿਆਪਕ ਹੋ ਕੇ ਬੈਠ ਗਿਆ। ਇਕ ਸੁੰਦਰ ਅਲੰਕਾਰ ਅਨੁਸਾਰ ਗੁਰੂ ਜੀ ਸ੍ਰਿਸ਼ਟੀ ਨੂੰ ਪ੍ਰਭੂ ਦਾ ਤਖ਼ਤ ਆਖਦੇ ਹਨ :—

**(ੳ) ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ ॥**

(ਵਾਰ ਰਾਮਕਲੀ ਮ: ੩)[23]

**(ਅ) ਆਪੇ ਤਖਤੁ ਰਚਾਇਓਨੁ ਆਕਾਸ ਪਾਤਾਲਾ ॥**
**ਹੁਕਮੇ ਧਰਤੀ ਸਾਜੀਅਨੁ ਸਚੀ ਧਰਮਸਾਲਾ ॥**

**(ੲ) ਹੁਕਮੀ ਸ੍ਰਿਸਟੀ ਸਾਜੀਅਨੁ ਬਹੁਭਿਤਿ ਸੰਸਾਰਾ ॥**

(ਵਾਰ ਸੂਹੀ ਮ: ੩)[24]

ਗੁਰੂ ਜੀ ਨੇ ਸ੍ਰਿਸ਼ਟੀ ਵਿਚ ਸ੍ਰਿਸ਼ਟੀ ਦੇ ਸਿਰਜਨਹਾਰ ਪ੍ਰਭੂ ਦੀ ਵਿਆਪਕਤਾ ਦਾ ਸਤਿਕਾਰ ਕਰਦੇ ਹੋਇਆਂ ਕਿਤੇ ਜਗਤ ਨੂੰ ਪ੍ਰਭੂ ਦਾ ਮੰਦਰ ਅਤੇ ਕਿਤੇ ਜਗਤ ਨੂੰ ਹਰੀ ਦਾ ਰੂਪ ਵੀ ਆਖਿਆ ਹੈ। ਮਨੁੱਖੀ ਸਰੀਰ ਨੂੰ ਵੀ ਉਨ੍ਹਾਂ ਹਰਿਮੰਦਰ ਆਖਿਆ ਹੈ, ਪਰ ਨਾਲ ਹੀ ਇਹ ਵੀ ਚੇਤਾਵਨੀ ਕੀਤੀ ਹੈ ਕਿ ਸਰੀਰ-ਰੂਪੀ-ਹਰਿਮੰਦਰ ਵਿਚ ਜੇਕਰ ਮਨ ਸਾਧਿਆ ਹੋਇਆ ਨਹੀਂ ਤਾਂ ਹਰੀ ਦੇ ਦਰਸ਼ਨ ਨਹੀਂ ਹੋ ਸਕਦੇ। ਮਨ ਨੂੰ ਹਰੀ ਵਲੋਂ ਪੁੱਠੇ ਪਾਸੇ ਲਿਜਾਣ ਵਿਚ ਮਨ-ਮੋਹਿਨੀ ਮਾਇਆ ਦੇ ਰਾਜਸ, ਤਾਮਸ ਅਤੇ ਸਾਤਵਿਕ ਜਾਲ ਹਨ। ਤ੍ਰੈਗੁਣੀ ਮਾਇਆ ਦੇ ਭੁਲਾਵਿਆਂ ਬਾਰੇ ਕੁੱਝ ਅੱਗੇ ਚੱਲ ਕੇ ਵਿਚਾਰ ਕੀਤੀ ਜਾਵੇਗੀ। ਇੱਥੇ ਕੇਵਲ ਇਤਨਾ ਸੰਕੇਤ ਕਾਫੀ ਹੈ ਕਿ ਸ੍ਰਿਸ਼ਟੀ ਦੇ ਸਿਰਜਨਹਾਰ ਨੇ ਸ੍ਰਿਸ਼ਟੀ-ਰਚਨਾ ਕਰਨ ਸਮੇਂ ਇਸ ਵਿਚ ਤ੍ਰੈਗੁਣੀ ਮਾਇਆ ਦੇ ਤਿੰਨੇ ਗੁਣ ਇਤਨੀ ਸੁਚੱਜੀ ਅਤੇ

---

23. ਆਦਿ-ਗ੍ਰੰਥ...ਪੰਨੇ 947-56
24. ਆਦਿ-ਗ੍ਰੰਥ...ਪੰਨੇ 783-91



Digitized by Panjab Digital Library | www.panjabdigilib.org

ਸੁਯੋਗ ਗਿਣਤੀ ਮਿਣਤੀ ਨਾਲ ਪਾ ਦਿੱਤੇ ਸਨ ਕਿ ਜਗਤ ਦਾ ਤਮਾਸ਼ਾ ਇਤਨੇ ਜੁਗ ਬੀਤ ਜਾਣ ਉਪਰੰਤ ਵੀ ਦਿਨੋ ਦਿਨ ਵਧੇਰੇ ਰੌਚਕ ਅਤੇ ਅਰਥ-ਭਰਪੂਰ ਹੁੰਦਾ ਜਾ ਰਿਹਾ ਹੈ।

ਗੁਰੂ ਜੀ ਦੀ ਕਾਵਿ-ਕਲਾ ਦੀ ਸੁੰਦਰਤਾ ਅਤੇ ਸ੍ਰਿਸ਼ਟੀ ਰਚਨਾ ਬਾਰੇ ਮਜ਼ਮੂਨ ਦੀ ਉਸਾਰੀ ਨੂੰ ਦਰਸਾਉਣ ਵਾਲੀਆਂ ਕੁਝ ਤੁਕਾਂ ਪੇਸ਼ ਕਰਨੀਆਂ ਅਯੋਗ ਨਹੀਂ ਸਮਝੀਆਂ ਜਾਣਗੀਆਂ :—

(ੳ) **ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ ॥**
**ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ॥**
**ਜੋਤੀ ਹੂ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥**
**ਬ੍ਰਹਮਾ ਬਿਸਨੁ ਮਹੇਸੁ ਤ੍ਰੈਗੁਣ ਸਿਰਿ ਧੰਧੈ ਲਾਇਆ ॥**
**ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥**

(ਗੁਜਰੀ ਕੀ ਵਾਰ ਮ: ੩)[25]

(ਅ) **ਓਅੰਕਾਰਿ ਸਭ ਸ੍ਰਿਸਟਿ ਉਪਾਈ ॥**
(ੲ) **ਬਾਜੀਗਰਿ ਇਕ ਬਾਜੀ ਪਾਈ ॥**

ਮਾਰੂ ਮਹਲਾ ੩)[26]

ਗੁਰੂ ਜੀ ਨੇ ਪ੍ਰਭੂ ਨੂੰ ਇਕ ਬਾਜੀਗਰ ਆਖ ਕੇ ਜਗਤ ਨੂੰ ਤਮਾਸ਼ਾ ਆਖਿਆ ਹੈ। ਕੋਈ ਵਿਗਿਆਨੀ ਜਾਂ ਕੋਈ ਫ਼ਿਲਾਸਫ਼ਰ ਹੁੰਦਾ, ਤਾਂ ਉਹ ਅਕਲੀ ਚਤਰਾਈਆਂ ਵਿਚ ਫਸ ਕੇ ਰਹਿ ਜਾਂਦਾ। ਪਰ ਗੁਰੂ ਜੀ ਪ੍ਰਭੂ-ਪਿਆਰ ਵਿਚ ਰੰਗੇ ਹੋਏ ਹੋਣ ਕਰਕੇ ਪ੍ਰਭੂ ਦੀ ਰਚਨਾ ਨੂੰ ਵੇਖ ਕੇ ਵਿਸਮਾਦ ਵਿਚ ਆ ਜਾਂਦੇ ਹਨ ਅਤੇ ਕਿਸੇ ਵਾਦ-ਵਿਵਾਦ ਵਿਚ ਪੈਣ ਦੀ ਥਾਂ ਸ੍ਰਿਸ਼ਟੀ-ਰਚਨਾ ਦਾ ਕਾਰਨ ਸ੍ਰਿਸ਼ਟੀ ਦੇ ਕਰਤਾ ਉਤੇ ਹੀ ਛੱਡ ਦਿੰਦੇ ਹਨ, ਜਿਵੇਂ :—

**ਕਰਤੈ ਕਾਰਣੁ ਜਿਨਿ ਕੀਆ ਸੋ ਜਾਣੈ ਸੋਈ ॥**
**ਆਪ ਸ੍ਰਿਸ਼ਟੀ ਉਪਾਇਅਨੁ ਆਪ ਫੁਨਿ ਗੋਈ ॥**

(ਵਾਰ ਸੂਹੀ ਮ: ੩)24

ਵੈਸੇ ਉਨ੍ਹਾਂ ਦੇ ਦੈਵੀ ਅਨੁਭਵ ਦਾ ਇਹ ਨਿਰਣਾ ਪੱਕਾ ਹੈ ਕਿ ਨੇਕੀ-ਬਦੀ, ਪਾਪ-ਪੁੰਨ, ਦੁਖ-ਸੁਖ, ਆਦਿਕ ਵਿਰੋਧੀ ਅਵਸਥਾਵਾਂ ਦੀ ਖੇਡ ਰਚਨ ਵਾਲਾ ਵੀ ਇੱਕੋ ਇੱਕ ਪ੍ਰਭੂ ਆਪ ਹੈ।

**(ਸ) ਤ੍ਰੈਗੁਣੀ ਮਾਇਆ ਦੇ ਭੁਲਾਵੇ :**

ਬ੍ਰਹਮ ਵਾਂਗ ਹੀ ਬ੍ਰਹਮ ਦੀ ਮਾਇਆ ਦਾ ਪਾਸਾਰ ਵੀ ਸ੍ਰਿਸ਼ਟੀ ਦੀਆਂ ਦਸਾਂ ਦਿਸ਼ਾਵਾਂ

---

25. ਆਦਿ-ਗ੍ਰੰਥ... ਨੇ 508 ਤੋਂ 517
26. ਆਦਿ-ਗ੍ਰੰਥ...ਪੰਨਾ 1061



Digitized by Panjab Digital Library | www.panjabdigilib.org

ਅਤੇ ਮਾਤ-ਲੋਕ , ਪਾਤਾਲ-ਲੋਕ, ਸੁਰਗ-ਲੋਕ, ਆਦਿਕ ਤਿੰਨਾਂ ਹੀ ਲੋਕਾਂ ਵਿਚ ਫੈਲਿਆ ਹੋਇਆ ਹੈ। ਸਾਧਾਰਨ ਮਨੁਖ ਤਾਂ ਇਕ ਪਾਸੇ ਰਹੇ, ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਵਰਗੇ ਦੇਵਤੇ ਵੀ ਇਸਦੀ ਲਪੇਟ ਵਿਚ ਹਨ। ਜੇਕਰ ਪਾਪੀਆਂ ਅਤੇ ਜ਼ਾਲਮਾਂ ਨੂੰ ਇਹ ਆਪਣੇ ਤਾਮਸ-ਜਾਲ ਵਿਚ ਬੰਨ੍ਹਦੀ ਹੈ ਅਤੇ ਰਾਜ-ਭਾਗ ਦੇ ਅਭਿਮਾਨੀ ਰਾਜਿਆਂ ਨੂੰ ਰਾਜਸ ਜਾਲ ਵਿਚ ਕੱਸਦੀ ਹੈ, ਤਾਂ ਪ੍ਰਭੂ ਦੇ ਨਾਮ ਉਤੇ ਪਾਖੰਡ ਰਚਨ ਵਾਲੇ ਧਾਰਮਕ ਆਗੂਆਂ ਨੂੰ ਵੀ ਇਹ ਆਪਣੇ ਸਾਤਵਿਕ ਜਾਲ ਵਿਚ ਜਕੜ ਲੈਂਦੀ ਹੈ। ਸ਼ੰਕਰਾਚਾਰੀਆ ਵਰਗੇ ਫਿਲਾਸਫਰਾਂ ਨੇ ਮਾਇਆ ਨੂੰ ਮਿਥਿਆ ਆਖ ਕੇ ਬੇਸ਼ਕ ਗਲ ਮੁਕਾ ਦਿਤੀ, ਪਰ ਬ੍ਰਹਮ ਦੀ ਰਚੀ ਹੋਈ ਮਾਇਆ ਦੀ ਗੱਲ ਇਤਨੀ ਜਲਦੀ ਮੁੱਕਣ ਵਾਲੀ ਨਹੀਂ। ਸੋ ਗੁਰੂ ਅਮਰਦਾਸ ਨੇ ਸੁੱਕੇ ਫ਼ਲਸਫੇ ਦੀਆਂ ਤਰਕਾਂ-ਵਿਤਰਕਾਂ ਪੇਸ਼ ਕਰਨ ਦੀ ਥਾਂ ਸੁੰਦਰ ਅਲਕਾਰਾਂ ਅਤੇ ਸ਼ਬਦ-ਚਿਤ੍ਰਾਂ ਦੁਆਰਾ ਤ੍ਰੈਗੁਣੀ ਮਾਇਆ ਦੇ ਭੁਲਾਵਿਆਂ ਨੂੰ ਚਿਤ੍ਰਣ ਦਾ ਸਹਿਜ-ਸੁਭਾ ਜਤਨ ਕੀਤਾ ਹੈ।

ਗੁਰੂ ਅਮਰਦਾਸ ਦੇ ਅਨੁਭਵ ਅਨੁਸਾਰ ਮਾਇਆ ਦਾ ਰਚਨਹਾਰ ਪ੍ਰਭੂ ਆਪ ਹੈ। ਜਗਤ ਨੂੰ ਗੁਰੂ ਜੀ ਨੇ ਇਕ ਫੁਲਵਾੜੀ ਨਾਲ ਉਪਮਾ ਦਿੱਤੀ ਹੈ ਅਤੇ ਜੀਵਾਂ ਨੂੰ ਵੰਨ ਸੁਵੰਨੇ ਫੁੱਲਾਂ ਨਾਲ। ਜਗਤ-ਰੂਪੀ-ਫੁਲਵਾੜੀ ਦਾ ਮਾਲੀ ਪਰਮਾਤਮਾ, ਜਿਸ ਫੁਲ ਵਿਚ ਜੈਸੀ ਵਾਸ਼ਨਾ ਪਾ ਦਿੰਦਾ ਹੈ, ਤੈਸਾ ਹੀ ਉਸ ਫੁਲ ਦਾ ਗੁਣ ਜਾਂ ਸੁਭਾਵ ਬਣ ਜਾਂਦਾ ਹੈ :—

**ਇਹ ਜਗੁ ਵਾੜੀ ਮੇਰਾ ਪ੍ਰਭੁ ਮਾਲੀ।**
**ਸਦਾ ਸਮਾਲੇ ਕੋ ਨਾਹੀ ਖਾਲੀ।**
**ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੁ ਵਾਸੁ ਜਣਾਵਣਿਆ।**

(ਮਾਝ ਮਹਲਾ ੩)[27]

ਪਰੰਪਰਾਵਾਦੀ ਭਾਰਤੀ ਫ਼ਲਸਫ਼ੇ ਦੀ ਬੋਲੀ ਵਿਚ ਗੁਰੂ ਜੀ ਨੇ ਮਾਇਆ ਨੂੰ ਤ੍ਰੈਗੁਣੀ ਮਾਇਆ ਆਖਦੇ ਹੋਇਆਂ ਪ੍ਰਭੂ ਦੇ ਸੱਚੇ ਭਗਤ ਨੂੰ ਤਿੰਨਾਂ ਗੁਣਾਂ ਤੋਂ ਉਚੇਰੀ 'ਚਉਥੇ-ਪਦ" ਦੀ ਆਤਮਕ ਅਵਸਥਾ ਵਿਚ ਦਰਸਾਇਆ ਹੈ। ਸਿਧਾਂਤਕ ਪਰਿਭਾਸ਼ਾ ਵਿਚ ਉਨ੍ਹਾਂ ਮਾਇਆ ਬਾਰੇ ਇੰਜ ਫੁਰਮਾਇਆ ਹੈ :—

**ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ।**
**ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ।**

(ਸਿਰੀ ਰਾਗੁ ਮਹਲਾ ੩)[28]

---

27. ਆਦਿ-ਗ੍ਰੰਥ...ਪੰਨਾ 118
28. ਆਦਿ-ਗ੍ਰੰਥ—ਪੰਨਾ 67



Digitized by Panjab Digital Library | www.panjabdigilib.org

ਪਰ ਉਨ੍ਹਾਂ ਦੀ ਕਾਵਿ-ਕਲਾ ਦੀ ਵਡਿਆਈ ਇਸ ਵਿਚ ਹੈ ਕਿ ਗੁਰੂ ਜੀ ਨੇ ਮਾਇਆ ਦੇ ਵਲ ਛਲ ਦਰਸਾਉਣ ਲਈ ਖਿਆਲਾਂ ਦੀਆਂ ਅਣਗਿਣਤ ਸੁੰਦਰ ਤਸਵੀਰਾਂ ਉਲੀਕੀਆਂ ਹਨ। ਹੇਠ ਲਿਖੀਆਂ ਤਕਾਂ ਵਿਚ ਤਾਂ ਗੁਰੂ ਜੀ ਦਾ ਅੰਦਾਜ਼ੇ-ਬਿਆਨ ਅਨੂਪਮ ਹੈ :—

(ੳ) **ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥**

(ਗੂਜਰੀ ਕਾ ਵਾਰ ਮ: ੩ ਸਲੋਕ ਮ: ੩)[29]

(ਅ) **ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥**

(ਸੋਰਠਿ ਕੀ ਵਾਰ ਮ: ੪ ਸਲੋਕ ਮ: ੩)[30]

(ੲ) **ਮਾਇਆ ਸਰੁ ਸਬਲੁ ਵਰਤੈ ਜੀਉ ਕਿਉਕਰਿ ਦੁਤਰੁ ਤਰਿਆ ਜਾਇ ।**

(ਗਉੜੀ ਮ: ੩)[31]

ਤ੍ਰਗੁਣੀ ਮਾਇਆ ਦੇ ਵੰਨ ਸੁਵੰਨੇ ਵਲਾਂ ਛਲਾਂ ਨੂੰ ਗੁਰੂ ਅਮਰਦਾਸ ਨੇ ਸੈਂਕੜੇ ਅਲੰਕਾਰਾਂ,[32] ਸ਼ਬਦ-ਚਿਤ੍ਰਾਂ ਅਤੇ ਪ੍ਰਤੀਕਾਂ ਦੁਆਰਾ ਇਤਨੀ ਸਫਲਤਾ ਸਹਿਤ ਚਿਤ੍ਰਿਆ ਹੈ ਕਿ ਗੁਰੂ ਜੀ ਦੀ ਕਵਿਤਾ ਦਾ ਰੂਪਕ ਪੱਖ ਵੀ ਭਗਤੀ-ਸਾਹਿਤ ਦੇ ਉਂਗਲਾਂ ਉਤੇ ਗਿਣੇ ਜਾ ਸਕਣ ਵਾਲੇ ਮਹਾਨ ਕਵੀਆਂ ਵਾਂਗ ਪੂਰੀ ਤਰ੍ਹਾਂ ਨਿਖਰਿਆ ਹੋਇਆ ਵਿਖਾਈ ਦਿਦਾ ਹੈ।

### (ਹ) ਮਨੁੱਖੀ ਜੀਵਨ ਦਾ ਮਨੋਰਥ :

ਮਨੁਖੀ ਜੀਵਨ ਦਾ ਸਥੂਲ ਰੂਪ ਮਨੁੱਖਾ-ਦੇਹੀ ਹੈ ਅਤੇ ਸੂਖਮ ਰੂਪ ਵਿਚ ਮਨੁੱਖੀ ਜੀਵਨ ਆਤਮਕ ਵਿਕਾਸ ਜਾਂ ਆਤਮਕ ਵਿਨਾਸ਼ ਦਾ ਦੂਜਾ ਨਾਮ ਹੈ। ਗੁਰੂ ਅਮਰਦਾਸ ਦੀ ਬਾਣੀ ਅਨੁਸਾਰ ਮਨੁਖੀ ਜੀਵਨ ਦਾ ਮਨੋਰਥ ਤਨ ਵਿੱਚੋਂ ਮਨ ਨੂੰ ਜਗਾਉਣਾ ਹੈ। ਆਤਮਕ ਗਿਆਂਨ ਵਿਚ ਜਾਗਿਆ ਹੋਇਆ ਮਨ ਜੋਤਿ-ਸਰੂਪੀ ਪ੍ਰਭੂ ਵਾਂਗ ਮਹਾਨ ਹੈ। ਮਨੁੱਖੀ ਮਨ ਨੂੰ ਸੰਬੋਧਨ ਕਰਦੇ

---

29. ਆਦਿ ਗ੍ਰੰਥ ਪੰਨਾ 510
30. ਆਦਿ-ਗ੍ਰੰ..ਪੰਨਾ 643
31. ਆਦਿ-ਗ੍ਰੰਥ...ਪੰਨਾ 245
32. ਗੁਰੂ ਅਮਰਦਾਸ ਦੀ ਬਾਣੀ ਵਿਚ ਪ੍ਰਤੀਕਾਂ, ਅਲੰਕਾਰਾਂ ਅਤੇ ਸ਼ਬਦ-ਚਿਤ੍ਰਾਂ ਦੇ ਵਿਸਥਾਰ ਪੂਰਵਕ ਹਵਾਲਿਆਂ ਲਈ ਵੇਖੋ : "ਅਮਰ ਕਵੀ ਗੁਰੂ ਅਮਰਦਾਸ"—ਪੰਨੇ 248 ਤੋਂ 312



Digitized by Panjab Digital Library | www.panjabdigilib.org

ਹੋਇਆਂ ਗੁਰੂ ਜੀ ਫ਼ਰਮਾਉਂਦੇ ਹਨ :—

**ਮਨ ਤੂ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**
**ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥**

(ਆਸਾ ਮਹਲਾ ੩ ਛੰਤੁ ਘਰੁ ੩)[33]

ਆਤਮਕ ਗਿਆਨ ਤੋਂ ਬਿਨਾ ਮਨੁੱਖੀ ਦੇਹੀ ਕਾਮ-ਕ੍ਰੋਧ ਆਦਿਕ ਵਿਕਾਰਾਂ ਦਾ ਕੱਚਾ-ਚੋਲਾ ਹੈ। ਨਾਸ਼ਵੰਤ ਹੋਣ ਕਰਕੇ ਗੁਰੂ ਜੀ ਨੇ ਇਸ ਨੂੰ ਕੱਚੀ-ਦੇਹੀ (ਕਾਚੀ ਦੇਹੀ) ਆਖਿਆ ਹੈ, ਪਰ ਜੇਕਰ ਅਵਿਨਾਸ਼ੀ ਨੂੰ ਆਪਣੇ ਅੰਦਰੋਂ ਖੋਜ ਲਵੇ, ਤਾਂ ਇਹੋ ਕੱਚੀ-ਦੇਹੀ, ਕੰਚਨ-ਦੇਹੀ ਵਾਂਗ ਅਮਰ ਹੋ ਜਾਂਦੀ ਹੈ।

ਗੁਰੂ ਜੀ ਸੰਸਾਰ ਦੇ ਸਾਰੇ ਪਦਾਰਥਾਂ ਨੂੰ ਨਾਸ਼ਵੰਤ ਦਰਸਾਉਂਦੇ ਹੋਏ ਕੇਵਲ ਹਰੀ-ਨਾਮ ਨੂੰ ਅਮਰ ਅਤੇ ਅਮੁੱਲ ਵਸਤੂ ਮੰਨਦੇ ਹਨ। ਹਰੀ-ਨਾਮ ਦੀ ਪ੍ਰਾਪਤੀ ਲਈ ਸਤਿਗੁਰੂ ਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਸੱਚ ਅਤੇ ਸੰਜਮ ਦੀ ਕਰਣੀ ਵਿਚ ਢਾਲਣਾ ਪੈਂਦਾ ਹੈ। ਫੇਰ ਗ੍ਰਿਹਸਥ ਵਿਚ ਰਹਿੰਦਿਆਂ ਅਤੇ ਸੰਸਾਰ ਦੇ ਕਾਰ-ਵਿਹਾਰ ਨੂੰ ਕਰਦਿਆਂ ਮਨੁੱਖ ਜਨਮ ਮਰਨ ਦੇ ਗੇੜ ਵਿਚੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

## (ਕ) ਸੱਚ ਅਤੇ ਸੰਜਮ ਦੀ ਕਰਣੀ:

ਗੁਰੂ ਅਮਰਦਾਸ ਦੀ ਬਾਣੀ ਵਿਚ ਸੱਚ ਅਤੇ ਸੰਜਮ ਦੀ ਕਰਣੀ ਉਤੇ ਬਹੁਤ ਬਲ ਦਿੱਤਾ ਗਿਆ ਹੈ। ਸਚਮੁਚ ਸੱਚ ਅਤੇ ਸੰਜਮ ਦੀ ਕਰਣੀ ਦੁਆਰਾ ਹੀ ਮਨੁੱਖ ਨੂੰ ਆਪਣੇ ਅਸਲੇ ਦੀ ਪਛਾਣ ਹੁੰਦੀ ਹੈ। ਗੁਰੂ ਜੀ ਦੇ ਕਥਨ ਅਨੁਸਾਰ ਗ੍ਰਿਹਸਥ ਵਿਚ ਰਹਿੰਦੇ ਹੋਇਆਂ ਤਿਆਗ ਭਾਵਨਾ ਦੇ ਆਦਰਸ਼ ਨੂੰ ਪ੍ਰਾਪਤ ਕਰਨ ਲਈ ਸੱਚ ਅਤੇ ਸੰਜਮ ਦੀ ਕਰਣੀ ਹੀ ਆਧਾਰ-ਸ਼ਿਲਾ ਹੈ। ਗੁਰਮਤਿ ਦਾ ਮਾਰਗ ਹਠ-ਯੋਗ ਦੇ ਉਲਟ ਸਹਜ-ਜੋਗ ਦਾ ਮਾਰਗ ਹੈ। ਸੋ ਪ੍ਰਭੂ ਨਾਲ ਜੁੜਨ ਲਈ "ਗਿਰਹੀ ਮਾਹਿ ਉਦਾਸਾ" ਦਾ ਆਦਰਸ਼ ਅਪਣਾਉਣ ਵਾਲਾ ਗੁਰਮਤਿ-ਸਹਜ-ਮਾਰਗ ਦਾ ਸੱਚਾ ਪਾਂਧੀ ਹੈ। ਸੱਚ ਅਤੇ ਸੰਜਮ ਦੀ ਕਰਣੀ ਵਾਲੇ ਮਨੁੱਖ ਨੂੰ ਪ੍ਰਭੂ-ਪ੍ਰਾਪਤੀ ਲਈ ਘਰ-ਬਾਰ ਛਡ ਕੇ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ, ਕਿਉਂਕਿ ਇਸ ਸੁਨਹਿਰੀ ਮਾਰਗ ਦੁਆਰਾ ਘਰ ਵਿਚ ਬੈਠਿਆਂ ਹੀ ਉਹ ਮੁਕਤੀ ਦਾ ਅਧਿਕਾਰੀ ਹੋ ਜਾਂਦਾ ਹੈ :—

(ੳ) **ਮਨ ਰੇ ਗ੍ਰਿਹ ਹੀ ਮਾਹਿ ਉਦਾਸੁ।**
**ਸਚੁ ਸੰਜਮੁ ਕਰਣੀ ਜੇ ਕਰੇ ਗੁਰਮੁਖਿ ਹੋਇ ਪਰਗਾਸੁ ॥**
(ਅ) **ਗੁਰ ਕੈ ਸਬਦਿ ਮਨ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ॥**

(ਸਿਰੀ ਰਾਗੁ ਮਹਲਾ ੩)

---

33. ਆਦਿ-ਗ੍ਰੰਥ...ਪੰਨਾ 441
34. ਆਦਿ-ਗ੍ਰੰਥ...ਪੰਨਾ 26



Digitized by Panjab Digital Library | www.panjabdigilib.org

ਜਿੱਥੇ ਗੁਰੂ ਜੀ ਨੇ ਸੱਚ ਅਤੇ ਸੰਜਮ ਦੀ ਕਰਣੀ ਦੇ ਸਦਕਾ ਗ੍ਰਿਹਸਥ ਜੀਵਨ ਨੂੰ ਬਹੁਤ ਸਲਾਹਿਆ ਹੈ, ਉਥੇ ਸਚ ਅਤੇ ਸੰਜਮ ਦੀ ਕਰਣੀ ਦਾ ਗ੍ਰਿਹਸਥ ਵਿਚ ਅਭਾਵ ਹੋਣ ਉਤੇ ਉਨ੍ਹਾਂ ਸਾਰੇ ਸਾਕ-ਸਬੰਧੀਆਂ ਨੂੰ ਇਕ ਦੂਜੇ ਦੇ ਆਤਮਕ ਜੀਵਨ ਦਾ ਨਾਸ਼ ਕਰਨ ਵਾਲੇ ਆਖਿਆ ਹੈ। ਮਰਦ ਅਤੇ ਤੀਵੀਂ ਦਾ ਰਿਸ਼ਤਾ ਸਰੀਰ ਵਿੱਚੋਂ ਇਕ ਦੂਜੇ ਦੀ ਆਤਮਾ ਨਾਲ ਸਾਂਝ ਪਾਉਣ ਲਈ ਹੈ, ਨਾਕਿ ਕਾਮਾਦਿਕ ਵਿਕਾਰਾਂ ਦੀ ਪੂਰਤੀ ਲਈ। ਇਸੇ ਤਰ੍ਹਾਂ ਮਾਤਾ, ਪਿਤਾ, ਪੁੱਤਰ ਅਤੇ ਭਾਈ, ਜੇਕਰ ਹਰੀ-ਨਾਮ ਰੂਪ ਅੰਮ੍ਰਿਤ ਦੀ ਥਾਂ ਸੰਸਾਰਕ ਵਿਸ਼ਿਆਂ ਦੇ ਜ਼ਹਿਰ ਵਿਚ ਸੁੱਟਦੇ ਹਨ, ਤਾਂ ਉਹ ਵੀ ਨਾਮ--ਵਿਹੂਣੇ ਰਹਿ ਜਾਣ ਕਰਕੇ ਸੰਸਾਰ ਸਾਗਰ ਵਿਚ ਪਿਆਸੇ ਹੀ ਡੁਬ ਜਾਂਦੇ ਹਨ ਅਤੇ ਬਾਕੀ ਸੰਬੰਧੀਆਂ ਨੂੰ ਵੀ ਡੋਬਣ ਦੇ ਜਿੰਮੇਵਾਰ ਬਣਦੇ ਹਨ। ਗੁਰੂ ਜੀ ਦੀ ਕਵਿਤਾ ਵਿਚ ਜਜ਼ਬਾ ਕਿਤਨਾ ਪ੍ਰਬਲ ਹੈ :—

**ਇਸਤਰੀ ਪੁਰਖ ਕਾਮਿ ਵਿਆਪੇ ਜੀਉ ਰਾਮਨਾਮ ਕੀ ਬਿਧਿ ਨਹੀਂ ਜਾਣੀ ॥**
**ਮਾਤ ਪਿਤਾ ਸੁਤ ਭਾਈ ਖਰੇ ਪਿਆਰੇ ਜੀਉ ਡੂਬਿ ਮੁਏ ਬਿਨੁ ਪਾਣੀ।**
**ਡੂਬਿ ਮੁਏ ਬਿਨ ਪਾਣੀ ਗਤਿ ਨਹੀਂ ਜਾਣੀ ਹਉਮੈ ਧਾਤੁ ਸੰਸਾਰੇ।**
**ਜੋ ਆਇਆ ਸੋ ਸਭੁ ਕੋ ਜਾਸੀ ਉਬਰੇ ਗੁਰ ਵੀਚਾਰੇ।**
**ਗੁਰਮੁਖਿ ਹੋਵੈ ਰਾਮਨਾਮੁ ਵਖਾਣੈ ਆਪਿ ਤਰੈ ਕੁਲ ਤਾਰੇ।**
**ਨਾਨਕ ਨਾਮੁ ਵਸੈ ਘਰੁ ਅੰਤਰਿ ਗੁਰਮਤਿ ਮਿਲੇ ਪਿਆਰੇ।**

(ਗਉੜੀ ਮਹਲਾ ੩)35

ਆਧੁਨਿਕ ਮਨੋ-ਵਿਗਿਆਨੀਆਂ ਅਨੁਸਾਰ ਮਨੁਖੀ-ਮਨ ਵਿਚ ਦੋ ਜਜ਼ਬੇ ਬੁਨਿਆਦੀ ਅਤੇ ਅਤੀ ਪ੍ਰਬਲ ਹਨ : (ੳ) ਕਾਮ ਦਾ ਜਜ਼ਬਾ (Sex instinct) ਅਤੇ (ਅ) ਸ਼ਕਤੀ ਦਾ ਜਜ਼ਬਾ (Power instinct) ਪਰ ਆਤਮਕ ਗਿਆਨ ਦੀ ਸਾਕਾਰ ਮੂਰਤੀ ਗੁਰੂ ਅਮਰਦਾਸ ਇਨ੍ਹਾਂ ਦੋਹਾਂ ਗੱਲਾਂ ਦਾ ਖੰਡਨ ਸਵਾ ਚਾਰ ਸੌ ਵਰੇ ਪਹਿਲਾਂ ਹੇਠ ਲਿਖੀਆਂ ਤੁਕਾਂ ਦੁਆਰਾ ਕਰ ਚੁੱਕੇ ਹਨ :

**ਜੇ ਲਖ ਇਸਤ੍ਰੀਆਂ ਭੋਗ ਕਰਹਿ ਨਉਖੰਡ ਰਾਜ ਕਮਾਹਿ ॥**
**ਬਿਨੁ ਸਤਗੁਰ ਸੁਖੁ ਨ ਪਾਵਹੀ ਫਿਰਿ ਫਿਰਿ ਜੋਨੀ ਪਾਹਿ ॥**

(ਸਿਰੀ ਰਾਗ ਮਹਲਾ ੩)[34]

ਗੁਰੂ ਜੀ ਦੇ ਮਤ ਅਨੁਸਾਰ ਸੱਚ ਅਤੇ ਸੰਜਮ ਦੀ ਕਰਣੀ ਹੀ ਸਦੀਵੀ ਸੁਖ ਪ੍ਰਦਾਨ ਕਰ ਸਕਦੀ ਹੈ।

---

35. ਆਦਿ-ਗ੍ਰੰਥ...ਪੰਨੇ 245-246



Digitized by Panjab Digital Library | www.panjabdigilib.org

### (ਖ) ਬ੍ਰਹਮ-ਮਾਰਗ ਵਿਚ ਸਤਿਗੁਰੂ ਦਾ ਮਹੱਤਵ :

ਸੱਚ ਅਤੇ ਸੰਜਮ ਦੀ ਕਰਣੀ ਤੋਂ ਲੈ ਕੇ ਸਹਜ-ਆਨੰਦ ਪਾਰਬਹਮ ਨਾਲ ਅਭੇਦ ਹੋਣ ਤੀਕ ਆਤਮਕ ਵਿਕਾਸ ਦੀਆਂ ਜਿਤਨੀਆਂ ਪਉੜੀਆਂ ਹਨ, ਸਤਿਗੁਰੂ ਦੀ ਗੁਰਸ਼ਬਦ ਰੂਪ ਸਿੱਖਿਆ ਦੀ ਹਰ ਪਉੜੀ ਉਤੇ ਲੋੜ ਹੈ ।

ਗੁਰੂ ਅਮਰਦਾਸ ਦੀ ਜੀਵਨ-ਕਥਾ ਇਸ ਗੱਲ ਦਾ ਪ੍ਰਮਾਣ ਹੈ ਕਿ ਉਮਰ ਭਰ ਤੀਰਥ-ਯਾਤਰਾ , ਦਾਨ-ਪੁੰਨ, ਪਾਠ-ਪੂਜਾ ਅਤੇ ਕਈ ਪਰਕਾਰ ਦੇ ਕਰਮ-ਕਾਂਡ ਕਰਨ ਉਪਰੰਤ ਵੀ ਉਨ੍ਹਾਂ ਦੇ ਮਨ ਨੂੰ ਟਿਕਾਉ ਪ੍ਰਾਪਤ ਨਹੀਂ ਸੀ ਹੋਇਆ। ਪਰ ਜਿਉਂ ਹੀ ਗੁਰੂ ਅੰਗਦ ਦੇਵ ਦੇ ਸਰੂਪ ਵਿਚ ਉਨ੍ਹਾਂ ਨੂੰ ਸੱਚੇ ਗੁਰੂ ਤੋਂ ਗੁਰਸ਼ਬਦ ਪ੍ਰਾਪਤ ਹੋਇਆ ਅਤੇ ਉਨ੍ਹਾਂ ਇਕਮਨ ਇਕਚਿਤ ਹੋਕੇ ਗੁਰਸ਼ਬਦ ਦੀ ਕਮਾਈ ਕੀਤੀ, ਸਹਜ ਅਤੇ ਅਨੰਦ ਸਮੇਤ ਉਨ੍ਹਾਂ ਨੂੰ ਪ੍ਰਭੂ-ਪ੍ਰਾਪਤੀ ਨਾਲ ਸਬੰਧਤ ਸਾਰੀਆਂ ਅਧਿਆਤਮਕ ਪ੍ਰਾਪਤੀਆਂ ਹੋ ਗਈਆਂ । ਇਸ ਲਈ ਸਤਿਗੁਰੂ ਦੇ ਮਹੱਤਵ, ਗੁਰਸ਼ਬਦ ਦੀ ਕਮਾਈ, ਗੁਰ-ਸੇਵਾ ਅਤੇ ਹਰੀ ਨਾਮ ਦੀ ਪ੍ਰਾਪਤੀ ਲਈ ਗੁਰੂ ਅਮਰਦਾਸ ਦਾ ਕਾਵਿ-ਅਨੁਭਵ ਬਹੁਤ ਬਲਵਾਨ ਅਤੇ ਵੇਰਵੇ ਭਰਪੂਰ ਹੈ ।

ਸਤਿਗੁਰੂ ਨੂੰ ਅਲੰਕਾਰਕ ਸ਼ੈਲੀ ਵਿਚ ਗੁਰੂ ਅਮਰਦਾਸ ਨੇ ਮਨਕਾਮਨਾ-ਤੀਰਥ, ਗਿਆਨ-ਦੀਪਕ, ਪਾਰਸ-ਰੂਪ, ਆਦਿਕ ਸਰਬ-ਸ੍ਰੇਸ਼ਟ ਵਿਸ਼ੇਸ਼ਣਾਂ ਦੁਆਰਾ ਵਡਿਆਇਆ ਹੈ । ਉਨ੍ਹਾਂ ਦੇ ਅਨੁਭਵ ਅਨੁਸਾਰ ਪ੍ਰਭੂ ਅਦ੍ਰਿਸ਼ਟ, ਅਗੰਮ, ਅਗੋਚਰ ਅਤੇ ਅਪਹੁੰਚ ਹੁੰਦਾ ਹੋਇਆ ਵੀ ਸਤਿਗੁਰ ਦੇ ਗਿਆਨ ਦੁਆਰਾ ਆਪਣੇ ਅੰਦਰੋਂ ਹੀ ਪਰਗਟ ਰੂਪ ਵਿਚ ਵਿਖਾਈ ਦੇਣ ਲਗ ਜਾਂਦਾ ਹੈ :—

**ਹਰਿ ਅਪਰੰਪਰ ਅਗਮ ਅਗੋਚਰ ਗੁਰ ਕੈ ਸਬਦਿ ਮਿਲੈ ਜਨ ਕੋਇ ॥**

(ਆਸਾ ਮਹਲਾ ੩)[36]

ਗੁਰੂ ਅਮਰਦਾਸ ਨੇ ਵਖ ਵੱਖ ਮੱਤਾਂ ਦੇ ਅਨੁਯਾਈਆਂ ਨੂੰ ਰਿਧੀਆਂ ਸਿਧੀਆਂ ਲਈ ਭਟਕਦਿਆਂ ਵੇਖਿਆ । ਇਸੇ ਤਰ੍ਹਾਂ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਉਨ੍ਹਾਂ ਕਾਂਸ਼ੀ, ਆਦਿ ਤੀਰਥਾਂ ਵਲ ਦੂਰ ਦੁਰੇਡੇ ਨਗਰਾਂ ਵਲੋਂ ਭਾਰਤ-ਵਾਸੀਆਂ ਨੂੰ ਜਾਂਦਿਆਂ ਵੇਖਿਆ । ਇਸ ਲਈ ਉਨ੍ਹਾਂ ਭੁੱਲੇ ਭਟਕੇ ਇਨਸਾਨਾਂ ਨੂੰ ਸੱਚ ਦਾ ਸਿੱਧਾ ਅਤੇ ਸਰਲ ਮਾਰਗ ਦਰਸਾਉਂਦੇ ਹੋਇਆਂ ਆਖਿਆ ਕਿ ਸਚਾ ਆਤਮਕ ਗਿਆਨ ਕਾਂਸ਼ੀ ਵਰਗੇ ਪ੍ਰਸਿੱਧ ਤੀਰਥਾਂ ਦੀ ਥਾਂ ਸਤਿਗੁਰ ਦੇ ਗੁਰਸ਼ਬਦ ਦੁਆਰਾ ਘਰ ਵਿਚ ਬੈਠਿਆਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਸਤਿਗੁਰ ਦੇ ਸ਼ਬਦ ਦੁਆਰਾ ਹਰੀ-ਨਾਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਹਰੀ-ਨਾਮ ਦੀ ਪ੍ਰਾਪਤੀ ਹੁੰਦੇ ਸਾਰ ਨੌ-ਨਿਧਾਂ ਅਤੇ ਅਠਾਰ੍ਹਾਂ-ਸਿੱਧਾਂ

---

36. ਆਦਿ-ਗ੍ਰੰਥ...ਪੰਨਾ 361



Digitized by Panjab Digital Library | www.panjabdigilib.org

ਵਰਗੀਆਂ ਆਤਮਕ ਸ਼ਕਤੀਆਂ ਮਨੁੱਖ ਦੇ ਪਿੱਛੇ ਪਿੱਛੇ ਫਿਰਨ ਲਗ ਪੈਂਦੀਆਂ ਹਨ :—

(ੳ) **ਨਾ ਕਾਸੀ ਮਤਿ ਉਪਜੈ ਨਾ ਕਾਸੀ ਮਤਿ ਜਾਇ ।**
**ਸਤਿਗੁਰ ਮਿਲਿਐ ਮਤਿ ਉਪਜੈ ਤਾ ਇਹ ਸੋਝੀ ਪਾਇ ।**
**ਇਹ ਮਨ ਕਾਸੀ ਸਭਿ ਤੀਰਥਿ ਸਿਮ੍ਰਿਤਿ ਸਤਿਗੁਰ ਦੀਆਂ ਬੁਝਾਇ ।**
**ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ ।**

(ਗੂਜਰੀ ਮਹਲਾ ੩)[37]

(ਅ) **ਹਰਿ ਹਾਰੁ ਕੰਠਿ ਜਿਨੀ ਪਹਿਰਿਆ ਗੁਰਚਰਣੀ ਚਿਤੁ ਲਾਇ ।**
**ਤਿਨਾ ਪਿਛੈ ਰਿਧਿ ਸਿਧਿ ਫਿਰੈ ਓਨਾ ਤਿਲੁ ਨ ਤਮਾਇ ।**

(ਸਿਰੀ ਰਾਗੁ ਮਹਲਾ ੩)[38]

ਹਰੀ-ਨਾਮ ਦੀ ਪ੍ਰਾਪਤੀ ਨਾਲ ਮਨੁਖ ਵਿਚ ਜੁਤੇਸਿਧ ਵੇਦਾਂ, ਸ਼ਾਸਤ੍ਰਾਂ, ਸਿੰਮਿਤੀਆਂ, ਆਦਿ ਸਾਰੇ ਧਰਮ-ਗ੍ਰੰਥਾਂ ਦਾ ਗਿਆਨ ਆ ਜਾਂਦਾ ਹੈ, ਕਿਉਂਕਿ ਦੁਨੀਆਂ ਦੇ ਸਾਰੇ ਤੀਰਥਾਂ ਦਾ ਮਹਾਨ ਤੀਰਥ ਪ੍ਰਭੂ ਦੇ ਚਰਨਾਂ ਵਿਚ ਅਤੇ ਧਰਮ-ਗ੍ਰੰਥਾਂ ਦੇ ਸਮੁਚੇ ਗਿਆਨ ਦਾ ਸੋਮਾ ਪ੍ਰਭੂ ਦੇ ਨਾਮ ਰੂਪੀ ਮਹਾਨ ਸਰੋਵਰ ਵਿਚ ਹੈ :—

**ਸਾਸਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ ਸੁਰਸੁਰੀ ਚਰਣ ਸਮਾਣੀ ।**

(ਆਸਾ ਮਹਲਾ ੩ ਅਸ਼ਟਪਦੀਆਂ)[39]

ਪਰ ਓਦੋਂ ਤਕ ਹਰੀ-ਨਾਮ ਰੂਪੀ ਗਿਆਨ ਸਰੋਵਰੰ ਦੀ ਪ੍ਰਾਪਤੀ ਨਹੀਂ ਹੋ ਸਕਦ ਜਦੋਂ ਤੀਕ ਗੁਰ-ਸੇਵਾ ਦੁਆਰਾ ਮਨ ਵਿਚੋਂ ਹਉਮੈ ਦਾ ਨਾਸ਼ ਨਹੀਂ ਹੁੰਦਾ। ਕਿਉਂਕਿ ਗੁਰ-ਸੇਵਾ ਭੈ-ਭਾਇ -ਭਗਤੀ ਦਾ ਪ੍ਰਤੀਕ ਹੈ ਅਤੇ ਪ੍ਰਭੂ ਤੇ ਮਨੁੱਖ ਦੇ ਵਿਚਕਾਰ ਹਉਮੈ ਦੇ ਪਰਦੇ ਨੂੰ ਦੂਰ ਕਰਦੀ ਹੈ, ਇਸ ਲਈ ਗੁਰੂ ਅਮਰਦਾਸ ਨੇ ਗੁਰ-ਸੇਵਾ ਨੂੰ ਸਾਰੇ ਤਪਾਂ ਤੋਂ ਵੱਡਾ ਤਪ ਆਖ ਕੇ ਵਡਿਆਇਆ ਹੈ :—

(ੳ) **ਗੁਰ ਸੇਵਾ ਤਪਾ ਸਿਰਿ ਤਪੁ ਸਾਰੁ ।**
**ਹਰਿ ਜੀਉ ਮਨਿ ਵਸੈ ਦੁਖ ਵਿਸਾਰਣਹਾਰੁ ।**

(ਅ) **ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ ।**

(ਆਸਾ ਮਹਲਾ ੩)[40]

ਪਰ ਜਿੱਥੇ ਗੁਰੂ ਅਮਰਦਾਸ ਨੇ ਸਤਿਗੁਰੂ, ਗੁਰਸ਼ਬਦ ਅਤੇ ਗੁਰਬਾਣੀ ਦੀ ਇਤਨੀ ਮਹਿਮਾ

---

37. ਆਦਿ-ਗ੍ਰੰਥ...ਪੰਨਾ 491
38. ਆਦਿ-ਗ੍ਰੰਥ...ਪੰਨੇ 26-27
39. ਆਦਿ-ਗ੍ਰੰਥ...ਪੰਨਾ 422
40. ਆਦਿ-ਗ੍ਰੰਥ...ਪੰਨਾ 423



Digitized by Panjab Digital Library | www.panjabdigilib.org

ਕੀਤੀ ਹੈ, ਉਥੇ ਉਨ੍ਹਾਂ ਸੱਚੇ-ਗੁਰੂ ਅਤੇ ਸੱਚੀ ਬਾਣੀ ਦਾ ਪਾਖਡੀ ਗੁਰੂਆਂ ਦੀ ਕੱਚੀ ਬਾਣੀ ਤੋਂ ਵੀ ਨਿਖੇੜਾ ਕਰਕੇ ਗੁਰਮਤਿ ਦੇ ਸਿੱਧੇ, ਸਰਲ ਅਤੇ ਸੱਚੇ ਮਾਰਗ ਦੇ ਸਿਧਾਂਤ ਨੂੰ ਪਰਪਕ ਕਰ ਦਿਤਾ ਹੈ ।

## (ਗ) ਸਹਜ ਅਤੇ ਆਨੰਦ ਦੀ ਮਹਾਨਤਾ

ਜਿਵੇਂ ਗੁਰੂ ਅਮਰਦਾਸ ਨੇ "ਰਾਮਕਲੀ ਅਨੰਦ" ਦੀ 7ਵੀਂ ਪਉੜੀਆਂ ਰਾਹੀਂ ਸੰਕੇਤ ਕੀਤਾ ਹੈ, ਆਨੰਦ ਆਨੰਦ ਸਾਰੇ ਪੁਕਾਰਦੇ ਚਲੇ ਆ ਰਹੇ ਹਨ, ਪਰ ਸਦੀਵੀ ਆਨੰਦ ਦਾ ਅਨੁਭਵ ਗੁਰਸ਼ਬਦ ਦੁਆਰਾ ਉਪਜੇ ਆਤਮਕ ਗਿਆਨ ਤੋਂ ਬਿਨਾ ਨਹੀਂ ਹੋ ਸਕਦਾ ।

ਇਸ ਵਿੱਚ ਸ਼ੱਕ ਨਹੀਂ ਕਿ ਜਦ ਤੋਂ ਦੁਨੀਆਂ ਦੀ ਰਚਨਾ ਹੋਈ ਹੈ, ਮਨੁੱਖ ਸੁਖ ਅਤੇ **ਖੁਸ਼ੀ** ਦੀ ਤਲਾਸ਼ ਵਿਚ ਅਨੇਕ ਪਰਕਾਰ ਦੇ ਜਤਨ ਕਰਦਾ ਆ ਰਿਹਾ ਹੈ । ਪਰ ਜਿਉਂ ਜਿਉਂ ਉਹ ਆਪਣੀ ਸੋਚ ਅਤੇ ਸਮਝ ਦੇ ਆਧਾਰ ਉਤੇ ਨਵੀਆਂ ਨਵੀਆਂ ਸਕੀਮਾਂ ਬਣਾਉਂਦਾ ਹੈ, ਤਿਉਂ ਤਿਉਂ ਉਹ ਸਗੋਂ ਵਧੇਰੇ ਦੁਖੀ ਹੁੰਦਾ ਜਾ ਰਿਹਾ ਹੈ । ਦਰਸਅਸਲ , ਜਿਸ ਸਦੀਵੀ ਸੁਖ ਦੀ ਤਲਾਸ਼ ਛਿਨ-ਭੰਗਰੀ ਖੁਸ਼ੀ ਦੇਣ ਵਾਲੇ ਦੁਨਿਆਵੀ ਪਦਾਰਥਾਂ ਦੁਆਰਾ ਕੀਤੀ ਜਾ ਰਹੀ ਹੈ, ਉਹ ਇਨ੍ਹਾਂ ਮਾਇਕ ਪਦਾਰਥਾਂ ਦੀ ਥਾਂ ਆਤਮਾ ਦਾ ਵਿਸ਼ਾ ਹੈ । ਪੱਛਮੀ ਸੁਖਵਾਦ ਦਾ ਫ਼ਲਸਫ਼ਾ ਸੰਸਾਰਕ ਭੋਗਾਂ ਦੇ ਭੋਗਣ ਵਿਚ ਖੁਸ਼ੀ ਲੱਭਦਾ ਹੈ, ਪਰ ਪ੍ਰਾਚੀਨ ਭਾਰਤੀ ਅਧਿਆਤਮਵਾਦੀ ਫ਼ਲਸਫ਼ੇ ਅਨੁਸਾਰ ਭੋਗਾਂ ਨੂੰ ਮਨੁਖ ਨਹੀਂ ਭੋਗਦਾ, ਸਗੋਂ ਭੋਗ ਮਨੁੱਖ ਨੂੰ ਭੋਗਦੇ ਹਨ । ਇਸ ਲਈ ਉਪਨਿਖਦਾਂ ਦੇ ਆਤਮ-ਗਿਆਨੀਆਂ ਨੇ ਲੰਬੇ ਸਮੇਂ ਦੇ ਤਪ ਉਪਰੰਤ ਇਹ ਨਿਰਣਾ ਕੀਤਾ ਕਿ ਸਦੀਵੀ ਆਨੰਦ ਬਹਮਾਨੰਦ ਦਾ ਵਾਚਕ ਹੈ । ਤੈਤ੍ਰੀਜ ਉਪਨਿਸ਼ਦ ਵਿਚ "ਬ੍ਰਹਮਾਨੰਦ ਵੱਲੀ" ਅਤੇ "ਭਿਗੂ ਵਲੀ" ਨਾਮੀ ਭਾਗ ਇਸੇ ਕਥਨ ਦੀ ਪੁਸ਼ਟੀ ਕਰਦੇ ਹਨ । ਪਰ ਉਪਨਿਖਦਾਂ ਦਾ ਗੂੜ੍ਹ-ਗਿਆਨ ਆਮ ਲੋਕਾਂ ਦੀ ਪਹੁੰਚ ਤੋਂ ਪਰੇ ਹੈ । ਫੇਰ ਸਿੱਧਾਂ ਅਤੇ ਜੋਗੀਆਂ ਨੇ ਆਨੰਦ, ਮਹਾਂ-ਰਸ, ਆਦਿਕ ਦੀ ਪ੍ਰਾਪਤੀ ਲਈ ਆਪਣੀਆਂ ਗੁਹਜ-ਸਾਧਨਾਵਾਂ ਦੇ ਅਲੌਕਿਕ ਵਰਣਨ ਦੁਆਰਾ ਸੰਸਾਰਕ ਕਾਰ-ਵਿਹਾਰ ਅਤੇ ਗਿਹਸਥ-ਪਰਵਾ ਵਿਚ ਰਹਿਣ ਵਾਲੇ ਭਾਰਤਵਾਸੀਆਂ ਨੂੰ ਚੱਕਰਾਂ ਵਿਚ ਪਾਈ ਰੱਖਿਆ । ਹਠ-ਜੋਗੀਆਂ (ਵੇਖੋ : ਜੋਗ ਪ੍ਰਦੀਪਕਾ) ਨੇ ਮਨੁੱਖੀ-ਸਰੀਰ ਦੇ ਅੰਦਰ ਛੇ ਚੱਕਰਾਂ ਦਾ ਵੇਰਵਾ ਦਿਤਾ ਹੈ ਸਹਜਿਅ ਸੰਪ੍ਰਦਾਇ[42] ਨਾਲ ਸਬੰਧਤ ਸਿੱਧ ਵੀ ਮਨੁੱਖੀ ਸਰੀਰ ਵਿਚ ਛੇ ਚਕਰਾਂ ਦੀ ਕਲਪਨਾ ਕਰਦੇ ਹੋਏ ਸਭ ਤੋਂ ਹੇਠਲੇ "ਮੂਲਾਧਾਰ ਚਕ੍ਰ" ਵਿਚ ਸ਼ਕਤੀ ਅਤੇ ਸਭ ਤੋਂ ਉਪਰਲੇ "ਸਹਸ੍ਰਾਰ ਚੱਕ੍ਰ" ਵਿਚ "ਸ਼ਿਵ" ਦਾ ਨਿਵਾਸ ਮੰਨਦੇ ਹਨ । ਇਨ੍ਹਾਂ ਤਾਂਤ੍ਰਿਕਾਂ ਨੇ ਪ੍ਰਾਨ-ਸ਼ਕਤੀ ਨੂੰ ਕੁੰਡਲਿਣੀ ਸ਼ਕਤੀ ਦਾ ਨਾਮ ਦੇ ਕੇ ਇਸ ਸ਼ਕਤੀ ਨੂੰ ਜਗਾ ਕੇ ਅਤੇ ਵੱਖ ਵੱਖ ਚੱਕਰਾਂ ਵਿਚ ਘੁਮਾ ਕੇ "ਸਹਸ੍ਰਾਰ ਚੱਕ੍ਰ" ਵਿਚ

---

41. ਵਿਸਥਾਰ ਲਈ ਵੇਖੋ : ਡਾ: ਰਾਧਾ ਕ੍ਰਿਸ਼ਨਨ ਦੀ ਅੰਗਰੇਜ਼ੀ ਪੁਸਤਕ "ਦੀ ਪ੍ਰਿੰਸੀਪਲ ਉਪਨਿਸ਼ਦਜ਼", ਲੰਡਨ, 1953 ਐਡੀਸ਼ਨ, ਪੰਨੇ 548 ਤੋਂ 549 ਅਤੇ ਪੰਨਾ 557
42. ਵੇਖੋ : ਡਾ: ਪਰਸ਼ੂਰਾਮ ਚਤੁਰਵੇਦੀ ਦਾ ਸਹਜਿਆ ਸੰਪ੍ਰਦਾਇ ਬਾਰੇ ਲੇਖ (ਹਿੰਦੀ ਸਾਹਿਤਯ ਕੋਸ਼, ਪੰਨਾ 826)



Digitized by Panjab Digital Library | www.panjabdigilib.org

ਪਹੁੰਚਣ ਉਤੇ ਬ੍ਰਹਮਰੰਦਰ ਜਾ ਦਸਮ-ਦੁਆਰ ਦੇ ਖੁਲ੍ਹਣ ਸਮੇਂ ਅੰਮ੍ਰਿਤ ਦੇ ਝਰਨ ਅਤੇ ਉਸ ਨੂੰ ਚੱਖਣ ਤੇ ਮਹਾਂਰਸ ਜਾਂ ਮਹਾਂ-ਆਨੰਦ, ਅਨਹਤ-ਸ਼ਬਦ ਦੇ ਰੂਹਾਨੀ ਸੰਗੀਤ, ਆਦਿ ਦੀ ਕਲਪਨਾ ਕੀਤੀ ਹੈ। ਉਨ੍ਹਾਂ ਵਾਂਗ ਹੀ ਕਈ ਹੋਰ ਸੰਪ੍ਰਦਾਵਾਂ ਦੇ ਜੋਗੀਆਂ ਨੇ "ਸੁਖਮਨਾ ਨਾੜੀ"[43] ਵਿਚ ਪ੍ਰਾਨਾਂ ਦੇ ਪੁੱਜਣ ਤੇ ਅਨਹਤ ਸ਼ਬਦਾਂ ਦੇ ਸੁਣੀਨ ਅਤੇ ਆਨੰਦ ਦੀ ਪ੍ਰਾਪਤੀ ਨੂੰ ਮੰਨਿਆ ਹੈ। ਕਬੀਰ, ਆਦਿਕ ਭਗਤਾਂ ਅਤੇ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਵੀ ਸੁਖਮਨਾ, ਇੜਾ, ਪਿਗਲਾ, ਆਦਿਕ ਨਾੜੀਆਂ ਦਾ ਵਰਣਨ ਹੈ, ਬੇਸ਼ਕ ਉਨ੍ਹਾਂ ਹਠ-ਯੋਗ ਦੀਆਂ ਸਾਧਨਾਵਾਂ ਦਾ ਸਮਰਥਨ ਕਰਨ ਦੀ ਥਾਂ ਸਹਜ-ਜੋਗ ਨੂੰ ਹੀ ਪ੍ਰਚਲਤ ਕੀਤਾ ਹੈ।

ਸਹਯਾਨੀ -ਸਿੱਧਾਂ ਨੇ "ਸਹਜ" ਨੂੰ ਵੀ ਗੁਹਜ-ਸਾਧਨਾਵਾਂ ਦੁਆਰਾ ਗ੍ਰਿਹਸਥੀਆਂ ਦ ਪਹੁੰਚ ਤੋਂ ਪਰੇਰੇ ਕਰ ਰੱਖਿਆ ਸੀ। ਕਬੀਰ, ਆਦਿਕ ਭਗਤਾਂ ਨੇ ਬੇਸ਼ਕ ਸਹਜ-ਮਾਰਗ ਨੂੰ ਗ੍ਰਿਹਸਥ-ਜੀਵਨ ਦੇ ਵਧੇਰੇ ਨੇੜੇ ਲਿਆਂਦਾ, ਪਰ ਜਿਵੇਂ ਕਬੀਰ ਨੇ ਆਖਿਆ ਹੈ, ਸਹਜ ਦਾ ਵਰਣਨ ਕਥਨ ਤੋਂ ਬਾਹਰ ਹੈ (ਸਹਜ ਕੀ ਅਕਥ ਕਥਾ ਹੈ ਨਿਰਾਰੀ)।[44]

ਸੋ ਉਪਰੋਕਤ ਸਾਰੇ ਸੰਕੇਤਾਂ ਤੋਂ ਇਹੋ ਗਲ ਸਿਧ ਹੁੰਦੀ ਹੈ ਕਿ ਸਹਜ ਅਤੇ ਆਨੰਦ ਦੀ ਪ੍ਰਾਪਤੀ ਅਤਿਅੰਤ ਕਠਨ ਹੈ। ਪਰ ਗੁਰੂ ਅਮਰਦਾਸ ਦੇ ਦੈਵੀ ਅਨੁਭਵ ਅਤੇ ਕਾਵਿ-ਕਲਾ ਦੀ ਵਡਿਆਈ ਇਸ ਵਿਚ ਹੈ ਕਿ ਉਨ੍ਹਾਂ ਸਹਜ ਅਤੇ ਆਨੰਦ ਵਰਗੀਆਂ ਬ੍ਰਹਮ ਦੀਆਂ ਵਾਚਕ ਅਵਸਥਾਵਾਂ ਦੀ ਪ੍ਰਾਪਤੀ ਦਾ ਅਤੀ ਸੌਖਾ ਅਤੇ ਸਰਲ ਮਾਰਗ ਦੁਨੀਆਂ ਨੂੰ ਦਰਸਾਇਆ ਹੈ।

ਗੁਰੂ ਅਮਰਦਾਸ ਦੇ ਸ਼ਬਦਾਂ ਵਿਚ ਸਹਜ-ਅਵਸਥਾ ਤਿਨਾਂ ਗੁਣਾਂ ਤੋਂ ਉਚੇਰੀ "ਚਉਥੇ-ਪਦ" ਨੂੰ ਪ੍ਰਾਪਤ ਆਤਮਕ ਅਵਸਥਾ ਹੈ। ਸਹਜ ਦੀ ਪ੍ਰਾਪਤੀ ਬ੍ਰਹਮਾਨੰਦ ਵਾਂਗ ਕੇਵਲ ਸਤਿਗੁਰੂ ਦੁਆਰਾ ਹੁੰਦੀ ਹੈ। ਸਤਿਗੁਰੂ ਦੇ ਸ਼ਬਦ ਦੀ ਕਮਾਈ ਦੁਆਰਾ ਮਨੁਖ ਦੇ ਹਿਰਦੇ ਵਿਚੋਂ ਮੋਹ-ਮਾਇਆ ਅਤੇ ਹਉਮੈ, ਤ੍ਰਿਸ਼ਨਾ, ਆਦਿਕ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ। ਹਉਮੈ ਤੋਂ ਮੁਕਤ ਹੋਏ ਨਿਰਮਲ ਮਨ ਵਿਚ ਹਰੀ-ਨਾਮ ਪਰਗਟ ਹੁੰਦਾ ਏ ਅਤੇ ਹਰੀ-ਨਾਮ ਹੀ ਸਹਜ, ਆਨੰਦ, ਦਸਮ ਦੁਆਰ, ਅਨਹਤ-ਸ਼ਬਦ, ਆਦਿਕ ਆਤਮਕ ਅਵਸਥਾਵਾਂ ਦਾ ਆਧਾਰ ਹੈ। ਬੇਸ਼ਕ ਸਹਜ ਅਤੇ ਆਨੰਦ ਬਾਰੇ ਗੁਰੂ ਜੀ ਨੇ "ਰਾਮਕਲੀ ਆਨੰਦੁ" (ਆਨੰਦ ਸਾਹਿਬ) ਨਾਮੀ ਬਾਣੀ ਦੁਅਰਾ ਸੂਤਰਬੱਧ ਸ਼ੈਲੀ ਰਾਹੀਂ ਸਹਜ-ਆਨੰਦ ਦੇ ਅਧਿਆਤਮਕ ਵਿਸ਼ੇ ਦੀ ਉਸਾਰੀ ਆਤਮਕ-ਪਉੜੀਆਂ ਦੇ ਵਿਕਾਸ ਵਾਂਗ ਅਤੀ ਸੁੰਦਰ ਅਤੇ ਅਨੂਪਮ ਢੰਗ ਨਾਲ ਕੀਤੀ ਹੈ, ਪਰ ਰਾਮਕਲੀ

43. ਵੇਖੋ : ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1960 ਐਡੀਸ਼ਨ, ਪੰਨਾ 156
44. ਵੇਖੋ : ਗਉੜੀ ਕਬੀਰ-ਆਦਿ ਗ੍ਰੰਥ, ਪੰਨਾ 333



Digitized by Panjab Digital Library | www.panjabdigilib.org

ਅਨੰਦੁ ਤੋਂ ਇਲਾਵਾ ਗੁਰੂ ਜੀ ਦੀ ਬਾਕੀ ਬਾਣੀ ਵਿਚ ਵੀ ਥਾਂ ਪਰ ਥਾਂ ਅਨੇਕਾਂ ਤੁਕਾਂ ਸਹਜ ਅਤੇ ਆਨੰਦ ਦੇ ਦੁਰਗਮ ਭੇਦ ਨੂੰ ਸੌਖੇ ਤੇ ਸਰਲ ਢੰਗ ਨਾਲ ਖੋਲ੍ਹਦੀਆਂ ਸੁਣਾਈ ਦਿੰਦੀਆਂ ਹਨ। ਗੁਰੂ ਜੀ ਦੀ ਬਾਣੀ ਦੇ ਸਤਾਰ੍ਹਾਂ ਰਾਗਾਂ ਵਿੱਚੋਂ ਕੇਵਲ ਸਿਰੀ ਰਾਗ ਵਿਚੋਂ ਹੀ ਇਸ ਵਿਚਾਰ ਦੀ ਪੁਸ਼ਟੀ ਵਿਚ ਪੰਜ ਪ੍ਰਮਾਣ ਪੇਸ਼ ਕੀਤੇ ਜਾਂਦੇ ਹਨ :—

(ੳ) ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈਗੁਣ ਭਰਮ ਭੁਲਾਇ।
(ਅ) ਚਉਥੇ ਪਦ ਮਹਿ ਸਹਜ ਹੈ ਗੁਰਮੁਖਿ ਪਲੈ ਪਾਇ।
(ੲ) ਭਾਈ ਰੇ ਗੁਰ ਬਿਨੁ ਸਹਜੁ ਨ ਹੋਇ।
ਸਬਦੈ ਹੀ ਤੇ ਸਹਜੁ ਉਪਜੈ ਹਰਿ ਪਾਇਆ ਸਚੁ ਸੋਇ।
(ਸ) ਸਤਿਗੁਰੁ ਸੇਵਿਐ ਸਹਜੁ ਉਪਜੈ ਹਉਮੈ ਤ੍ਰਿਸਨਾ ਮਾਰਿ।
(ਹ) ਭਗਤਾ ਮਨਿ ਆਨੰਦੁ ਹੈ ਸਚੈ ਸਬਦਿ ਰੰਗ ਰਾਤੇ।
ਅਨਦਿਨੁ ਗੁਣ ਗਾਵਹਿ ਸਦ ਨਿਰਮਲ ਸਹਜੇ ਨਾਮਿ ਸਮਾਤੇ।

(ਸਿਰੀ ਰਾਗੁ ਮਹਲਾ ੩)[45]

ਬੇਸ਼ਕ ਸਹਜ ਦਾ ਵਰਣਨ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਵੀ ਕਈ ਥਾਈਂ ਮਿਲਦਾ ਹੈ, ਪਰ ਗੁਰੂ ਅਮਰਦਾਸ ਦੀ ਬਾਣੀ ਵਿਚ ਇਸ ਦੀ ਧੁਨੀ ਇਤਨੀ ਉੱਚੀ ਹੈ ਕਿ ਉਨ੍ਹਾਂ ਤੋਂ ਥੋੜ੍ਹਾ ਸਮਾਂ ਪਿੱਛੋਂ ਸ਼ਾਹ-ਹੁਸੈਨ ਵਰਗਾ ਸੂਫੀ ਵੀ ਆਖਣ ਲੱਗ ਪਿਆ ਸੀ ਕਿ ਮੇਰੀਏ ਜਿੰਦੇ, "ਤੂੰ ਸਾਲੂ ਸਹਜ ਹੰਢਾਇ ਲੈ"।

ਰਾਮਕਲੀ ਰਾਗ ਵਿਚ ਰਚੇ "ਅਨੰਦ ਸਾਹਿਬ" ਰਾਹੀਂ ਗੁਰੂ ਜੀ ਨੇ ਸਹਜ ਅਤੇ ਆਨੰਦ ਦੀ ਪ੍ਰਾਪਤੀ ਸਤਿਗੁਰੂ ਦੀ ਕਿਰਪਾ ਦੁਆਰਾ ਦਰਸਾਈ ਹੈ। ਸਤਿਗੁਰੂ ਦੀ ਕਿਰਪਾ ਗੁਰਸ਼ਬਦ ਅਨੁਸਾਰ ਸੱਚ ਅਤੇ ਸੰਜਮ ਦੀ ਕਰਣੀ ਵਾਲੇ ਸਾਧਕ ਉਤੇ ਹੁੰਦੀ ਹੈ। ਗ੍ਰਿਹਸਥ-ਪਰਵਾਰ ਵਿਚ ਰਹਿੰਦੇ ਹੋਇਆਂ ਅਤੇ ਸੰਸਾਰਕ ਕਾਰ-ਵਿਹਾਰ ਕਰਦੇ ਹੋਇਆਂ ਵੀ ਸਹਜ ਅਤੇ ਅਨੰਦ ਦੀ ਪ੍ਰਾਪਤੀ ਹੋ ਸਕਦੀ ਹੈ। ਸ਼ਰਤ ਇਹ ਹੈ ਕਿ ਮਨੁੱਖ ਦੇ ਅੰਦਰ "ਸੱਚੀ-ਲਿਵ" ਜਾਗ ਪਵੇ। ਹਰੀ-ਨਾਮ ਵਾਂਗ ਸਹਜ ਅਤੇ ਆਨੰਦ ਵੀ ਮਨੁਖ ਦੇ ਹਿਰਦੇ ਅੰਦਰ ਪਰਗਟ ਹੁੰਦਾ ਹੈ, ਇਸ ਲਈ ਗੁਰੂ ਜੀ ਨੇ ਮਨੁਖਾ-ਦੇਹੀ ਭਾਵ ਮਨੁੱਖੀ ਜੀਵਨ ਨੂੰ ਪ੍ਰਭੂ ਦੀ ਸੱਚੀ-ਲਿਵ ਵਿਚ ਰੰਗਣ ਲਈ ਉਪਦੇਸ਼ ਕੀਤਾ ਹੈ।

ਸੱਚੀ-ਲਿਵ ਤੋਂ ਬਿਨਾ ਮਨੁਖਾ-ਦੇਹੀ ਨਿਮਾਣੀ ਤੇ ਨਿਤਾਣੀ ਹੈ। ਮਾਤਾ ਦੇ ਗਰਭ ਤੋਂ ਲੈ ਕੇ ਆਪਣੇ ਅੰਤਲੇ ਸੁਆਸ ਤੀਕ ਸਾਧਾਰਣ ਮਨੁੱਖ ਤ੍ਰਿਸ਼ਨਾ ਦੀ ਅਗਨੀ ਨਾਲ ਤਪਦਾ ਰਹਿੰਦਾ

45. ਆਦਿ-ਗ੍ਰੰਥ... ਨੇ ਕ੍ਰਮਵਾਰ 68,68,68, 65 ਅਤੇ 69



Digitized by Panjab Digital Library | www.panjabdigilib.org

ਹੈ। ਸੰਸਾਰਕ ਪਦਾਰਥਾਂ ਨੂੰ ਇਕੱਠੇ ਕਰਨ ਅਤੇ ਦੁਨਿਆਵੀ ਵਿਸ਼ਿਆਂ ਨੂੰ ਭੋਗਣ ਤੀਕ ਸੀਮਤ ਰਹਿਣ ਕਰਕੇ ਉਸਦੇ ਗਿਆਨ-ਇੰਦ੍ਰੇ ਆਤਮਕ ਜਾਗ੍ਰਤੀ ਵਿਚ ਕਦੇ ਨਹੀਂ ਆਉਂਦੇ, ਇਸੇ ਲਈ ਨਾ ਉਸ ਨੂੰ ਸਰੀਰ ਦੇ ਨੌ ਦਰਵਾਜ਼ਿਆਂ ਤੋਂ ਉਚੇਰੇ ਦਸਵੇਂ ਦੁਆਰ ਦੀ ਸੋਝੀ ਹੁੰਦੀ ਹੈ ਅਤੇ ਨਾ ਹੀ ਦਸਮ-ਦੁਆਰ ਨਾਲ ਸਬੰਧਤ ਸਹਜ ਅਤੇ ਆਨੰਦ ਵਰਗੀਆਂ ਆਤਮਕ ਅਵਸਥਾਵਾਂ ਦੀ ਪ੍ਰਾਪਤੀ ਹੁੰਦੀ ਹੈ। ਦੂਜੇ ਉਹ ਲੋਕ ਹਨ, ਜੋ ਵੇਦਾਂ, ਸ਼ਾਸਤ੍ਰਾਂ, ਆਦਿਕ ਧਰਮ-ਗ੍ਰੰਥਾਂ ਵਿਚ ਵਰਣਨ ਕੀਤੇ ਕਰਮ-ਕਾਂਡ ਜਾਂ ਧਾਰਮਕ ਅਡੰਬਰਾਂ ਦੁਆਰਾ ਸਹਜ ਆਨੰਦ ਨੂੰ ਪ੍ਰਾਪਤ ਕਰਨ ਦਾ ਨਿਸਫਲ ਜਤਨ ਕਰਦੇ ਹਨ।

ਇਸ ਲਈ ਗੁਰੂ ਅਮਰਦਾਸ ਮਨੁਖੀ-ਮਨ ਨੂੰ ਕੇਵਲ ਗੁਰਸ਼ਬਦ ਉਤੇ ਕੇਂਦ੍ਰਿਤ ਕਰਦੇ ਹਨ। ਗੁਰੂ ਦੁਆਰਾ ਪ੍ਰਾਪ੍ਤ ਹੋਏ ਆਤਮਕ ਗਿਆਨ ਦੁਆਰਾ ਮਾਇਆ ਦਾ ਭਰਮ ਦੂਰ ਹੋਕੇ ਦਸਮ-ਦੁਆਰ ਦੀ ਸੋਝੀ ਹੁੰਦੀ ਹੈ ਅਤੇ ਦੁਖ-ਸੁਖ , ਮਾਨ-ਅਪਮਾਨ, ਆਦਿਕ ਵਿਰੋਧੀ ਮਨੋ-ਸਥਿਤੀਆਂ ਤੋਂ ਉਚੇਰਾ ਹੋਇਆ ਮਨੁੱਖੀ-ਮਨ ਸਥਿਰ ਅਤੇ ਅਡੋਲ ਅਵਸਥਾ ਦਾ ਧਾਰਨੀ ਹੋਣ ਤੇ ਸਹਜ ਅਤੇ ਆਨੰਦ ਦਾ ਸੁੱਤੇ-ਸਿਧ ਅਧਿਕਾਰੀ ਹੋ ਜਾਂਦਾ ਹੈ। ਸਹਜ ਅਨੰਦ ਦੀ ਆਤਮਕ ਅਵਸਥਾ ਹੀ ਗੁਰੂ ਤੇਗ ਬਹਾਦਰ ਵਾਲੀ ਨਿਰਭੈਅ ਅਵਸਥਾ ਹੈ ਅਤੇ ਜਦੋਂ ਸਹਜ ਤੇ ਆਨੰਦ ਦੀ ਪ੍ਰਾਪਤੀ ਹੋ ਜਾਵੇ, ਨਾ ਕੋਈ ਸੰਸਾਰਕ ਜ਼ੁਲਮ ਡਰਾ ਸਕਦਾ ਹੈ ਅਤੇ ਨਾ ਹੀ ਕੋਈ ਹੋਰ ਮੁਸੀਬਤ। ਇਹ ਸੱਚੇ ਭਗਤ ਨੂੰ ਪ੍ਰਭੂ-ਦਰ ਤੋਂ ਪ੍ਰਾਪਤ ਹੋਈ ਰੂਹ ਦੀ ਪਾਤਿਸ਼ਾਹੀ ਹੈ, ਜੋ ਦੁਨੀਆਂ ਦੇ ਸ਼ਹਿਨਸ਼ਾਹਾਂ ਦੇ ਝੂਠੇ ਅਭਿਮਾਨ ਨੂੰ ਸ਼ਰਮਸਾਰ ਕਰ ਸਕਦੀ ਹੈ।

ਰਾਮਕਲੀ-ਆਨੰਦ ਵਿਚੋਂ ਕੁਝ ਤੁਕਾਂ ਹਾਜ਼ਰ ਹਨ :—

(ੳ) ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ।
ਸਤਿਗੁਰ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ।

(ਅ) ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ।

(ੲ) ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ, ਤਤੈ ਸਾਰ ਨ ਜਾਣੀ ।
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ।

(ਸ) ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰ ਦਿਖਾਇਆ ।

(ਹ) ਅਨਹਤ ਬਾਣੀ ਗੁਰਸਬਦਿ ਜਾਣੀ ਹਰਿਨਾਮੁ ਹਰਿ ਰਸ ਭੋਗ ।

(ਕ) ਕਹੈ ਨਾਨਕ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ
ਜਾਗਤ ਰੈਣਿ ਵਿਹਾਣੀ ।

(ਰਾਮਕਲੀ ਅਨੰਦੁ)[46]

---

46. ਆਦਿ-ਗ੍ਰੰਥ...ਪੰਨੇ 917 ਤੋਂ 922



Digitized by Panjab Digital Library | www.panjabdigilib.org

(ਘ) ਆਦਰਸ਼-ਸਮਾਜ ਅਤੇ ਆਦਰਸ਼-ਭਾਈਚਾਰਾ

ਮਹਾਨ ਕਵੀ ਸ਼ਬਦ ਦੀ ਵਿਅੰਜਨਾ ਸ਼ਕਤੀ ਦੀ ਪੂਰੀ ਤਰ੍ਹਾਂ ਸੋਝੀ ਰੱਖਦਾ ਹੈ ਅਤੇ ਆਪਣੀ ਕਵਿਤਾ ਦੁਆਰਾ ਇਹੋ ਜਿਹੀ ਰਮਜ਼ਾਂ-ਭਰੀ ਰਚਨਾ ਕਰਦਾ ਹੈ ਕਿ ਉਸਦੀ ਕਵਿਤਾ ਦੇ ਅਰਥਾਂ ਦਾ ਸਾਇਆ, ਜਿਉਂ ਜਿਉਂ ਸੋਚੀਏ, ਤਿਉਂ ਤਿਉਂ ਲੰਮੇਰਾ ਹੁੰਦਾ ਚਲਾ ਜਾਂਦਾ ਹੈ। ਬੇਸ਼ਕ ਗੁਰੂ ਅਮਰਦਾਸ ਦੀ ਕਾਵਿ-ਸ਼ਖ਼ਸੀਅਤ ਦਾ ਮੂਲ ਆਧਾਰ ਪ੍ਰਭੂ-ਭਗਤੀ ਹੈ, ਪਰ ਸੰਸਾਰ ਦੇ ਸਭ ਜੀਵਾਂ ਵਿਚ ਪ੍ਰਭੂ ਦਾ ਨਿਵਾਸ ਹੋਣ ਕਰਕੇ ਉਨ੍ਹਾਂ ਦੀ ਬਾਣੀ ਆਦਰਸ਼-ਭਗਤ ਦੇ ਨਾਲ ਨਾਲ ਮਨੁੱਖ ਨੂੰ ਆਦਰਸ਼-ਮਨੁਖ ਬਣਨ ਦੀ ਵੀ ਪ੍ਰੇਰਨਾ ਕਰਦੀ ਹੈ। ਹੇਠਾਂ ਕੁਝ ਇਕ ਪ੍ਰਮਾਣ ਪੇਸ਼ ਕੀਤੇ ਜਾਂਦੇ ਹਨ:—

(1) ਰਾਜਾ ਵਰਗ ਅਥਵਾ ਹਾਕਮ-ਸ਼੍ਰੇਣੀ :

ਬੇਸ਼ਕ ਗੁਰੂ ਜੀ ਦੀ ਬਾਣੀ ਵਿਚ ਸੰਸਾਰਕ ਪਦਾਰਥਾਂ ਦੀ ਮਲਕੀਅਤ ਲਈ ਲੜਨ ਭਿੜਨ ਵਾਲੇ ਰਾਜਿਆਂ ਦੀ ਕਰੜੀ ਆਲੋਚਨਾ ਕੀਤੀ ਗਈ ਹੈ ਅਤੇ ਉਨ੍ਹਾਂ ਦੇ ਉਲਟ ਪ੍ਰਭੂ ਭਗਤਾਂ ਨੂੰ ਪ੍ਰਭੂ-ਦਰ ਤੋਂ ਗਰੀਬੀ ਦੇ ਨਾਲ ਮਿਲੀ ਰੂਹ ਦੀ ਪਾਤਿਸ਼ਾਹੀ ਦੀ ਮਹਿਮਾ ਹੈ, ਫੇਰ ਵੀ ਹੇਠ ਲਿਖੀਆਂ ਤੁਕਾਂ ਇਹ ਸੰਕੇਤ ਕਰਦੀਆਂ ਹਨ ਕਿ ਰਾਜਗੱਦੀ ਉਤੇ (ਆਧੁਨਿਕ ਯੁਗ ਵਿਚ ਇਹੋ ਕਸੌਟੀ ਮੁਲਕਾਂ ਦੇ ਰਾਸ਼ਟਰਪਤੀਆਂ, ਪ੍ਰਧਾਨ-ਮੰਤ੍ਰੀਆਂ ਅਤੇ ਮੰਤਰੀ-ਮੰਡਲਾਂ ਉਤੇ ਲਾਗੂ ਹੋ ਸਕਦੀ ਹੈ) ਉਹੀ ਬੈਠਣਾ ਚਾਹੀਦਾ ਹੈ, ਜੋ ਰਾਜ-ਭਾਗ ਦੇ ਕੰਮਾਂ ਦੀ ਸੋਝੀ ਰੱਖਦਾ ਹੋਵੇ ਅਤੇ ਜਿਸ ਤੋਂ ਪਰਜਾ ਨੂੰ ਸੱਚਾ ਇਨਸਾਫ ਮਿਲ ਸਕੇ :—

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ।
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ।
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ।

(ਮਾਰੂ ਕੀ ਵਾਰ ਮ: ੩)[47]

(2) ਜਾਤਿ-ਪਾਤਿ ਤੋਂ ਮੁਕਤ ਸਮਾਜ

ਗੁਰੂ ਅਮਰਦਾਸ ਦੇ ਸਮਕਾਲੀ ਭਾਰਤ ਵਿਚ ਵੀ ਬਾਹਮਣ, ਆਦਿ ਉਚੇਰੀਆਂ ਜਾਤੀਆਂ ਦੇ ਲੋਕ ਆਪਣੇ ਤੋਂ ਹੇਠਾਂ ਦੱਬੀਆਂ ਲਤਾੜੀਆਂ ਜਾਤੀਆਂ ਨੂੰ ਬਹੁਤ ਘਿਰਣਾ ਕਰਦੇ ਸਨ ਅਤੇ ਜ਼ੁਲਮ ਢਾਹੁੰਦੇ ਸਨ। ਗੁਰੂ ਜੀ ਨੇ ਸਾਰੇ ਮਨੁੱਖਾਂ ਨੂੰ ਇੱਕੋ ਪ੍ਰਭੂ ਦੇ ਇੱਕੋ ਜਿਹੇ ਤੱਤਾਂ ਦੁਆਰਾ ਬਣਾਏ ਜਾਣ ਦੀ ਠੋਸ ਦਲੀਲ ਦਿੰਦੇ ਹੋਇਆਂ, ਮਨੁੱਖ ਦਾ ਸਤਿਕਾਰ ਉਸਦੇ ਜਨਮ ਦੀ ਥਾਂ ਕਰਣੀ ਦੇ ਅਨੁਸਾਰ ਕਰਨ ਦਾ ਉਪਦੇਸ਼ ਕੀਤਾ :—

(ੳ) ਜਾਤਿ ਕਾ ਗਰਬੁ ਨ ਕਰਿਅਹੁ ਕੋਈ ।
ਬ੍ਰਹਮੁ ਬਿੰਦੇ ਤੇ ਬ੍ਰਾਹਮਣੁ ਹੋਈ ।

---

47. ਆਦਿ-ਗ੍ਰੰਥ...ਪਨਾ 1088



Digitized by Panjab Digital Library | www.panjabdigilib.org

(ਅ) ਚਾਰੇ ਵਰਨ ਆਖੈ ਸਭੁ ਕੋਈ ।
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ।
ਮਾਟੀ ਏਕ ਸਗਲ ਸੰਸਾਰਾ ।
ਬਹੁਬਿਧਿ ਭਾਂਡੇ ਘੜੈ ਕੁਮ੍ਹਾਰਾ ।
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ।
ਘਟਿ ਵਧਿ ਕੋ ਕਰੈ ਬੀਚਾਰਾ ।

(ਭੈਰਉ ਮਹਲਾ ੩)

(3) ਇਸਤ੍ਰੀ-ਜਾਤੀ ਦਾ ਉੱਦਾਰ :

ਗੁਰੂ ਅਮਰਦਾਸ ਦੀ ਜੀਵਨ-ਕਥਾ ਵਿਚ ਸਚਣ-ਸਚ ਨਾਮੀ ਗੁਰਸਿਖ ਦਾ ਜ਼ਿਕਰ ਆਉਂਦਾ ਹੈ, ਜਿਸਨੂੰ ਉਨ੍ਹਾਂ ਗੁਰਮਤਿ ਦੇ ਪ੍ਰਚਾਰ ਦੀ ਮੰਜੀ ਵੀ ਬਖ਼ਸ਼ੀ ਸੀ । ਸੱਚਣ-ਸੱਚ ਦਾ ਵਿਵਾਹ ਗੁਰੂ ਅਮਰਦਾਸ ਦੀ ਆਸ਼ੀਰਵਾਦ ਦੁਆਰਾ ਹਰੀਪੁਰ ਰਿਆਸਤ ਦੇ ਰਾਜੇ ਦੀ ਤਿਆਗੀ ਹੋਈ ਰਾਣੀ ਨਾਲ ਗੁਰੂ ਦੇ ਦਰਬਾਰ ਵਿਚ ਹੋਇਆ । ਵਿਧਵਾਵਾਂ ਦੀ ਹਾਲਤ ਸੁਧਾਰਨ ਲਈ ਵੀ ਗੁਰੂ ਅਮਰਦਾਸ ਨੇ ਕਈ ਉਪਰਾਲੇ ਕੀਤੇ । ਸਤੀ ਦੀ ਰਸਮ, ਮਰਦ-ਜਾਤੀ ਦੀ ਇਸਤ੍ਰੀ-ਜਾਤੀ ਉਤੇ ਸਦੀਵੀ ਮਲਕੀਅਤ ਦਾ ਪ੍ਰਤੀਕ ਸੀ ਅਤੇ ਗੁਰੂ ਅਮਰਦਾਸ ਸਮੁੱਚੇ ਭਾਰਤ ਵਿਚ ਪਹਿਲੇ ਮਹਾਂ-ਪੁਰਖ ਸਨ, ਜਿਨ੍ਹਾਂ ਸਤੀ ਦੀ ਰਸਮ ਦਾ ਖੰਡਨ ਕੀਤਾ । ਪਤੀ ਦੀ ਚਿਤਾ ਵਿਚ ਜਿਉਂਦਿਆਂ ਸੜ ਮਰਨ ਨਾਲੋਂ, ਉਨ੍ਹਾਂ ਪਤੀ ਦੀ ਯਾਦ ਵਿਚ ਬਿਰਹਾ ਦੀ ਚੋਟ ਨਾਲ ਮਰਨਾ ਅਰਥਾਤ ਪਤੀ ਦੀ ਯਾਦ ਨੂੰ ਸਦਾ ਤਾਜ਼ਾ ਰੱਖਣ ਨੂੰ ਸ੍ਰੇਸ਼ਟ ਦਰਸਾਇਆ । ਆਦਰਸ਼-ਸਤੀ ਚਿਤਾ ਵਿਚ ਸੜਨ ਦੀ ਥਾਂ ਪਤੀ ਦੀ ਯਾਦ ਨੂੰ ਹਿਰਦੇ ਵਿਚ ਸੰਭਾਲੀ ਰੱਖਣ ਨਾਲ ਬਣਦੀ ਹੈ । ਉਨ੍ਹਾਂ ਰਚਿਤ "ਅਲਾਹੁਣੀਆਂ" ਵਿਚ ਵੀ ਸਦਾ-ਸੁਹਾਗਣ ਦਾ ਆਦਰਸ਼ ਪੇਸ਼ ਕੀਤਾ ਗਿਆ ਹੈ, ਜਿਸਦਾ ਕਦੇ ਵੀ ਮੈਲਾ-ਵੇਸ ਨਹੀਂ ਹੁੰਦਾ । ਸਤੀ ਦੀ ਰਸਮ ਵਿਰੁਧ ਹੇਠ ਲਿਖੀਆਂ ਤੁਕਾਂ ਬਹੁਤ ਪ੍ਰਭਾਵਸ਼ਾਲੀ ਹਨ :—

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ।
ਨਾਨਕ ਸਤੀਆ ਜਾਣੀਅਨਿ ਜਿ ਬਿਰਹਾ ਚੋਟ ਮਰੰਨਿ ।
ਭੀ ਸੋ ਸਤੀਆ ਆਖੀਅਨਿ ਸੀਲ ਸੰਤੋਖਿ ਰਹੰਨਿ ।
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨਿ ।

(ਵਾਰ ਸੂਹੀ ਕੀ ਸਲੋਕ ਮ: ੩)

---

48. ਆਦਿ-ਗ੍ਰੰਥ...ਪੰਨਾ 1128
49. ਆਦਿ-ਗ੍ਰੰਥ...ਪੰਨਾ 787



Digitized by Panjab Digital Library | www.panjabdigilib.org

## (4) ਆਦਰਸ਼-ਪਤੀ ਅਤੇ ਆਦਰਸ਼-ਪਤਨੀ

ਮਰਦ ਅਤੇ ਇਸਤ੍ਰੀ ਅਥਵਾ ਪਤੀ ਅਤੇ ਪਤਨੀ ਦੋਵੇਂ ਆਦਰਸ਼-ਸਮਾਜ ਦੇ ਉਸਰਈਏ ਹਨ। ਜੇਕਰ ਉਨ੍ਹਾਂ ਦਾ ਸਬੰਧ ਹੱਡ-ਚੰਮ ਦੀ ਸਤਹ ਤਕ ਸੀਮਤ ਹੈ,ਤਾਂ ਉਹ ਮਨੁੱਖਤਾ ਦਾ ਕੁਝ ਨਹੀਂ ਸੁਆਰ ਸਕਦੇ। ਇਸ ਲਈ ਗੁਰੂ ਜੀ ਨੇ ਉਨ੍ਹਾਂ ਨੂੰ "ਏਕ ਜੋਤਿ ਦੁਇ ਮੂਰਤੀ" ਦਾ ਆਦਰਸ਼ ਪ੍ਰਦਾਨ ਕੀਤਾ ਹੈ:—

**ਧਰ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ।**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ।**

(ਵਾਰ ਸੂਹੀ ਕੀ ਸਲੋਕ ਮ: ੩)[50]

ਸੰਖੇਪ ਵਿਚ, ਗੁਰੂ ਅਮਰਦਾਸ ਦਾ ਦੈਵੀ ਅਨੁਭਵ ਰੱਬ ਜੇਡਾ ਮਹਾਨ ਹੁੰਦਾ ਹੋਇਆ ਵੀ ਸਾਰੀ ਮਨੁੱਖਤਾ ਸਮੇਤ ਸਮੁੱਚੀ ਸ੍ਰਿਸ਼ਟੀ ਨੂੰ ਆਪਣੇ ਕਲਾਵੇ ਵਿਚ ਪਿਆਰ ਸਹਿਤ ਵਲਕੇ ਪ੍ਰਭੂ-ਮਿਲਾਪ ਦਾ ਸਿੱਧਾ ਅਤੇ ਸਰਲ ਮਾਰਗ ਦਰਸਾਉਂਦਾ ਹੈ।

## ਕਵਿਤਾ ਦੇ ਰੂਪਕ ਪੱਖ ਦੀਆਂ ਕੁਝ ਹੋਰ ਵਿਸ਼ੇਸ਼ਤਾਵਾਂ

ਗੁਰੂ ਅਮਰਦਾਸ ਦੀ ਕਵਿਤਾ ਦੇ ਮਹਾਨ ਵਿਸ਼ੇ-ਵਸਤੂ ਬਾਰੇ ਵਿਚਾਰ ਕਰਦਿਆਂ ਥਾਂ ਪਰ ਥਾਂ ਉਨ੍ਹਾਂ ਦੀ ਬੋਲੀ, ਸ਼ਬਦ-ਚੋਣ, ਰਾਗਾਂ ਬਾਰੇ ਸੂਝ, ਪ੍ਰਤੀਕਾਂ, ਬਿੰਬਾਂ ਅਤੇ ਅਲੰਕਾਰਾਂ ਬਾਰੇ ਵੀ ਕੁਝ ਸੰਕੇਤ ਕੀਤੇ ਜਾ ਚੁੱਕੇ ਹਨ। ਵਿਸ਼ੇ-ਵਸਤੂ ਦੇ ਸਿਧਾਂਤਕ ਨੁਕਤਿਆਂ ਦੀ ਪੁਸ਼ਟੀ ਵਿਚ ਦਿੱਤੇ ਗਏ ਉਨ੍ਹਾਂ ਦੀ ਕਵਿਤਾ ਦੇ ਹਵਾਲਿਆਂ ਵਿਚ ਵੀ ਕਵਿਤਾ ਦੇ ਰੂਪਕ-ਪੱਖ ਦੀਆਂ ਵਿਸ਼ੇਸ਼ਤਾਵਾਂ ਪਰਗਟ ਹਨ। ਫੇਰ ਵੀ ਕਵਿਤਾ ਦੇ ਸੁਹਜ ਨੂੰ ਨਿਖਾਰਨ ਵਾਲੀਆਂ ਕੁਝ ਹੋਰ ਵਿਸ਼ੇਸ਼ਤਾਵਾਂ ਦਾ ਵਿਸਥਾਰ ਇਸ ਥਾਂ ਕਰਨਾ ਲਾਹੇਵੰਦਾ ਰਹੇਗਾ।

### (ੳ) ਬੋਲੀ ਦੀਆਂ ਕਾਵਿਕ-ਵਿਸ਼ੇਸ਼ਤਾਵਾਂ

ਬੇਸ਼ਕ ਗੁਰੂ ਅਮਰਦਾਸ ਨੇ ਕੋਈ ਉਚੇਚਾ ਜਤਨ ਨਹੀਂ ਕੀਤਾ, ਫੇਰ ਵੀ ਉਨ੍ਹਾਂ ਦਾ ਸ਼ਬਦ-ਭੰਡਾਰ ਇਤਨਾ ਵਿਸ਼ਾਲ, ਸ਼ਬਦ-ਘੜਨ-ਕਲਾ ਇਤਨੀ ਸੁਚੱਜੀ ਅਤੇ ਸ਼ਬਦ-ਚੋਣ ਭਾਵਾਂ ਦੇ ਇਤਨੀ ਅਨੁਕੂਲ ਹੈ ਕਿ ਸਹਿਜ-ਸੁਭਾ ਉਨ੍ਹਾਂ ਪਾਸੋਂ ਅਨੇਕਾਂ ਸੁੰਦਰ ਸਮਾਸ ਬਣ ਗਏ ਹਨ, ਜਿਵੇਂ: ਮਨ-ਕਾਮਨਾ-ਤੀਰਥ, ਮਨ-ਚਿੰਦਿਆ-ਫਲ, ਓਤਿ-ਪੋਤਿ, ਹਲਤੁ-ਪਲਤੁ, ਪਵਿਤ-ਪਾਵਨੁ, ਭਾਇ-ਭਗਤਿ, ਗਹਿਰ-ਗੰਭੀਰ, ਗੁਣੀ-ਗਹੀਰ, ਗਿਆਨ-ਅੰਜਨ, ਗਿਆਨ-ਖੜਗ, ਸ਼ਬਦ-ਕਸਵਟੀ, ਭੈ-ਭਾਇ-ਸੀਗਾਰ, ਭਾਉ-ਭੋਜਨ, ਅਨਹਦ-ਧੁਨੀ, ਤਤੁ-ਗਿਆਨ, ਤਿਮਰ-ਅਗਿਆਨ, ਮਾਇਆ-ਮਮਤਾ-ਮੋਹਣੀ, ਕੰਚਨ-ਕਾਇਆ, ਧਾਤੁਰ-ਬਾਜੀ, ਊਧਾ-ਕਉਲ, ਪੰਡ-ਪਰਾਲਾ, ਰੋਲ-ਘਚੋਲਾ, ਕੁਚਲ-ਕੁਚੀਲ, ਕਥਨੀ-ਬਦਨੀ, ਮੋਹ-ਗੁਬਾਰ, ਤ੍ਰਿਸ਼ਨਾ-ਅਗਨ, ਗਾਰਬੁ-ਅਟਿਆ, ਗਾਰਬ-ਲੱਦਿਆ, ਕਾਮ-ਗਹੇਲੀ, ਵੇਕਾਰੀ-ਵੇੜਿਆ, ਭਰਮ-ਪਟ, ਭਿੰਨੀ-ਰੈਣ, ਆਦਿਕ।

---

50. ਆਦਿ-ਗ੍ਰੰਥ...ਪੰਨਾ 788



Digitized by Panjab Digital Library | www.panjabdigilib.org

ਇਸੇਤਰ੍ਹਾਂ ਵਿਰੋਧ-ਭਾਵੀ ਸ਼ਬਦਾਂ ਨੂੰ ਜੋੜ ਕੇ ਵੀ ਉਨ੍ਹਾਂ ਕਈ ਥਾਈਂ ਬੋਲੀ ਅਤੇ ਬਿਆ ਵਿਚ ਨਿਵੇਕਲੀ ਛਬ ਪੈਦਾ ਕਰ ਲਈ ਹੈ, ਜਿਵੇਂ ਅਕਥੋ -ਕਥੀਐ, ਅਚਰੁਚਰੈ, ਅਸਾਧੁ ਸਾਧੈ, ਥਾ ਉਥਾਪੇ, ਅਲਖ ਲਖਾਵਣਿਆ, ਅਵਗਣ ਗੁਣੀ ਬਖਸਾਵਣਿਆ , ਆਦਿਕ ।

ਕਈ ਵਾਰ ਇੱਕੋ ਸ਼ਬਦ ਨੂੰ ਬਾਰ ਬਾਰ ਦੁਹਰਾ ਕੇ ਵੀ ਗੁਰੂ ਜੀ ਉਸਦੀ ਸ਼ਕਤੀ ਨੂੰ ਤੀਖ ਕਰ ਦਿੰਦੇ ਹਨ, ਜਿਵੇਂ ਸਾਣ ਉਤੇ ਚੜ੍ਹ ਕੇ ਹਥਿਆਰ ਹੋਰ ਤੇਜ਼ ਹੋ ਜਾਂਦਾ ਹੈ। ਕੁਝ ਪ੍ਰਮਾ ਹਾਜ਼ਰ ਹਨ :—

(ੳ) ਹਉ ਹਉ ਕਰਤੀ ਸਭੁ ਮੁਈ

(ਅ) ਆਪੈ ਨੋ ਆਪ ਖਾਇ ।

(ੲ) ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ।

ਸਿਰੀ ਰਾਗੁ ਮ: ੩)[51]

(ਸ) ਮਰ ਮਰ ਜੰਮਹਿ ਫਿਰ ਫਿਰ ਆਵਹਿ ।

(ਹ) ਸਚੁ ਵਣੰਜਹ ਸਚੁ ਸੰਘਰਹਿ ਸਚੁ ਵਾਪਾਰ ਕਰਾਵਣਿਆ ।

(ਮਾਝ ਮ: ੩)[52]

(ਖ) ਨਾਮੋ ਬੀਜੇ ਨਾਮੋ ਜੰਮੈ ਨਾਮੋ ਮੰਨਿ ਵਸਾਇ ॥

(ਗਉੜੀ ਮ: ੩)[53]

ਅਸਾਂ ਪਿੱਛੇ ਗੁਰੂ ਅਮਰਦਾਸ ਦੀ ਬੋਲੀ ਨੂੰ ਅੰਮ੍ਰਿਤਸਰ ਦੀ ਮਾਝੀ ਉਤੇ ਪੇਂਡੂ ਮੁਹਾਵਰੇ ਪੁੱਠ ਚੜ੍ਹੀ ਬੋਲੀ ਆਖਿਆ ਹੈ। ਗੁਰੂ ਜੀ ਦੀ ਬੋਲੀ ਲੋਕ-ਮੁਹਾਵਰਿਆਂ ਨਾਲ ਭਰਪੂਰ ਹੈ, ਜਿਵੇ ਘਾਲ ਥਾਇ ਪੈਣਾ, ਪੰਨੇ ਪਾਉਣਾ, ਪਿੜ ਬੰਨ੍ਹ ਨੱਚਣਾ, ਮੂੰਹ ਕਾਲਾ ਹੋਣਾ, ਬਣਤ ਬਣਾਉਣੀ, ਭਾ ਦਾ ਉਦੈ ਹੋਣਾ, ਖੇਤ ਵਿਚ ਕੂੰਜ ਪੈਣੀ, ਠਉਰ ਨਾ ਠਾਉ, ਪੱਤ੍ਰੀ ਵਾਚਣੀ, ਵੇਲਾ ਹੱਥ ਨਾ ਆਉਣ ਆਦਿਕ। ਬਾਣੀ ਵਿੱਚੋਂ ਦੋ ਤਿਨ ਪ੍ਰਮਾਣ ਪੇਸ਼ ਕੀਤੇ ਜਾਂਦੇ ਹਨ : —

(ੳ) ਚਿਰੀ ਵਿਛੁੰਨੇ ਮੇਲਿਅਨੁ ਸਤਗੁਰ ਪੰਨੈ ਪਾਇ ।

(ਸਿਰੀ ਰਾਗੁ, ਮ: ੩)[54]

(ਅ) ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ।

(ਸਿਰੀ ਰਾਗੁ, ਮ: ੩)[55]

---

51. ਆਦਿ-ਗ੍ਰੰਥ, ਕ੍ਰਮਵਾਰ ਪੰਨੇ 84,86 ਅਤੇ 87
52. ਆਦਿ-ਗ੍ਰੰਥ, ਪੰਨਾ 115
53. ਆਦਿ-ਗ੍ਰੰਥ, ਪੰਨਾ 246
54. ਆਦਿ-ਗ੍ਰੰਥ, ਪੰਨਾ 32
55. ਆਦਿ-ਗ੍ਰੰਥ, ਪੰਨਾ 34



Digitized by Panjab Digital Library | www.panjabdigilib.org

(ੲ) ਓਹ ਵੇਲਾ ਹਥਿ ਨ ਆਵਈ ...

(ਵਾਰ ਗਉੜੀ, ਮ੍ਹ: ੪ ਸਲੋਕ ਮ: ੩)[56]

## (ਅ) ਕਾਵਿ-ਭੇਦ ਅਤੇ ਛੰਦ-ਪ੍ਰਬੰਧ

ਕਿਉਂਕਿ ਆਦਿ-ਗ੍ਰੰਥ ਦੇ ਬਾਕੀ ਕਵੀਆਂ ਵਾਂਗ ਗੁਰੂ ਅਮਰਦਾਸ ਦੀ ਹਰ ਕਾਵਿ-ਰਚਨਾ ਉਤੇ ਸਿਰਲੇਖ ਵਜੋਂ ਵਿਸ਼ੇਸ਼ ਪਰਕਾਰ ਦੇ ਰਾਗ ਦਾ ਨਾਮ ਹੀ ਦਰਜ ਹੈ, ਜਾਂ ਫਿਰ ਕਈ ਥਾਈਂ ਵਿਸ਼ੇਸ਼ ਪਰਕਾਰ ਦੇ ਕਾਵਿ-ਭੇਦਾਂ ਵਲ ਸੰਕੇਤ ਹੈ, ਇਸ ਲਈ ਜਿੱਥੋਂ ਤਕ ਛੰਦ-ਪ੍ਰਬੰਧ ਦਾ ਸਬੰਧ ਹੈ, ਰਾਗਾਂ ਅਤੇ ਕਾਵਿ-ਭੇਦਾਂ ਨਾਲ ਤੁਲਨਾ ਵਿਚ ਉਸ ਮਹੱਤਵ ਘੱਟ ਮੰਨਿਆ ਗਿਆ ਪ੍ਰਤੀਤ ਹੁੰਦਾ ਹੈ।

ਗੁਰੂ ਜੀ ਦੀ ਕਵਿਤਾ ਵਿਚਲੇ ਰਾਗਾਂ ਬਾਰੇ ਇਸ ਖੋਜ-ਪੱਤਰ ਦੇ ਮੁੱਢ ਵਿਚ ਗੁਰੂ ਜੀ ਦਾ ਕਾਵਿ-ਆਦਰਸ਼ ਨਿਸ਼ਚਿਤ ਕਰਨ ਸਮੇਂ ਵਿਚਾਰ ਕੀਤੀ ਜਾ ਚੁੱਕੀ ਹੈ। ਵੈਸੇ ਰੁੱਤਾਂ ਨਾਲ ਸਬੰਧਤ ਦੋ ਰਾਗਾਂ (ਰਾਗ ਬਸੰਤ ਅਤੇ ਰਾਗ ਮਲਾਰ) ਬਾਰੇ ਗੁਰੂ ਜੀ ਦੀ ਕਵਿਤਾ ਦੇ ਬਿੰਬਾਂ ਅਤੇ ਪ੍ਰਤੀਕਾਂ ਦੀ ਸੁੰਦਰਤਾ ਦਰਸਾਉਣ ਸਮੇਂ ਅੱਗੇ ਚੱਲ ਕੇ ਦੋਬਾਰਾ ਵਿਚਾਰ ਕੀਤੀ ਜਾਵੇਗੀ, ਕਿਉਂਕਿ ਲਟ ਲਟ ਕਰਦੇ ਭਾਵਾਂ ਅਤੇ ਅਨੂਪਮ ਪ੍ਰਕ੍ਰਿਤਕ ਦ੍ਰਿਸ਼ਾਂ ਨਾਲ ਸ਼ਿੰਗਾਰੀ ਉਨ੍ਹਾਂ ਦੋ ਰਾਗਾਂ ਵਿਚ ਗੁਰੂ ਜੀ ਦੀ ਅਤੀ ਉਤਮ ਕਵਿਤਾ ਦੀਆਂ ਅਨੇਕਾਂ ਵੰਨਗੀਆਂ ਮਿਲਦੀਆਂ ਹਨ।

ਕਾਵਿ-ਭੇਦਾਂ ਦੇ ਵੇਰਵੇ ਦੇ ਪੱਖ ਤੋਂ ਗੁਰੂ ਜੀ ਦੀ ਬਾਣੀ ਵਿਚ ਕਾਵਿ-ਪਦਿਆਂ ਦੇ ਵੰਨ-ਸੁਵੰਨੇ ਅਨੇਕਾਂ ਰੂਪ ਮਿਲਦੇ ਹਨ। ਜਿਵੇਂ : ਤਿਪਦੇ, ਚਉਪਦੇ, ਪੰਚਪਦੇ, ਛੇਪਦੇ, ਅਸ਼ਟਪਦੇ (ਜਾਂ ਅਸ਼ਟਪਦੀਆਂ), ਨੌਪਦੇ, ਦਸਪਦੇ, ਗਿਆਰਾਂ-ਪਦੇ, ਬਾਰ੍ਹਾਂ-ਪਦੇ, ਤੇਰ੍ਹਾਂ-ਪਦੇ, ਇੱਕੀ-ਪਦਾ, ਸਤਾਈ-ਪਦਾ, ਤੀਹਸ-ਪਦਾ, ਚੌਤਸੀ-ਪਦਾ, ਆਦਿਕ। ਛੋਟੇ ਆਕਾਰ ਵਾਲੇ ਕਾਵਿ-ਪਦਿਆਂ ਵਿਚ ਭਾਵਾਂ ਦਾ ਵੇਗ ਵਧੇਰੇ ਤਿੱਖਾ ਹੈ। ਵੱਡੇ ਆਕਾਰ ਵਾਲੀਆਂ ਅਸ਼ਟਪਦੀਆਂ ਅਤੇ ਬਹੁ-ਪਦੀਆਂ ਦੁਆਰਾ ਸਬੰਧਤ ਮਜ਼ਮੂਨਾਂ ਦੀ ਉਸਾਰੀ ਬਹੁਤ ਵਧੀਆਂ ਹੋਈ ਹੈ। ਪਰ ਗੁਰੂ ਜੀ ਦੇ ਬਹੁਪਦੇ ਵੀ ਕਾਵਿ ਦੇ ਰਸ ਤੋਂ ਸੱਖਣੇ ਨਹੀਂ। ਮਿਸਾਲ ਵਜੋਂ ਉਨ੍ਹਾਂ ਦੇ ਚੌਤੀਸ-ਪਦੇ ਦੀਆਂ ਮੁੱਢਲੀਆਂ ਤੁਕਾਂ ਹਾਜ਼ਰ ਹਨ :—

**ਦੁਨੀਆ ਨ ਸਾਲਹਿ ਜੋ ਮਰਿ ਵੰਵਸੀ ।**
**ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ।1**
**ਵਾਹੁ ਮੇਰ ਸਾਹਿਬਾ ਵਾਹੁ ।**
**ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ।1। ਰਹਾਉ ।**

(ਰਾਗੁ ਸੂਹੀ, ਮਹਲਾ ੩)[57]

---

56. ਆਦਿ-ਗ੍ਰੰਥ,...ਪੰਨਾ 314
57. ਆਦਿ-ਗ੍ਰੰਥ, .. ਪਨਾ 755



Digitized by Panjab Digital Library | www.panjabdigilib.org

ਜਿੱਥੋਂ ਤਕ ਗੁਰੂ ਜੀ ਰਚਿਤ "ਛੰਤਾਂ" ਦਾ ਸਬੰਧ ਹੈ, ਉਨ੍ਹਾਂ ਧਨ-ਪਿਰ ਜਾਂ ਪਤੀ-ਪਤਨੀ ਦੇ ਅਲੰਕਾਰ ਦੁਆਰਾ ਜੀਵ-ਆਤਮਾ ਅਤੇ ਪਰਮਾਤਮਾ ਦੇ ਸਦੀਵੀ ਸੰਬੰਧ ਨੂੰ ਸ਼ਿੰਗਾਰ-ਰਸ (ਸੰਜੋਗ-ਸ਼ਿੰਗਾਰ ਅਤੇ ਵਿਯੋਗ-ਸ਼ਿੰਗਾਰ ਦੋਵੇਂ) ਦੀ ਖੱਟੀ-ਮਿੱਠੀ ਚਾਸ਼ਨੀ ਸਹਿਤ ਵਰਣਨ ਕੀਤਾ ਹੈ ।

ਇਸ ਤਰ੍ਹਾਂ ਵਡਹੰਸ ਰਾਗ ਵਿਚ ਰਚੀਆਂ ਚਾਰ "ਅਲਾਹੁਣੀਆਂ" ਦੁਅਰਾ ਜੀਵ-ਆਤਮਾ ਨੂੰ ਪਰਮਾਤਮਾ-ਰੂਪੀ ਪਤੀ ਦੇ ਸਦੀਵੀ ਸੰਜੋਗ ਦੁਆਰਾ ਸਦਾ-ਸੋਹਾਗਣ ਬਣੀ ਰਹਿਣ ਦੀ ਪ੍ਰੇਰਨਾ ਕੀਤੀ ਹੈ। ਗੁਰੂ ਜੀ ਦੇ ਸਮਕਾਲੀ ਪੰਜਾਬ ਵਿਚ ਅਤੇ ਉਨ੍ਹਾਂ ਤੋਂ ਪਿਛੋਂ ਵੀ ਕਈ ਸਦੀਆਂ ਤੀਕ "ਛੰਤਾਂ" ਵਰਗੇ ਲੋਕ-ਛੰਦ ਦੁਆਰਾ ਦੁਨਿਆਵੀ ਕਵੀ ਕਾਮਾਦਿਕ ਨੂੰ ਭੜਕਾਉਣ ਵਾਲੇ ਭਾਵਾਂ ਨੂੰ ਹੀ ਵਿਸ਼ੇਸ਼ ਕਰਕੇ ਪ੍ਰਗਟਾਉਂਦੇ ਰਹੇ। ਪਰ ਗੁਰੂ ਨਾਨਕ ਦੇਵ ਵਾਂਗ ਗੁਰੂ ਅਮਰਦਾਸ ਨੇ ਵੀ ਇਹੋ ਜਿਹੇ ਲੋਕ-ਛੰਦਾਂ ਦੁਆਰਾ ਅਧਿਆਤਮਕ ਭਾਵਾਂ ਨੂੰ ਪਰਗਟ ਕਰਕੇ ਜਾਣੋ ਇਨ੍ਹਾਂ ਲੋਕ ਛੰਦਾਂ ਦੀ ਕਾਇਆ-ਕਲਪ ਕਰ ਦਿੱਤੀ ਹੈ। ਜਿਵੇਂ ਪਰੰਪਰਾਵਾਦੀ "ਅਲਾਹੁਣੀਆਂ" ਨੂੰ ਵਿਛੜੇ ਪ੍ਰਾਣੀ ਦੇ ਵਿਜੋਗ ਵਿਚ ਕੀਤੇ ਜਾਣ ਵਾਲੇ ਰੁਦਨ ਵਲੋਂ ਮੋੜ ਕੇ ਗੁਰੂ ਜੀ ਨੇ ਸਦਾ-ਜੀਵਤ ਪਰਮਾਤਮਾ-ਰੂਪੀ-ਪਤੀ ਦੇ ਪਿਆਰ-ਗੀਤ ਵਿਚ ਬਦਲ ਦਿੱਤਾ ਹੈ, ਉਸੇ ਤਰ੍ਹਾਂ "ਸਤਵਾਰੇ" ਅਤੇ "ਥਿਤੀ" ਦੁਆਰਾ ਦਿਨ ਵਾਰ ਅਤੇ ਤਿੱਥਾਂ ਬਾਰੇ ਭਾਰਤ-ਵਾਸੀਆਂ ਵਿਚ ਪ੍ਰਚਲਤ ਵਹਿਮਾਂ-ਭਰਮਾਂ ਨੂੰ ਦੂਰ ਕਰਨ ਦਾ ਜਤਨ ਕੀਤਾ ਹੈ ।

"ਸ਼ਲੋਕ" ਪ੍ਰਭੂ ਦੀ ਸਿਫ਼ਤ-ਸਾਲਾਹ ਅਤੇ ਕਈ ਵਾਰ ਪਾਖੰਡੀ ਧਾਰਮਕ ਆਗੂਆਂ ਦੇ ਪਾਜ ਨੂੰ ਉਘੇੜਨ ਲਈ ਵੀ ਭਾਵਾਂ ਦਾ ਹਥਿਆਰ ਬਣਿਆ ਹੈ। ਜਜ਼ਬੇ ਦਾ ਵੇਗ ਆਮ ਕਰਕੇ ਸਲੋਕ ਵਿਚ ਤੀਬਰ ਗਤੀ ਵਾਲਾ ਹੁੰਦਾ ਹੈ, ਅਤੇ ਇਕ ਸ਼ਲੋਕ ਆਮ ਕਰਕੇ ਇੱਕੋ ਭਾਵ ਨੂੰ ਹੀ ਪ੍ਰਗਟਾਉਂਦਾ ਹੈ।

ਸ਼ਲੋਕਾਂ ਦੇ ਉਲਟ "ਸੋਲਹੇ" ਅਤੇ "ਵਾਰਾਂ" ਪ੍ਰਭੂ ਦੇ ਨਿਰਗੁਣ ਤੇ ਸਰਗੁਣ ਸਰੂਪਾਂ ਅਤੇ ਸ੍ਰਿਸ਼ਟੀ-ਰਚਨਾ ਵਰਗੇ ਮਹਾਨ ਵਿਸ਼ਿਆਂ ਦੀ ਉਸਾਰੀ ਲਈ ਬਹੁਤ ਢੁਕਵੇਂ ਕਾਵਿ-ਭੇਦ ਹਨ ਅਤੇ ਗੁਰੂ ਅਮਰਦਾਸ ਨੇ ਇਨ੍ਹਾਂ ਦੋ ਕਾਵਿ-ਭੇਦਾਂ ਦਾ ਪ੍ਰਯੋਗ ਗੁਰਮਤਿ -ਕਾਵਿ ਦੇ ਕਿਸੇ ਵੀ ਹੋਰ ਕਵੀ ਨਾਲੋਂ ਘੱਟ ਸਫਲਤਾ ਸਹਿਤ ਨਹੀਂ ਕੀਤਾ। ਅਧਿਆਤਮਕ ਵਾਰਾਂ ਵਿਚ ਬੀਰ-ਰਸ ਨੂੰ ਪ੍ਰਗਟਾਉਣਾ ਕਾਵਿ-ਕਲਾ ਦਾ ਵੱਡਾ ਚਮਤਕਾਰ ਹੁੰਦਾ ਹੈ, ਕਿਉਂਕਿ ਨਾ ਓਥੇ ਦੁਨਿਆਵੀ ਲੜਾਈਆਂ ਵਾਲੀ ਰਣ-ਭੂਮੀ ਹੁੰਦੀ ਹੈ ਅਤੇ ਨਾ ਹੀ ਭਾਂਤ ਭਾਂਤ ਦੇ ਹਥਿਆਰਾਂ ਦੀ ਖੜਕਾਰ। ਇਸ ਪੱਖ ਤੋਂ ਗੁਰੂ ਅਮਰਦਾਸ ਦੀ ਇਹ ਵਡਿਆਈ ਹੈ ਕਿ ਉਨ੍ਹਾਂ ਸ਼ਸਤਰਾਂ ਦੇ ਬਿਨਾ ਹੀ ਆਪਣੀਆਂ ਹੇਠ ਲਿਖੀਆਂ ਤੁਕਾਂ ਰਾਹੀਂ ਸ਼ਸਤਰਾਂ ਦਾ ਖੜਕਾਰ ਪੈਦਾ ਕਰ ਦਿੱਤਾ ਹੈ। ਗਿਆਨ ਦੇ ਖੜਗ ਨਾਲ ਲੋਭ,ਮੋਹ ਅਤੇ ਅਹੰਕਾਰ ਨੂੰ ਕੱਟ ਕੇ ਮਾਇਆ ਦੇ ਭਰਮ ਦਾ ਕਿਲ੍ਹਾ ਤੋੜਨ ਵਾਲਾ ਵਾਰ-ਕਾਰ ਨਿਸ਼ਚੇ ਹੀ ਅਧਿਆਤਮਕ-ਵਾਰਾਂ ਰਚਨ ਦੇ ਪੱਖ ਤੋਂ ਵੀ ਇਕ ਮਹਾਨ ਕਵੀ ਹੈ :—

**ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ।**

**ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ।**

(ਮਾਰੂ ਕੀ ਵਾਰ, ਮ: ੩)[58]

---

58. ਆਦਿ-ਗ੍ਰੰਥ, ਪੰਨਾ 1087



Digitized by Panjab Digital Library | www.panjabdigilib.org

ਵਾਰਾਂ ਨੂੰ ਪਉੜੀਆਂ ਦੁਆਰਾ ਆਮ ਕਰਕੇ ਨਿਸ਼ਾਨੀ-ਛੰਦ ਵਿਚ ਲਿਖਿਆਂ ਜਾਂਦਾ ਰਿਹਾ ਹੈ । ਪਰ ਗੁਰੂ ਜੀ ਦੀਆਂ ਵਾਰਾਂ ਨਾਲ ਸਬੰਧਤ ਪਉੜੀਆਂ ਵਿਚ ਮਾਤ੍ਰਾਂ ਦੀ ਗਿਣਤੀ ਦੇ ਪੱਖ ਤੋਂ ਅਨੇਕਾਂ ਰਵਾਇਤੀ ਛੰਦਕ-ਚਾਲਾਂ ਦਾ ਪ੍ਰਯੋਗ ਹੋਇਆ ਮਿਲਦਾ ਹੈ । ਵੈਸੇ ਹਰ ਪਉੜੀ ਦੀਆਂ ਤੁਕਾਂ ਵਿਚ ਆਮ ਕਰਕੇ ਮਾਤ੍ਰਾਂ ਦੀ ਗਿਣਤੀ ਇਕਸਾਰ ਹੈ। ਛੰਦ ਦੀ ਰਵਾਨੀ ਅਤੇ ਤੁਕਾਂਤ ਦੀ ਇਕਸਾਰਤਾ ਨੂੰ ਕਾਇਮ ਰੱਖਣ ਵਿਚ ਵੀ ਗੁਰੂ ਅਮਰਦਾਸ ਦੀ ਛੰਦ-ਸਿਰਜਨ-ਕਲਾ ਸਲਾਹੁਤਾ-ਯੋਗ ਹੈ।

"ਕਾਫ਼ੀ" ਰਾਗ-ਵਿਦਿਆ ਅਨੁਸਾਰ ਇਕ ਰਾਗਨੀ ਹੈ ਅਤੇ ਇਸਦਾ ਪ੍ਰਯੋਗ ਗੁਰੂ ਨਾਨਕ ਦੇਵ ਤੋਂ ਪਹਿਲਾਂ ਕਿਸੇ ਵੀ ਪੰਜਾਬੀ ਕਵੀ ਨੇ ਨਹੀਂ ਸੀ ਕੀਤਾ। ਸੋ ਗੁਰੂ ਨਾਨਕਦੇਵ ਤੋਂ ਬਾਅਦ ਗੁਰੂ ਅਮਰਦਾਸ ਦੂਜੇ ਪੰਜਾਬੀ ਕਵੀ ਹਨ, ਜਿਨ੍ਹਾਂ ਆਸਾ-ਰਾਗ ਵਿਚ ਇਕ ਕਾਫੀ ਵੀ ਰਚੀ।

ਆਸਾ ਰਾਗ ਵਿਚ ਗੁਰੂ ਨਾਨਕਦੇਵ ਵਾਂਗ ਗੁਰੂ ਅਮਰਦਾਸ ਨੇ ਵੀ ਇਕ "ਪਟੀ" ਲਿਖੀ, ਜਿਸ ਦੇ ਅੱਖਰਾਂ ਦਾ ਉਚਾਰਨ ਤਾਂ ਗੁਰੂ ਨਾਨਕਦੇਵ ਦੀ ਪੱਟੀ ਵਾਂਗ ਗੱਗਾ, ਧੱਧਾ, ਆਦਿਕ ਹੈ, ਪਰ ਦੋਹਾਂ ਗੁਰੂ ਸਾਹਿਬਾਨ ਦੇ ਅੱਖਰਾਂ ਦੀ ਗਿਣਤੀ ਅਤੇ ਤਰਤੀਬ ਵਿਚ ਵੀ ਕਾਫੀ ਅਤਰ ਹੈ । ਗੁਰੂ ਅਮਰਦਾਸ ਰਚਿਤ "ਪੱਟੀ" ਵਿਚ "ਸਿਧੰ ਙਾਇਐ" ਦਾ ਸੰਕੇਤ ਲਿੱਪੀ-ਵਿਗਿਆਨ ਅਤੇ ਭਾਸ਼ਾ-ਵਿਗਿਆਨ ਦੀ ਦ੍ਰਿਸ਼ਟੀ ਤੋਂ ਇਸ ਵਿਚਲੇ ਅੱਖਰਾਂ ਬਾਰੇ ਡੂੰਘੀ ਖੋਜ ਦੀ ਮੰਗ ਕਰਦਾ ਹੈ ।

ਛੰਦ-ਪ੍ਰਬੰਧ ਦੇ ਪੱਖ ਤੋਂ ਗੁਰੂ ਜੀ ਦੀ ਸਮੁੱਚੀ ਕਾਵਿ-ਰਚਨਾ ਵਿਚ ਤਿੰਨ ਦਰਜਨ ਤੋਂ ਵਧੀਕ ਰਵਾਇਤੀ ਛੰਦਾਂ ਦੀਆਂ ਮਾਤ੍ਰਾਂ ਗੂੰਜਦੀਆਂ ਸੁਣਾਈ ਦਿੰਦੀਆਂ ਹਨ ।

**(ੲ) ਜਜ਼ਬੇ ਦੀ ਸੁੱਚ**

ਬੇਸ਼ਕ ਗੁਰੂ ਜੀ ਸ਼ਿੰਗਾਰ-ਰਸ ਵਿਚ ਕਾਵਿ-ਰਚਨਾ ਕਰਦੇ ਹਨ ਅਤੇ ਬੇਸ਼ਕ ਰੌਦਰ, ਕਰੁਣਾ, ਸ਼ਾਂਤ, ਜਾਂ ਕਿਸੇ ਹੋਰ ਰਸ ਵਿਚ, ਉਨ੍ਹਾਂ ਦੀ ਕਵਿਤਾ ਵਿਚ ਜਜ਼ਬੇ ਦੀ ਸੁਚ ਅਤੇ ਅਨੁਭਵ ਦਾ ਸੱਚ ਪ੍ਰਤੱਖ ਵਿਖਾਈ ਦਿਦਾ ਹੈ । ਸਹਜ-ਗਿਆਨ ਦੀ ਉਚਤਮ ਆਤਮਕ ਅਵਸਥਾ ਵਿਚ ਸਦਾ ਖਿੜੇ ਰਹਿਣ ਕਰਕੇ ਉਨ੍ਹਾਂ ਦੀ ਕਵਿਤਾ ਵਿਚ ਬੇਸ਼ਕ ਭਾਵਾਂ ਦੇ ਤਿੱਖੇ ਵੇਗ ਨਾਲੋਂ ਗਿਆਨ ਦਾ ਪ੍ਰਕਾਸ਼ ਵਧੇਰੇ ਪ੍ਰਬਲ ਹੈ, ਫੇਰ ਵੀ ਜਿੱਥੇ ਕਿੱਥੇ ਵੀ ਉਨ੍ਹਾਂ ਪ੍ਰਭੂ-ਪਿਆਰ ਲਈ ਵਿਆਕੁਲ ਜੀਵ-ਆਤਮਾ ਦੇ ਭਾਵਾਂ ਨੂੰ ਪਰਗਟ ਕੀਤਾ ਹੈ, ਜਾਂ ਫਿਰ ਸਤਿਗੁਰੂ ਅਤੇ ਗੁਰਸ਼ਬਦ ਦੀ ਮਹਿਮਾ ਗਾਇਨ ਕੀਤੀ ਹੈ , ਤਾਂ ਇਹੋ ਜਾਪਦਾ ਹੈ ਕਿ ਕਵੀ ਨੂੰ ਇਸ ਬਾਰੇ ਨਿੱਜੀ, ਬਲਵਾਨ ਅਤੇ ਡੂੰਘਾ ਅਨੁਭਵ ਹੈ ।

ਜਜ਼ਬੇ ਦੇ ਤਿੱਖੇ ਵੇਗ ਲਈ ਅਗਲੇ ਪੰਨਿਆਂ ਵਿਚ ਬੰਬੀਹੇ ਦੇ ਪ੍ਰਤੀਕ ਨਾਲ ਸਬੰਧਤ ਤੁਕਾਂ ਵੇਖੋ, ਜਾਂ ਫਿਰ ਗਉੜੀ ਰਾਗ ਦੀਆਂ ਹੇਠ ਲਿਖੀਆਂ ਤੁਕਾਂ :—

**ਮਿਲੁ ਮੇਰੇ ਪ੍ਰੀਤਮਾ ਜੀਉ ਤਧੁ ਬਿਨ ਖਰੀ ਨਿਮਾਣੀ।**
**ਮੈਂ ਨੈਣੀ ਨੀਂਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ।**
**ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨ ਪਿਰ ਕਿਉ ਸੁਖ ਪਾਈਐ।**

(ਰਾਗ ਗਉੜੀ, ਪੂਰਬੀ ਛੰਤ ਮਹਲਾ ੩)[59]

---

59. ਆਦਿ-ਗ੍ਰੰਥ, ਪੰਨੇ 244-45



Digitized by Panjab Digital Library | www.panjabdigilib.org

### (ਸ) ਬਿਆਨੀਆ ਸ਼ਕਤੀ

ਗੁਰੂ ਅਮਰਦਾਸ ਦੀ ਬਿਆਨੀਆ ਸ਼ਕਤੀ ਬਾਰੇ ਪਹਿਲੇ ਵੀ ਵਿਚਾਰ ਕੀਤੀ ਜਾ ਚੁਕੀ ਹੈ। ਇੱਥੇ ਕੇਵਲ ਇਹ ਸੰਕੇਤ ਕਰਨਾ ਬਾਕੀ ਹੈ ਕਿ ਉਨ੍ਹਾਂ ਨੂੰ ਵਰਣਨ ਦੇ ਵਿਸਥਾਰ ਅਤੇ ਵਰਣਨ ਦੇ ਸੰਜਮ, ਦੋਹਾਂ ਗੁਣਾਂ ਵਿਚ ਕਮਾਲ ਹਾਸਲ ਹੈ। ਵਿਸਥਾਰ ਦੇ ਪੱਖ ਤੋਂ ਮਾਰੂ ਰਾਗ ਦੇ ਸੋਲਹਿਆਂ ਦਾ ਜ਼ਿਕਰ ਕਈ ਵਾਰ ਕੀਤਾ ਜਾ ਚੁੱਕਾ ਹੈ ਅਤੇ ਅਸ਼ਟਪਦੀਆਂ, ਬਹੁ-ਪਦੀਆਂ, ਆਦਿਕ ਲੰਮੇਰੇ ਕਾਵਿ-ਭੇਦਾਂ ਵਾਲੀਆਂ ਕਾਵਿ-ਰਚਨਾਵਾਂ ਦਾ ਵੀ ।

ਮਜ਼ਮੂਨ ਦੀ ਉਸਾਰੀ ਅਤੇ ਬਿਆਨ ਦੇ ਸੰਜਮ ਦੇ ਪੱਖ ਤੋਂ ਵੀ ਰਾਮਕਲੀ ਰਾਗ ਵਿਚ ਰਚਿਆ ਗੁਰੂ ਜੀ ਦਾ ਪ੍ਰਬੰਧ-ਕਾਵਿ ਇਕ ਮਹਾਨ ਅਤੇ ਉਤ-ਕ੍ਰਿਸ਼ਟ ਰਚਨਾ ਹੈ । ਇਸ ਪ੍ਰਬੰਧ-ਕਾਵਿ ਦੀ ਕੋਈ ਪਉੜੀ ਤਾਂ ਕਿਤੇ ਰਹੀ, ਕੋਈ ਤੁਕ ਵੀ ਆਪਣੇ ਵਿਸ਼ੇ ਤੋਂ ਬਾਹਰ ਪੈਰ ਧਰਦੀ ਵਿਖਾਈ ਨਹੀਂ ਦਿੰਦੀ। ਰੱਬ ਜੇਡੇ ਮਹਾਨ ਸਹਜ-ਆਨੰਦ ਦੇ ਅਧਿਆਤਮਕ ਵਿਸ਼ੇ ਨੂੰ ਗੁਰੂ ਜੀ ਨੇ ਰਾਗ ਅਤੇ ਸੰਗੀਤ ਨਾਲ ਥਰਕਦੇ ਭਾਵਾਂ ਸਹਿਤ ਇਤਨੀ ਸੰਜਮ-ਭਰੀ ਅਤੇ ਸੂਤਰ-ਬਧ ਸ਼ੈਲੀ ਵਿਚ ਸੰਪੂਰਨ ਕੀਤਾ ਹੈ ਕਿ "ਅਨੰਦ ਸਾਹਿਬ" ਆਤਮਕ-ਗਿਆਨ ਦਾ ਇਕ ਮਹਾਨ ਉਪਨਿਖਦ ਬਣ ਗਿਆ ਹੈ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਗੁਰੂ ਨਾਨਕ ਦੇਵ ਰਚਿਤ "ਜਪੁਜੀ ਸਾਹਿਬ" ਹੈ। ਕਿਉਂਕਿ "ਜਪੁਜੀ ਸਾਹਿਬ" ਵਿਚ ਵਿਸ਼ੇ-ਵਸਤੂ ਦਾ ਵਿਸਥਾਰ ਬਹੁਤ ਹੈ, ਇਸ ਲਈ "ਅਨੰਦੁ ਸਾਹਿਬ" ਵਧੇਰੇ ਪੀਡੀ ਕਾਵਿ-ਬਣਤਰ ਵਾਲੀ ਅਧਿਆਤਮਕ ਰਚਨਾ ਹੈ । "ਜਪੁਜੀ ਸਾਹਿਬ" ਕਿਸੇ ਵਿਸ਼ੇਸ਼ ਰਾਗ ਉਤੇ ਵੀ ਆਧਾਰਿਤ ਨਹੀਂ ਨਾ ਹੀ ਉਸ ਵਿਚ ਕਿਸੇ ਵਿਸ਼ੇਸ਼ ਛੰਦਕ-ਚਾਲ ਦੀ ਇਕਸਾਰਤਾ ਹੈ। ਸੋ "ਅਨੰਦ ਸਾਹਿਬ" ਅਤੇ "ਜਪੁਜੀ ਸਾਹਿਬ" ਦੋਹਾਂ ਦੀ ਵਿਸ਼ੇਸ਼ਤਾ ਆਪੋ ਆਪਣੀ ਅਤੇ ਮਹਾਨ ਹੈ। ਗੁਰੂ ਅਰਜਨ ਦੇਵ ਰਚਿਤ "ਸੁਖਮਨੀ ਸਾਹਿਬ" ਵਿਚ ਵੀ ਵਿਸ਼ੇ-ਵਸਤੂ ਦਾ ਪਾਸਾਰ ਬੇਸ਼ਕ ਉਨ੍ਹਾਂ ਦੇ ਨਿਜੀ ਅਤੇ ਵਿਸ਼ਾਲ ਅਨੁਭਵ ਦੀ ਦੇਣ ਹੈ, ਪਰ ਸਬੰਧਤ ਬਾਣੀ ਦਾ ਸਿਰਲੇਖ ਜ਼ਰੂਰ ਗੁਰੂ ਅਮਰਦਾਸ ਰਚਿਤ "ਅਨੰਦ ਸਾਹਿਬ" ਤੋਂ ਪ੍ਰਭਾਵਤ ਹੋਇਆ ਜਾਪਦਾ ਹੈ ।

ਅਨੁਭਵ ਦੇ ਸਦੀਵੀ ਸੱਚ ਅਤੇ ਬਿਆਨ ਦੇ ਸੰਜਮ ਕਰਕੇ ਗੁਰੂ ਅਮਰਦਾਸ ਦੀ ਬਾਣੀ ਦੀਆਂ ਸੈਂਕੜੇ ਤੁਕਾਂ ਅਖਾਣਾਂ ਵਾਂਗ ਲੋਕਾਂ ਦੇ ਮੂੰਹ ਚੜ੍ਹ ਚੁੱਕੀਆਂ ਹਨ ਅਤੇ ਉਨ੍ਹਾਂ ਦੇ ਦੀ ਕਵਿਤਾ ਦੇ ਅਨੇਕਾਂ ਮਿਸਰੇ ਸਦੀਆਂ ਤੋਂ ਵਾਯੂ-ਮੰਡਲ ਵਿਚ ਗੂੰਜਦੇ ਸੁਣਾਈ ਦੇ ਰਹੇ ਹਨ ।

### (ਹ) ਅਲੰਕਾਰ, ਸ਼ਬਦ-ਚਿਤ੍ਰ ਅਤੇ ਪ੍ਰਤੀਕ

ਬੇਸ਼ਕ ਗੁਰੂ ਅਮਰਦਾਸ ਦੀ ਕਵਿਤਾ ਗੁਰੂ ਨਾਨਕ ਦੇਵ ਦੀ ਕਵਿਤਾ ਨਾਲੋਂ ਘਟ ਅਲੰਕਾਰਕ ਹੈ, ਪਰ ਫੇਰ ਵੀ ਉਨ੍ਹਾਂ ਦੀ ਕਵਿਤਾ ਵਿਚ ਚਾਰ ਦਰਜਨ ਦੇ ਲਗਭਗ ਪਰੰਪਰਾਵਾਦੀ ਅਲੰਕਾਰਾਂ ਦੀਆਂ ਕਈ ਕਈ ਵੰਨਗੀਆਂ ਵੇਖੀਆਂ ਜਾ ਸਕਦੀਆਂ ਹਨ। ਉਪਮਾਵਾਂ, ਰੂਪਕਾਂ ਅਤੇ ਦ੍ਰਿਸ਼ਟਾਂਤਾਂ ਦੀ



Digitized by Panjab Digital Library | www.panjabdigilib.org

ਗਿਣਤੀ ਸੈਂਕੜਿਆਂ ਵਿਚ ਹੈ ਅਤੇ ਸਭਨਾਂ ਵੰਨਗੀਆਂ ਦੀ ਸੁੰਦਰਤਾ ਆਪੋ ਆਪਣੀ ਹੈ। ਅਨੁਪ੍ਰਾਸ ਸ਼ਬਦ ਅਲੰਕਾਰ ਹੋਣ ਕਰਕੇ ਗੁਰੂ ਜੀ ਦੀ ਸ਼ਬਦ-ਚੋਣ ਅਤੇ ਸੰਗੀਤਕ ਸੂਝ ਦੀ ਵੀ ਸਾਖੀ ਭਰਦਾ ਹੈ ਅਤੇ ਉਸਦੀਆਂ ਮਿਸਾਲਾਂ ਵੀ ਸੈਂਕੜੇ ਦਿੱਤੀਆਂ ਜਾ ਸਕਦੀਆਂ ਹਨ। ਇਨ੍ਹਾਂ ਲੋਕ-ਪ੍ਰੀਯ ਅਲੰਕਾਰਾਂ ਤੋਂ ਛੁੱਟ ਯਮਕ, ਉਲਾਸ, ਪ੍ਰਮਾਣ ਲੋਕੋਕਤੀ, ਕਾਵਿਲਿੰਗ, ਸਲੇਸ਼, ਵਿਭਾਵਨਾ, ਗੁਢੋਕਤੀ, ਅਤਦਗੁਣ, ਸਭਾਵੋਕਤੀ, ਤਦਗੁਣ, ਅਵੱਗਿਆ, ਅਨੁੱਗਿਆ , ਲਲਿਤ ਦੀਪਕ, ਉਲੇਖ, ਵਿਆਜ-ਨਿਦਾ, ਏਕਾਵਲਿ, ਵਕ੍ਰੋਕਤੀ, ਸੁਸਿੱਧ, ਸੰਦੇਹ, ਪ੍ਰਸ਼ਨੋਤਰ, ਪ੍ਰਤਿਸ਼ੇਧ, ਪ੍ਰਤਯਨੀਕ, ਪਨਰਕਤੀ ਵਦਾਭਾਸ, ਕਾਰਣਮਾਲਾ, ਹੇਤੁ, ਪਰਯਾਯ, ਸਮ, ਅਨਨ੍ਵਯ, ਯਥਾਸੰਖਯ, ਸੂਕਸ਼ਮ, ਅਨੁਗੁਣ, ਪ੍ਰੌਢੋਕਤੀ, ਅਤਿ-ਕਥਨੀ, ਆਦਿਕ ਨੂੰ ਵੀ ਕਈ ਥਾਈਂ ਵੇਖਿਆ ਜਾ ਸਕਦਾ ਹੈ। ਇਨ੍ਹਾਂ ਅਲੰਕਾਰਾਂ ਦਾ ਵੇਰਵਾ ਦੇਣ ਤੋਂ ਭਾਵ ਇਹ ਹੈ ਕਿ ਗੁਰੂ ਅਮਰਦਾਸ ਦੀ ਕਵਿਤਾ ਭਾਰਤੀ ਕਾਵਿ-ਸ਼ਾਸਤਰ ਦੇ ਸਾਰੇ ਮਾਨ-ਦੰਡਾਂ (ਰਸ-ਸਿਧਾਂਤ, ਅਲੰਕਾਰ-ਸਿਧਾਂਤ, ਧੁਨੀ-ਸਿਧਾਂਤ, ਆਦਿਕ) ਅਨੁਸਾਰ ਵੀ ਮਹਾਨ ਕਵਿਤਾ ਸਿਧ ਕੀਤੀ ਜਾ ਸਕਦੀ ਹੈ।

ਗੁਰੂ ਜੀ ਦੀ ਕਵਿਤਾ ਵਿਚਲੇ ਅਲੰਕਾਰਾਂ ਦੀ ਵੱਡੀ ਵਿਸ਼ੇਸਤਾ ਇਹ ਹੈ ਕਿ ਇਨ੍ਹਾਂ ਨਾਲ ਸਬੰਧਤ ਪ੍ਰਕ੍ਰਿਤਕ ਦ੍ਰਿਸ਼, ਪਦਾਰਥ, ਅਤੇ ਮਨੁੱਖੀ ਰਿਸ਼ਤੇ-ਨਾਤੇ ਪੰਜਾਬ ਦੇ ਆਲੇ-ਦੁਆਲੇ ਵਿੱਚੋ ਚੁਣੇ ਗਏ ਹਨ।

ਜਿੱਥੋਂ ਤਕ ਗੁਰੂ ਜੀ ਦੀ ਕਵਿਤਾ ਵਿਚਲੇ ਸ਼ਬਦ-ਚਿਤ੍ਰਾਂ ਦਾ ਸਬੰਧ ਹੈ, ਉਨ੍ਹਾਂ ਦੇ ਪਿਛੋਕੜ ਵਿਚ ਵੀ ਪੰਜਾਬ ਦੇ ਖੇਤਾਂ, ਰੁੱਤਾਂ ਅਤੇ ਮੌਸਮਾਂ ਨਾਲ ਸਬੰਧਤ ਪ੍ਰਾਕ੍ਰਿਤਕ ਦ੍ਰਿਸ਼ਾਂ, ਪਸ਼ੂਆਂ-ਪੰਖੀਆਂ, ਪਿੰਡਾਂ ਤੇ ਨਗਰਾਂ ਦੇ ਲੋਕਾਂ ਦੇ ਕੰਮਾਂ-ਧੰਦਿਆਂ ਅਤੇ ਰੰਗ-ਬਰੰਗੇ ਸਭਿਆਚਾਰ ਦੇ ਨਜ਼ਾਰੇ ਹਨ। ਗੁਰੂ ਜੀ ਰਚਿਤ ਸ਼ਬਦ-ਚਿਤ੍ਰ ਜਿਊਂਦੀਆਂ ਜਾਗਦੀਆਂ ਅਤੇ ਬੋਲਦੀਆਂ ਤਸਵੀਰਾਂ ਵਾਂਗ ਹਨ। ਉਹ ਨਾ ਤਾਂ ਟੁੱਟੇ-ਫੁੱਟੇ ਜਾਂ ਅਧੂਰੇ, ਸਗੋਂ ਸੰਪੂਰਨ ਚਿਤ੍ਰ ਹਨ। ਉਹ ਇਕ ਥਾਂ ਖਲੋਤੇ ਹੋਏ ਜਾਂ ਕੰਧ ਵਿਚ ਖੁਣੇ ਹੋਏ ਚਿਤ੍ਰ ਨਹੀਂ, ਸਗੋਂ ਉਹ ਤੁਰਦੇ-ਫਿਰਦੇ ਅਤੇ ਨੱਚਦੇ ਟੱਪਦੇ ਗਤੀ-ਸ਼ੀਲ ਚਿਤ੍ਰ ਹਨ। ਇਨ੍ਹਾਂ ਨੂੰ ਅੱਖ, ਕੰਨ, ਨੱਕ, ਜੀਭ ਅਤੇ ਹੱਥਾਂ ਪੈਰਾਂ ਨਾਲ ਸਬੰਧਤ ਗਿਆਨ-ਇੰਦ੍ਰੀਆਂ ਦੁਆਰਾ, ਸੁਣਿਆ, ਸੁੰਘਿਆ, ਚੱਖਿਆ ਅਤੇ ਸਪਰਸ਼ ਦੁਆਰਾ ਮਹਿਸੂਸਿਆ ਤੇ ਮਾਣਿਆ ਜਾ ਸਕਦਾ ਹੈ। ਪਰ ਕਈ ਚਿਤ੍ਰ ਬਾਹਰ-ਮੁਖੀ ਗਿਆਨ-ਇੰਦ੍ਰੀਆਂ ਦੀ ਥਾਂ ਅੰਤਰਮੁਖੀ ਆਤਮਕ-ਅਵਸਥਾਵਾਂ ਨਾਲ ਸਬੰਧਤ ਹਨ ਅਤੇ ਉਨ੍ਹਾਂ ਨੂੰ ਵੇਖਣ ਲਈ ਮਨ ਦੀਆਂ ਗਿਆਨ-ਰੂਪੀ ਅੱਖਾਂ ਦੀ ਲੋੜ ਹੈ।

ਜਿੱਥੋਂ ਤਕ ਗੁਰੂ ਜੀ ਦੀ ਕਵਿਤਾ ਵਿਚਲੇ ਪ੍ਰਤੀਕਾਂ ਦਾ ਸਬੰਧ ਹੈ, ਧਨ-ਪਿਰ ਜਾਂ ਪਤੀ-ਪਤਨੀ ਦਾ ਪ੍ਰਤੀਕ ਅਤੇ ਬੰਬੀਹਾ ਅਤੇ ਅੰਮ੍ਰਿਤ-ਜਲ ਦਾ ਪ੍ਰਤੀਕ ਵਿਸ਼ੇਸ਼ ਤੌਰ ਉਤੇ ਵਰਣਨ-ਯੋਗ ਹਨ ਧਨ-ਪਿਰ ਦੇ ਪ੍ਰਤੀਕ ਬਾਰੇ ਗੁਰੂ ਜੀ ਦੀ ਕਵਿਤਾ ਦੇ ਵਿਸ਼ੇ-ਵਸਤੂ ਬਾਰੇ ਵਿਚਾਰ ਕਰਦਿਆਂ ਕਈ ਥਾਈਂ ਹਵਾਲੇ ਦਿਤੇ ਜਾ ਚੁਕੇ ਹਨ। ਸੋ ਇਥੇ ਕੇਵਲ ਬੰਬੀਹਾ ਅਤੇ ਅੰਮ੍ਰਿਤ-ਜਲ ਦੇ ਪ੍ਰਤੀਕ ਦਾ ਵਿਸਥਾਰ ਕੀਤਾ ਜਾਵੇਗਾ।



Digitized by Panjab Digital Library | www.panjabdigilib.org

ਗੁਰੂ ਅਮਰਦਾਸ ਦੀ ਕਵਿਤਾ ਵਿਚ ਬੰਬੀਹਾ ਪ੍ਰਭੂ-ਮਿਲਾਪ ਲਈ ਵਿਆਕੁਲ ਜੀਵ-ਆਤਮਾ ਦਾ ਪ੍ਰਤੀਕ ਹੈ ਅਤੇ ਅੰਮ੍ਰਿਤ-ਜਲ ਜਾਂ ਸਵਾਂਤ-ਬੂੰਦ ਪ੍ਰਭੂ-ਮਿਲਾਪ ਅਤੇ ਹਰੀ-ਨਾਮ ਦਾ ਪ੍ਰਤੀਕ। ਵਰਖਾ ਦਾ ਦੇਵਤਾ (ਇੰਦਰ) ਗੁਰੂ ਦਾ ਪ੍ਰਤੀਕ ਹੈ ਅਤੇ ਵਰਖਾ ਸਤਿਗੁਰੂ ਦੀ ਕਿਰਪਾ ਦੀ। ਸਵਾਂਤ ਬੂੰਦ ਲਈ ਤਰਸਦੇ ਤੇ ਤੜਪਦੇ ਬੰਬੀਹੇ ਦੇ ਮਨ ਦੀਆਂ ਕਸਕਾਂ ਦੁਆਰਾ ਗੁਰੂ ਜੀ ਨੇ ਇਕ ਭਗਤ ਦੀ ਜੀਵ-ਆਤਮਾ ਦੀ ਪ੍ਰਭੂ ਦੇ ਵਿਛੋੜੇ ਵਿਚ ਪ੍ਰਤੀ-ਵਿਲਕਣੀ ਨੂੰ ਚਿਤ੍ਰਿਆ ਹੈ। ਮਲਾਰ ਰਾਗ ਅਤੇ ਵਾਰਾਂ ਤੋਂ ਵਧੀਕ ਸਲੋਕਾਂ ਵਿਚ ਬੰਬੀਹੇ ਦੁਆਰਾ ਪ੍ਰਭੂ-ਪਿਆਰ ਲਈ ਤੜਪਦੀ ਤੇ ਵਿਲਕਦੀ ਜੀਵ-ਆਤਮਾ ਬਾਰੇ ਡੇਢ ਦਰਜਨ ਦੇ ਕਰੀਬ ਸ਼ਲੋਕ ਹਨ। ਇਨ੍ਹਾਂ ਗਿਣਤੀ ਦੇ ਸ਼ਲੋਕਾਂ ਵਿਚ ਗੁਰੂ ਅਮਰਦਾਸ ਨੇ ਗੁਰਮਤਿ ਦੇ ਸਮੁੱਚੇ ਸਿਧਾਂਤ (ਪ੍ਰਭੂ ਦੀ ਸਰਬ-ਵਿਆਪਕਤਾ, ਸਤਿਗੁਰੂ ਦੀ ਕਿਰਪਾ ਅਤੇ ਸਹਜ-ਸੁਖ ਦੀ ਪ੍ਰਾਪਤੀ, ਆਦਿਕ) ਨੂੰ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਸਦਾ ਲਈ ਸੁਰੱਖਿਅਤ ਕਰ ਦਿੱਤਾ ਹੈ। ਇੱਥੇ ਕੇਵਲ ਬੰਬੀਹਾ ਜਾਂ ਜੀਵ-ਆਤਮਾ ਦੀ ਪ੍ਰੀਤ-ਵਿਲਕਣੀ ਨਾਲ ਸਬੰਧਤ ਦੋ ਤਿੰਨ ਤੁਕਾਂ ਬਿਆਨ ਦੀ ਸੁੰਦਰਤਾ ਨੂੰ ਦਰਸਾਉਣ ਲਈ ਪੇਸ਼ ਕੀਤੀਆਂ ਜਾਂਦੀਆਂ ਹਨ :—

(ੳ) **ਬਾਬੀਹਾ ਖਿਨੁ ਖਿਨੁ ਬਿਲਲਾਇ। ਬਿਨੁ ਪਿਰ ਦੇਖੇ ਨੀਂਦ ਨਾ ਪਾਇ।**
**ਇਹੁ ਵੇਛੋੜਾ ਸਹਿਆ ਨ ਜਾਇ। ਸਤਿਗੁਰ ਮਿਲੇ ਤਾ ਮਿਲੈ ਸੁਭਾਇ।**

(ਮਲਾਰ ਮ: ੩)

(ਅ) **ਬਾਬੀਹਾ ਪ੍ਰਿਉ ਪ੍ਰਿਉ ਕਰੇ ਜਲਨਿਧਿ ਪ੍ਰੇਮ ਪਿਆਰਿ ।**

(ਸਲੋਕ ਵਾਰਾਂ ਤੋਂ ਵਧੀਕ)[61]

ਕਿਉਂਕਿ ਗੁਰੂ ਅਮਰਦਾਸ ਦਾ ਕਾਵਿ-ਆਦਰਸ਼ ਪ੍ਰਕ੍ਰਿਤੀ ਦੇ ਹਰ ਰੰਗ ਅਤੇ ਮਨੁੱਖੀ ਜੀਵਨ ਦੇ ਹਰ ਅੰਗ ਨੂੰ ਰੱਬੀ-ਹੁਕਮ ਨਾਲ ਸਬੰਧਤ ਦਰਸਾ ਕੇ ਮਨੁੱਖਤਾ ਨੂੰ ਆਤਮਕ ਗਿਆਨ ਦੁਆਰਾ ਸਹਜ ਅਤੇ ਆਨੰਦ ਦਾ ਮਾਰਗ ਦਰਸਾਉਂਦਾ ਹੈ, ਇਸ ਲਈ ਅਲੰਕਾਰ, ਪ੍ਰਤੀਕ ਅਤੇ ਸ਼ਬਦ-ਚਿਤ੍ਰ, ਸਾਰੇ ਕਾਵਿਕ-ਗੁਣ ਸਹਜ ਅਤੇ ਆਨੰਦ ਦੇ ਮਾਰਗ ਨੂੰ ਸੁੰਦਰ, ਸਰਲ ਅਤੇ ਸਪਸ਼ਟ ਕਰਨ ਲਈ ਆਏ ਹਨ। ਰੁੱਤਾਂ ਨਾਲ ਸਬੰਧਤ ਦ੍ਰਿਸ਼ਾਂ ਦਾ ਵੀ ਇਹੋ ਉਦੇਸ਼ ਹੈ, ਜਿਵੇਂ : ਬਸੰਤ-ਰੁੱਤ ਨਾਲ ਸਬੰਧਤ ਨਿਮਨ-ਲਿਖਤ ਤੁਕਾਂ ਵਿਚ :—

(ੳ) **ਮਾਹਾ ਰੁਤੀ ਮਹਿ ਸਦ ਬਸੰਤੁ ।**
**ਜਿਤੁ ਹਰਿਆ ਸਭੁ ਜੀਅ ਜੰਤੁ ।**
(ਅ) **ਬਨਸਪਤਿ ਮਉਲੀ ਚੜਿਆ ਬਸੰਤੁ ।**
**ਇਹੁ ਮਨੁ ਮਉਲਿਆ ਸਤਿਗੁਰੁ ਸੰਗਿ ।**

(ਬਸੰਤ, ਮਹਲਾ ੨)[62]

ਇਹੋ ਗੁਰੂ ਅਮਰਦਾਸ ਦੇ ਕਾਵਿ ਅਨੁਭਵ ਦੀ ਵਿਸ਼ੇਸ਼ਤਾ ਹੈ ਅਤੇ ਇਹੋ ਗੁਰੂ ਜੀ ਦੀ ਕਾਵਿ-ਕਲਾ ਦੀ ਵਡਿਆਈ ਹੈ।

60. ਆਦਿ-ਗ੍ਰੰਥ, ਪੰਨਾ 1262
61. ਆਦਿ-ਗ੍ਰੰਥ, ਪੰਨੇ 1419-20
62. ਆਦਿ-ਗ੍ਰੰਥ, ਪੰਨਾ 1173



Digitized by Panjab Digital Library | www.panjabdigilib.org

## ਅੰਤਮ ਨਿਰਣਾ

ਗੁਰੂ ਅਮਰਦਾਸ ਦੇ ਦੇਵੀ ਅਨੁਭਵ ਅਤੇ ਕਾਵਿ-ਕਲਾ ਦੀਆਂ ਅਨੇਕਾਂ ਹੋਰ ਵਿਸ਼ੇਸ਼ਤਾਵਾਂ ਦਰਸਾਉਣ ਉਪਰੰਤ ਇਹੋ ਸਿੱਧ ਹੁੰਦਾ ਹੈ ਕਿ ਉਨ੍ਹਾਂ ਦੀ ਕਵਿਤਾ ਦਾ ਭਾਰਤ ਦੇ ਸਮੁੱਚੇ ਭਗਤੀ-ਸਾਹਿਤ ਵਿਚ ਅਮਰ ਸਥਾਨ ਹੈ। ਨਿਰਗੁਣ-ਧਾਰਾ ਦੀ ਕਵਿਤਾ ਦੇ ਖੇਤਰ ਵਿਚ ਉਨ੍ਹਾਂ ਦਾ ਦਰਜਾ ਕਬੀਰ ਅਤੇ ਗੁਰੂ ਨਾਨਕ ਦੇਵ ਤੋਂ ਪਿੱਛੋਂ ਸਰਬ-ਸ੍ਰੇਸ਼ਟ ਹੈ। ਸੁਹਜ ਅਤੇ ਅਨੰਦ ਦੇ ਅਧਿਆਤਮਕ ਵਿਸ਼ੇ ਬਾਰੇ ਉਨ੍ਹਾਂ ਦੀ ਬਾਣੀ ਦੁਨੀਆਂ ਭਰ ਦੇ ਅਧਿਆਤਮਕ ਅਤੇ ਰਹੱਸਵਾਦੀ ਸਾਹਿਤ ਵਿਚ ਅਦੁੱਤੀ ਹੈ। ਗੁਰਮਤਿ-ਸਿਧਾਂਤ ਨੂੰ ਜਿਤਨੇ ਸਿੱਧੇ, ਸਾਦੇ, ਸਰਲ ਅਤੇ ਸਪਸ਼ਟ ਰੂਪ ਵਿਚ ਗੁਰੂ ਅਮਰਦਾਸ ਦੀ ਬਾਣੀ ਦੁਆਰਾ ਪ੍ਰਗਟਾਇਆ ਗਿਆ ਹੈ, ਉਸਦੀ ਮਿਸਾਲ ਬਾਕੀ ਗੁਰਮਤਿ-ਕਾਵਿ ਵਿਚ ਕਿਤੇ ਕਿਤੇ ਹੀ ਮਿਲਦੀ ਹੈ। "ਰਾਮਕਲੀ ਅਨੰਦੁ" ਵਰਗੀਆਂ ਰਚਨਾਵਾਂ ਇਤਨੀਆਂ ਲੋਕ-ਪ੍ਰੀਯ ਹੋ ਚੁੱਕੀਆਂ ਹਨ ਕਿ ਸਿੱਖ ਸੰਸਾਰ-ਮੰਡਲ ਵਿਚ ਜਨਮ ਸਮੇਂ ਤੋਂ ਮਰਨ ਸਮੇਂ ਤੀਕ ਲਗਭਗ ਹਰ ਇਕ ਖੁਸ਼ੀ ਤੇ ਗਮੀ ਦੇ ਸੰਸਕਾਰ ਸਮੇਂ "ਅਨੰਦ ਸਾਹਿਬ" ਦਾ ਪਾਠ ਜ਼ਰੂਰ ਕੀਤਾ ਜਾਂਦਾ ਹੈ, ਬੇਸ਼ਕ ਪਹਿਲੀਆਂ ਪੰਜਾਂ ਪਉੜੀਆਂ ਦੇ ਨਾਲ ਅੰਤਲੀ ਆਨੰਦ-ਮਹਾਤਮ ਦੀ ਪਉੜੀ ਨੂੰ ਰਲਾ ਕੇ ਪਾਠ ਦਾ ਭੋਗ ਪਾ ਦਿੱਤਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਦੁਆਰਾ ਇਸ ਬਾਣੀ ਨੂੰ ਅਮ੍ਰਿਤ ਦੀਆਂ ਬਾਣੀਆ ਅਤੇ ਉਨ੍ਹਾਂ ਦੇ ਸਮੇਂ ਤੋਂ ਹੀ ਇਸਦਾ ਨਿਤ-ਨੇਮ ਵਿਚ ਸ਼ਾਮਿਲ ਹੋ ਜਾਣਾ ਇਸ ਗੱਲ ਦਾ ਸ਼ਬੂਤ ਹੈ ਕਿ ਗੁਰੂ ਅਮਰਦਾਸ ਦੀ ਬਾਣੀ ਦਾ ਉਨ੍ਹਾਂ ਦੇ ਉੱਤਰ-ਅਧਿਕਾਰੀ ਗੁਰੂ ਸਾਹਿਬਾਨ ਅਤੇ ਸਿੱਖ-ਧਰਮ ਦੇ ਅਨੁਯਾਈਆਂ ਵਿਚ ਅਥਾਹ ਸਤਿਕਾਰ ਅਤੇ ਪਿਆਰ ਨਿਰੰਤਰ ਜਾਰੀ ਰਿਹਾ ਹੈ। ਪਿਛਲੇ ਤਿੰਨ ਸੌ ਵਰ੍ਹਿਆਂ ਵਿਚ ਗੁਰੂ ਨਾਨਕ ਦੇਵ ਰਚਿਤ "ਜਪੁਜੀ ਸਾਹਿਬ" ਤੋਂ ਪਿੱਛੋਂ ਕੇਵਲ "ਅਨੰਦੁ ਸਾਹਿਬ" ਦੇ ਹੀ ਸਭ ਤੋਂ ਜ਼ਿਆਦਾ ਟੀਕੇ ਸਿੱਖ ਵਿਦਵਾਨਾਂ ਅਤੇ ਸ਼ਰਧਾਲੂ ਭਗਤਾਂ ਰਾਹੀਂ ਕੀਤੇ ਗਏ ਹਨ। ਕੇਵਲ "ਅਨੰਦ ਸਾਹਿਬ" ਹੀ ਨਹੀਂ, ਸਗੋਂ ਗੁਰੂ ਜੀ ਦੀਆਂ ਵਾਰਾਂ, ਕਾਵਿ-ਪਾਂਦਿਆਂ, ਛੰਤਾਂ, ਸ਼ਲੋਕਾਂ ਅਤੇ ਸੋਲਹਿਆਂ, ਆਦਿਕ ਸਮੁੱਚੀ ਕਾਵਿ-ਰਚਨਾ ਦਾ ਪ੍ਰਭਾਵ ਉਨ੍ਹਾਂ ਤੋਂ ਪਿੱਛੋਂ ਰਚ ਗਏ ਗੁਰਮਤਿ-ਕਾਵਿ ਅਤੇ ਗੁਰਮਤਿ-ਕਾਵਿ ਤੋਂ ਬਾਹਰ ਕਿਤੇ ਕਿਤੇ ਸੂਫ਼ੀ-ਕਾਵਿ ਅਤੇ ਆਧੁਨਿਕ-ਕਾਵਿ ਵਿਚ ਵੀ ਵੇਖਿਆ ਜਾ ਸਕਦਾ ਹੈ।

ਅਮਰਕਾਵਿ -ਰਚਨਾ ਤੋਂ ਇਲਾਵਾ ਗੁਰੂ ਅਮਰਦਾਸ ਦੀ ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਨੂੰ ਇਕ ਹੋਰ ਪੱਖ ਤੋਂ ਵੀ ਮਹਾਨ ਦੇਣ ਹੈ, ਜਿਸਦਾ ਇੱਥੇ ਕੇਵਲ ਸੰਕੇਤ ਹੀ ਕੀਤਾ ਜਾ ਸਕਦਾ ਹੈ, ਕਿਉਂਕਿ ਇਸ ਖੋਜ-ਪੱਤਰ ਦੇ ਵਿਸ਼ੇ ਤੋਂ ਉਹ ਬਾਹਰਲੀ ਗੱਲ ਹੈ। ਸਾਡਾ ਸੰਕੇਤ ਕਬੀਰ, ਨਾਮਦੇਵ, ਫ਼ਰੀਦ, ਆਦਿਕ ਭਗਤਾਂ ਦੀ ਬਾਣੀ ਨੂੰ ਉਨ੍ਹਾਂ ਦੁਆਰਾ ਇਕੱਤਰ ਕਰਨ ਅਤੇ ਉਨ੍ਹਾਂ ਦੀ ਅਗਵਾਈ ਹੇਠ ਉਨ੍ਹਾਂ ਦੇ ਪੋਤਰੇ ਸੰਸਰਾਮ ਅਤੇ ਗੁਰੂ ਰਾਮਦਾਸ, ਆਦਿਕ ਦੁਆਰਾ ਪੋਥੀਆਂ ਦੇ ਰੂਪ ਵਿਚ ਲਿਖੇ ਜਾਣਵਲ ਹੈ। ਸਬੰਧਤ ਪੋਥੀਆਂ ਨੂੰ ਸਿੱਖ ਸੰਸਾਰ ਵਿਚ "ਬਾਬੇ ਮੋਹਨ ਦੀਆਂ ਪੋਥੀਆਂ" ਆਖਿਆ ਜਾਂਦਾ ਹੈ, ਜਿਨ੍ਹਾਂ ਦਾ ਕਇ੍ਹ ਉਤਾਰਾ ਪਟਿਆਲੇ ਅਤੇ ਇਕ ਮੰਡੀ ਦਾਰਾਪੁਰ (ਟਾਂਡਾ, ਜ਼ਿਲਾ ਹੁਸ਼ਿਆਰਪੁਰ ਦੇ ਨੇੜੇ) ਵਿਚ ਪਿਆ ਹੈ। ਕਿਉਂਕਿ ਗੁਰੂ ਅਮਰਦਾਸ ਨੇ ਫ਼ਰੀਦ ਅਤੇ ਕਬੀਰ, ਆਦਿਕ ਭਗਤਾਂ ਦੇ ਸ਼ਲੋਕਾਂ ਦਾ ਭਾਵ ਸਪਸ਼ਟ ਕਰਨ ਲਈ ਕੁਝ ਆਪਣੇ ਸ਼ਲੋਕ ਰਚੇ, ਇਸ ਲਈ ਆਲੋਚਨਾ ਦੇ ਖੇਤਰ ਵਿਚ ਵੀ ਉਨ੍ਹਾਂ ਨੂੰ ਪੰਜਾਬੀ ਵਿਚ ਉਸਾਰੂ-ਆਲੋਚਨ ਦਾ ਮੋਢੀ ਆਲੋਚਕ ਮੰਨਿਆ ਜਾ ਸਕਦਾ ਹੈ।



Digitized by Panjab Digital Library | www.panjabdigilib.org

# ਸ੍ਰੀ ਗੁਰੂ ਅਮਰਦਾਸ ਜੀ ਦੀ ਭਾਸ਼ਾ ਦਾ ਵਿਗਿਆਨਕ ਵਿਸ਼ਲੇਸ਼ਣ

—ਡਾ: ਹਰਕੀਰਤ ਸਿੰਘ

## 1. ਵਿਸ਼ੇ ਦੀਆਂ ਸੀਮਾਵਾਂ :

ਕਿਸੇ ਸਾਹਿਤਕਾਰ ਦੀ ਭਾਸ਼ਾ ਦੀ ਪੜਚੋਲ ਦੋਂਹ ਪੱਖਾਂ ਤੋਂ ਕੀਤੀ ਜਾ ਸਕਦੀ ਹੈ—ਇਸ ਦੇ ਸਾਹਿਤਿਕ ਗੁਣਾਂ ਦੀ ਪਰਖ, ਅਤੇ ਇਸਦਾ ਵਿਗਿਆਨਿਕ ਵਿਸ਼ਲੇਸ਼ਣ । ਇਸ ਲੇਖ ਵਿਚ ਗੁਰੂ ਅਮਰਦਾਸ ਜੀ ਦੀ ਭਾਸ਼ਾ ਦੀ ਵਿਗਿਆਨਿਕ **ਪੜਚੋਲ** ਕਰਨ ਦਾ ਯਤਨ ਕੀਤਾ ਗਿਆ ਹੈ, ਇਸ ਦੇ ਕਲਾਮਈ ਤੇ ਸੁਹਜਮਈ ਪੱਖ ਨੂੰ ਏਥੇ **ਨਹੀਂ** ਵਿਚਾਰਿਆ ਗਿਆ । ਗੁਰੂ ਸਾਹਿਬ ਦੀ ਭਾਸ਼ਾ ਦਾ ਆਮ ਰੂਪ, ਇਸ ਦੀ ਧੁਨੀ-ਵਿਉਂਤ, ਵਿਆਕਰਨਿਕ ਢਾਂਚੇ, ਸ਼ਬਦਾਵਲੀ ਆਦਿ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਸ਼ ਕੀਤੀ ਗਈ ਹੈ । ਵਾਸਤਵ ਵਿਚ ਧੁਨੀ-ਵਿਉਂਤ ਤੇ ਵਿਆਕਰਨ ਦੇ ਪੱਖ ਤੋਂ ਗੁਰੂ ਅਮਰਦਾਸ ਜੀ ਦੀ ਭਾਸ਼ਾ ਦਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ ਨਾਲੋਂ ਕੋਈ ਖ਼ਾਸ ਫ਼ਰਕ ਨਹੀਂ; ਜਾਪਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਰਦਿਆਂ ਸਮੁੱਚੀ ਬਾਣੀ ਨੂੰ ਇੱਕੋ ਵਿਆਕਰਨਿਕ ਪ੍ਰਣਾਲੀ ਅਨੁਸਾਰ ਵਿਵਸਥਿਤ ਕਰਕੇ ਲਿਪੀਬੱਧ ਕੀਤਾ ਸੀ । ਵੱਖ-ਵੱਖ ਦੇਸ ਤੇ ਕਾਲ ਦੇ ਮਹਾ-ਪੁਰਖਾਂ ਦੀ ਏਥੇ ਦਰਜ ਬਾਣੀ ਦੀ ਧੁਨੀ-ਵਿਉਂਤ ਵਿਚ ਵੀ ਏਨੀ ਇਕਸਾਰਤਾ ਹੈ ਜਿੰਨੀ ਉਹਨਾਂ ਦੀ ਮੂਲ ਭਾਸ਼ਾ ਵਿਚ ਸ਼ਾਇਦ ਨਾ ਹੋਵੇ । ਪਰ ਏਥੇ ਪੇਸ਼ ਕੀਤਾ ਗਿਆ ਵਿਸ਼ਲੇਸ਼ਣ ਗੁਰੂ ਅਮਰਦਾਸ ਜੀ ਦੀ ਭਾਸ਼ਾ ਤੇ ਲੱਛਣਾਂ ਉਤੇ ਹੀ ਆਧਾਰਿਤ, ਭਾਵੇਂ ਇਹਨਾਂ ਵਿੱਚੋਂ ਬਹੁਤੇ ਲੱਛਣ ਸਮੁੱਚੀ ਬਾਣੀ ਦੇ ਸਾਂਝੇ ਹਨ

## 2. ਭਾਸ਼ਾ ਦਾ ਆਮ ਰੂਪ :

2-1. ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਬਹੁਤ ਵੱਡਾ ਹਿੱਸਾ ਸਾਧ-ਭਾਸ਼ਾ ਵਿਚ ਹੈ । ਗੁਰੂ ਨਾਨਕ ਜੀ ਦੇ ਕੁਝ ਸ਼ਬਦ ਨਿਰੋਲ ਪੰਜਾਬੀ ਵਿਚ ਹਨ । ਕਈ ਲੰਮੀਆਂ ਬਾਣੀਆਂ ਖਾਸ ਕਰ ਵਾਰਾਂ ਦੀ ਭਾਸ਼ਾ ਵੀ ਮੁੱਖ ਰੂਪ ਵਿਚ ਪੰਜਾਬੀ ਹੈ, ਪਰ ਉਹਨਾਂ ਦੀ ਬਾਣੀ ਦਾ ਚੋਖਾ ਹਿੱਸਾ ਸਾਧ-ਭਾਸ਼ਾ ਵਿਚ ਹੈ । ਸਿਧ ਗੋਸ਼ਟਿ ਅਤੇ ਓਅੰਕਾਰ ਦੀ ਬੋਲੀ ਗੂੜ੍ਹ ਸਾਧ-ਭਾਸ਼ਾ



Digitized by Panjab Digital Library | www.panjabdigilib.org

ਹੈ। ਗੁਰੂ ਤੇਗ ਬਹਾਦਰ ਜੀ ਦੀ ਸਾਰੀ ਬਾਣੀ ਬ੍ਰਜ ਭਾਸ਼ਾ ਵਿਚ ਹੈ । ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਜੀ ਦੀ ਬਾਣੀ ਵਿਚ ਸਾਧ-ਭਾਸ਼ਾ ਵਾਲਾ ਅੰਸ਼ ਪ੍ਰਧਾਨ ਹੈ; ਕਿਤੇ-ਕਿਤੇ ਤਾਂ ਨਿਰੋਲ ਸਾਧ-ਭਾਸ਼ਾ ਹੀ ਵਰਤੀ ਹੈ, ਪਰ ਜਿੱਥੇ ਪੰਜਾਬੀ ਅਪਣਾਈ ਹੈ ਓਥੇ ਵੀ ਸਾਧ-ਭਾਸ਼ਾ ਦਾ ਪ੍ਰਭਾਵ ਪ੍ਰਤੱਖ ਨਜ਼ਰ ਆ ਜਾਂਦਾ ਹੈ। ਠੇਠ ਪੰਜਾਬੀ ਵਿਚ ਇਹਨਾਂ ਦੋਂਹ ਗੁਰੂ ਸਾਹਿਬਾਨ ਦੀਆਂ ਬਹੁਤ ਥੋੜ੍ਹੀਆਂ ਰਚਨਾਵਾਂ ਹਨ। ਗੁਰੂ ਅੰਗਦ ਦੇਵ ਜੀ ਦੀ ਬਾਣੀ ਬਹੁਤ ਥੋੜੀ ਹੈ, ਪਰ ਇਸ ਦੀ ਭਾਸ਼ਾ ਮੁੱਖ ਰੂਪ ਵਿਚ ਪੰਜਾਬੀ ਹੈ। ਗੁਰੂ ਅਮਰਦਾਸ ਜੀ ਦੀ ਬਾਣੀ ਚੋਖੇ ਵਿਸਤਾਰ ਵਾਲੀ ਹੈ। ਅਤੇ ਇਸਦੀ ਉੱਘੀ ਵਿਸ਼ੇਸ਼ਤਾ ਇਹ ਹੈ ਕਿ ਲਗਭਗ ਸਾਰੀ ਬਾਣੀ ਪੰਜਾਬੀ ਵਿਚ ਹੈ । ਸਾਧ-ਭਾਸ਼ਾ ਦਾ ਅੰਸ਼ ਸਾਰੀ ਬਾਣੀ ਵਿਚ ਜ਼ਰੂਰ ਮਿਲਿਆ ਹੋਇਆ ਹੈ, ਪਰ ਭਾਸ਼ਾ ਦਾ ਪਿੰਡਾ ਪੰਜਾਬੀ ਵਾਲਾ ਹੀ ਰਿਹਾ ਹੈ । ਉਦਾਹਰਨ ਵੇਖਿਆ ਜਾਵੇ :—

**ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ।**
**ਜਿਨਿ ਸਚੁ ਪਛਾਣਿਆ ਸਚੁ ਰਾਜੇ ਸੇਈ ।**
**ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖ ਹੋਈ। (ਦੂਜੈ ਭਾਇ ਦੁਖ ਹੋਈ**
**ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ।**
**ਨਿਹਚਲੁ ਸਚਾ ਏਕੁ ਹੈ ਗੁਰਮੁਖਿ ਬੂਝੈ ਸੁ ਨਿਹਚਲੁ ਹੋਈ ॥**

(ਮਾਰੂ, ਪੰਨਾ 1088)

ਵਿਆਕਰਨ ਦੇ ਪੱਖ ਤੋਂ ਇਹ ਪਉੜੀ ਠੇਠ ਪੰਜਾਬੀ ਵਿਚ ਹੈ। ਸ਼ਬਦਾਵਲੀ ਵੀ ਪਜਾਬੀ ਵਾਲੀ ਹੈ , ਕੁਝ ਸ਼ਬਦ ਤਾਂ ਅਜਿਹੇ ਵਰਤੇ ਹਨ ਜੋ ਪੰਜਾਬੀ ਦੇ ਖ਼ਾਸ ਆਪਣੇ ਰੂਪ ਹਨ : ਜਿਨੀ, ਏਹਿ, ਆਖੀਅਹਿ, ਦੂਜੈ, ਕੀਤਾ, ਜਾਦੇ ਆਦਿ ਅਜਿਹੇ ਸ਼ਬਦਾਂ ਦੇ ਉਦਾਹਰਣ ਹਨ। ਸਿਰਫ਼ ਤ੍ਰਿਨ ਸ਼ਬਦ—ਕਿਆ, ਏਕ ਅਤੇ ਬੂਝੈ -ਸਾਧੂ-ਭਾਸ਼ਾ ਦੇ ਆਏ ਹਨ ।

ਗੁਰੂ ਸਾਹਿਬ ਦੀ ਕਰੀਬ-ਕਰੀਬ ਸਾਰੀ ਬਾਣੀ ਵਿਚ ਏਹੋ ਰੂਪ ਚਲਦਾ ਹੈ—ਆਮ ਰੂਪ ਪੰਜਾਬੀ ਵਾਲਾ ਹੈ, ਸ਼ਬਦ ਕਿਤੇ ਵੱਧ, ਕਿਤੇ ਘੱਟ, ਸਾਧੂ-ਭਾਸ਼ਾ ਦੇ ਵੀ ਆਏ ਹਨ । ਵਾਰਾਂ ਦੀਆਂ ਪਉੜੀਆਂ ਦੀ ਭਾਸ਼ਾ ਦਾ ਪੰਜਾਬੀਪਣ ਜ਼ਿਆਦਾ ਨਿੱਖਰਵਾਂ ਹੈ: ਅਸ਼ਟਪਦੀਆਂ ਵਿਚ ਸਾਧ-ਭਾਸ਼ਾ ਦਾ ਪ੍ਰਭਾਵ ਕੁਝ ਵਧੇਰੇ ਹੈ।

2-2. ਗੁਰੂ ਸਾਹਿਬ ਮਾਝੇ ਦੇ ਵਸਨੀਕ ਸਨ, ਇਸ ਲਈ ਉਹਨਾਂ ਦੀ ਆਪਣੀ ਬੋਲੀ ਮਾਝੀ ਸੀ, ਅਤੇ ਉਹਨਾਂ ਦੀ ਬਾਣੀ ਵੀ ਉਸ ਸਮੇਂ ਦੀ ਮਾਝੀ ਵਿਚ ਹੈ :—

**ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ।**
**ਮੈ ਨੈਣੀ ਨੀਂਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ।**



Digitized by Panjab Digital Library | www.panjabdigilib.org

ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ ।
ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ।
ਆਪੇ ਮੇਲਿ ਲਏ ਸੁਖ ਦਾਤਾ ਆਪਿ ਮਿਲਿਆ ਘਰਿ ਆਏ ।
ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ ।

(ਗਉੜੀ, 244-5)

2-3. ਇਹ ਆਮ ਬੋਲ-ਚਾਲ ਦੀ ਭਾਸ਼ਾ ਨਹੀਂ; ਸਗੋਂ ਸਾਹਿਤਿਕ ਭਾਸ਼ਾ ਹੈ, ਅਤੇ ਉਹ ਵੀ ਕਾਵਿ ਦੀ ਭਾਸ਼ਾ । ਇਸ ਵਿਚ ਕਾਵਿ -ਭਾਸ਼ਾ ਵਾਲਾ ਸੰਜਮ, ਸੰਕੋਚ, ਗੰਭੀਰਤਾ, ਗੌਰਵ, ਤੇ ਕਲਾਤ-ਮਿਕਤਾ ਹਰ ਥਾਂ ਮੌਜੂਦ ਹੈ। ਭਾਸ਼ਾ ਕਾਵਿ ਦੀ ਵਿਉਂਤ ਵਿਚ ਗੁੰਦਣ ਲਈ ਕਈ ਥਾਈਂ ਪੰਜਾਬੀ ਸ਼ਬਦਾਂ ਦੀ ਥਾਂ ਸਾਧੁਕੜੀ ਜਾਂ ਹਿੰਦਵੀ ਦੇ ਸ਼ਬਦ ਵਰਤਣੇ ਪਏ ਹਨ । ਕਾਵਿ ਦਾ ਵਿਸ਼ਾ ਅਧਿ-ਆਤਮਿਕ ਹੈ ਇਸ ਲਈ ਭਾਸ਼ਾ ਵਿਚ ਅਧਿਆਤਮਿਕ ਰੰਗਣ ਵਾਲੀ ਸ਼ਬਦਾਵਲੀ ਦੀ ਬਹੁਲਤਾ ਹੈ । ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਖਾਸ ਕਰਕੇ ਸਿੱਖ-ਸਿਧਾਂਤਾਂ ਦੀ ਵਿਆਖਿਆ ਕੀਤੀ ਗਈ ਹੈ, ਇਸ ਲਈ ਭਾਸ਼ਾ ਵਿਚ ਸਿਧਾਂਤਿਕ ਸ਼ਬਦਾਵਲੀ ਵੀ ਬਹੁਤ ਆਈ ਹੈ, ਗੂੜ੍ਹ ਤੇ ਰਹੱਸਵਾਦੀ ਵਿਸ਼ੇ ਦਾ ਵਿਵਰਣ ਦੇਣ ਲਈ ਸਾਧਾਰਨ ਤੇ ਆਮ ਵਰਤੋਂ ਦੀ ਬੋਲੀ ਸਾਥ ਨਹੀਂ ਦਿੰਦੀ, ਇਸ ਲਈ ਗੁਰੂ ਅਮਰਦਾਸ ਜੀ ਦੀ ਭਾਸ਼ਾ ਪੰਜਾਬੀ ਹੁੰਦੀ ਹੋਈ ਵੀ ਕਿਤੇ-ਕਿਤੇ ਬੜੀ ਓਪਰੀ ਜਿਹੀ ਜਾਪਦੀ ਹੈ, ਅਤੇ ਕਈ ਥਾਈਂ ਸਮਝਣ ਵਿਚ ਵੀ ਕੁਝ ਔਖੀ ਹੋ ਜਾਂਦੀ ਹੈ :

ਹਿਰਦੈ ਜਪਨੀ ਜਪਉ ਗੁਣਤਾਸਾ ।
ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ ।
ਜਨ ਪਗਿ ਲਗਿ ਧਿਆਵਹੁ ਹੋਇ ਦਾਸਨਿ ਦਾਸਾ ।

(ਬਿਲਾਵਲ, 841)

2-4. ਸੰਜਮ, ਸੰਕੋਚ ਤੇ ਸੰਖੇਪ ਗੁਰੂ ਅਮਰਦਾਸ ਜੀ ਦੀ ਭਾਸ਼ਾ ਦਾ ਉੱਘਾ ਲੱਛਣ ਹੈ । ਗੁਰੂ ਸਾਹਿਬ ਨੇ ਆਪਣੀਆਂ ਬਾਣੀਆਂ ਵਿਚ ਬਹੁਤੀਂ ਥਾਈਂ ਲੰਮੇ ਬਹਿਰ ਵਰਤੇ ਹਨ । ਲੰਮੇ ਬਹਿਰ ਵਿੱਚ ਭਾਸ਼ਾਈ ਸੰਕੋਚ ਕਾਇਮ ਰੱਖਣਾ ਔਖਾ ਹੋ ਜਾਂਦਾ ਹੈ । ਪਰ ਗੁਰੂ ਸਾਹਿਬ ਦੀਆਂ ਲੰਮੇ ਬਹਿਰ ਵਾਲੀਆਂ ਰਚਨਾਵਾਂ ਵਿਚ ਵੀ ਸੰਜਮ ਤੇ ਸੰਕੋਚ ਬੜਾ ਪ੍ਰਤੱਖ ਹੈ । ਘੱਟ-ਤੋਂ ਘੱਟ ਸ਼ਬਦ ਵਰਤ ਕੇ ਵੱਧ-ਤੋਂ ਵੱਧ ਵਿਚਾਰ ਪ੍ਰਗਟ ਕੀਤੇ ਹਨ । ਉਹਨਾਂ ਦੀ ਬਾਣੀ ਵਿਚ ਕਿਤੇ ਕੋਈ ਵਾਧੂ ਸ਼ਬਦ ਨਹੀਂ ਮਿਲਦਾ । ਸੰਬੰਧਕਾਂ ਦੀ ਥਾਂ ਕਾਰਕੀ ਪਿਛੇਤਰਾਂ ਤੋਂ ਕੰਮ ਲਿਆ ਹੈ ਅਤੇ ਕਿਰਿਆਵਾਂ ਸੰਖਿਪਤ ਰੂਪ ਵਾਲੀਆਂ ਹਨ :



Digitized by Panjab Digital Library | www.panjabdigilib.org

ਹਰਿ ਰਾਸਿ ਮੇਰੀ ਮਨੁ ਵਣਜਾਰਾ ।
ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰਿ ਤੇ ਰਾਸਿ ਜਾਣੀ ।
ਹਰਿ ਹਰਿ ਨਿਤ ਜਪਹੁ ਜੀਅਹੁ ਲਾਹਾ ਖਟਿਹੁ ਦਿਹਾੜੀ ।
ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ।
ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ।

(ਰਾਮਕਲੀ, ਪੰ. 921)

ਪਹਿਲੀ ਪੰਕਤੀ ਨੂੰ ਛੱਡ ਕੇ ਬਾਕੀ ਪੰਕਤੀਆਂ ਲੰਮੇ ਬਹਿਰ ਵਿਚ ਹਨ, ਪਰ ਕਿਸੇ ਲਾਈਨ ਵਿਚ ਕੋਈ ਸ਼ਬਦ ਸਿਰਫ਼ ਕਵਿਤਾ ਦਾ ਤੋਲ ਪੂਰਨੁ ਕਰਨ ਲਈ ਨਹੀਂ ਵਰਤਿਆ, ਸਗੋਂ ਕਈ ਥਾਈਂ ਲੋੜੀਂਦੇ ਸ਼ਬਦਾਂ ਤੋਂ ਬਿਨਾ ਹੀ ਅਰਥ ਸਪਸ਼ਟ ਕੀਤੇ ਹਨ । 'ਤਿਨਾ ਮਿਲਿਆ', 'ਜਿਨ ਹਰਿ ਆਪੇ ਭਾਣਾ' ਦੀ ਥਾਂ ਅੱਜ ਅਸੀਂ ਕਹਾਂਗੇ ''ਤਿਨਾਂ ਨੂੰ ਮਿਲਿਆ', ਅਤੇ 'ਜਿਨ੍ਹਾਂ ਨੂੰ ਆਪ ਹੀ ਚਾਹੁੰਦਾ ਹੈ ।' ਪਰ ਗੁਰੂ ਸਾਹਿਬ ਨੇ ਸੰਬੰਧਕਾਂ ਦੀ ਵਰਤੋਂ ਤੋਂ ਬਿਨਾ ਹੀ ਆਪਣਾ ਭਾਵ ਪੂਰੀ ਤਰ੍ਹਾਂ ਪ੍ਰਗਟ ਕਰ ਦਿੱਤਾ ਹੈ । ਇਸ ਸਾਰੀ ਪਉੜੀ ਵਿਚ ਸਿਰਫ਼ ਇਕ ਸੰਬੰਧਕ 'ਤੇ' (ਤੋਂ) ਆਇਆ ਹੈ, ਯੋਜਕ ਕੋਈ ਨਹੀਂ ਵਰਤਿਆ ਗਿਆ, ਸਹਾਇਕ ਕਿਰਿਆ ਕੋਈ ਨਹੀਂ ਵਰਤੀ। ਪਹਿਲੀ ਪੰਕਤੀ ਵਿਚ ਕਿਰਿਆ ਵਰਤੀ ਹੀ ਨਹੀਂ, ਫੇਰ ਵੀ ਭਾਵ ਗ੍ਰਹਿਣ ਕਰਨ ਵਿਚ ਕੋਈ ਦਿੱਕਤ ਨਹੀਂ ਹੁੰਦੀ। 'ਲਾਹਾ ਖਟਿਹੁ ਦਿਹਾੜੀ' ਤਿੰਨਾਂ ਸ਼ਬਦਾਂ ਰਾਹੀਂ ਏਨਾ ਕੁਝ ਕਹਿ ਦਿੱਤਾ ਹੈ, ਜਿੰਨਾ ਇਕ ਲੰਮੇ ਵਾਕ ਵਿਚ ਵੀ ਨਹੀਂ ਸਮਾ ਸਕਦਾ।

2–5. ਗੁਰੂ ਅਮਰਦਾਸ ਜੀ ਦੀ ਭਾਸ਼ਾ ਆਧੁਨਿਕ ਪੰਜਾਬੀ ਨਾਲੋਂ ਕਾਫ਼ੀ ਜ਼ਿਆਦਾ ਸੰਜੋਗਾਤਮਿਕ ਹੈ। ਭਾਰਤੀ ਆਰੀਆ ਭਾਸ਼ਾ ਵੈਦਿਕ, ਸੰਸਕ੍ਰਿਤ ਤੋਂ ਲੈ ਕੇ ਅਜ ਤਕ ਸੰਜੋਗਾਤਮਿਕ ਅਵਸਥਾ ਤੋਂ ਵਿਜੋਗਾਤਮਿਕਤਾ ਵੱਲ ਵਧਦੀ ਆਈ ਹੈ। ਅਜੋਕੀਆਂ ਭਾਰਤੀ ਆਰੀਆ ਭਾਸ਼ਾਵਾਂ ਵਿੱਚੋਂ ਸਿੰਧੀ ਸਭ ਤੋਂ ਜ਼ਿਆਦਾ ਸੰਜੋਗਾਤਮਿਕ ਹੈ, ਅਤੇ ਪੰਜਾਬੀ ਵਿਚ ਵੀ ਅਜੇ ਸੰਜੋਗਾਤਮਿਕਤਾ ਦੇ ਗੁਣ ਮੌਜੂਦ ਹਨ । ਅੱਜ ਤੋਂ ਪੰਜ ਸੌ ਸਾਲ ਪਹਿਲਾਂ ਦੀ ਪੰਜਾਬੀ ਹੋਰ ਵੀ ਜ਼ਿਆਦਾ ਸੰਜੋਗਾਤ–ਮਿਕ ਸੀ । ਇਹਨਾਂ ਪੰਜ ਸੌ ਸਾਲਾਂ ਵਿਚ ਸੰਜੋਗਾਤਮਿਕਤਾ ਦੇ ਕਈ ਲੱਛਣ ਲੋਪ ਹੋ ਗਏ ਹਨ; ਫੇਰ ਵੀ ਪੰਜਾਬੀ ਹਿੰਦੀ ਨਾਲੋਂ ਕਿਤੇ ਵਧੇਰੇ ਸੰਜੋਗਾਤਮਿਕ ਹੈ । ਪੰਜਾਬੀ ਦੀ ਉਪਭਾਸ਼ਾ ਲਹਿੰਦੀ ਬਹੁਤ ਜ਼ਿਆਦਾ ਸੰਜੋਗਾਤਮਿਕ ਹੈ ।

2–5–1. ਅਸਾਂ ਏਥੇ ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਸੰਜੋਗਾਤਕਿਤਾ ਬਾਰੇ ਵਿਚਾਰ ਕਰਨੀ ਹੈ। ਗੁਰੂ ਸਾਹਿਬ ਦੀ ਭਾਸ਼ਾ ਵਿਚ ਸੰਜੋਗਾਤਮਿਕਤਾ ਦੇ ਮੁਖ ਸਾਧਨ ਦੋ ਹਨ । ਪਹਿਲਾ ਇਹ ਕਿ ਵੱਖਰ ਸ਼ਬਦ, ਸੰਬੰਧਕ, ਵਰਤਣ ਦੀ ਬਜਾਇ ਨਾਵਾਂ, ਪੜਨਾਵਾਂ ਤੇ ਵਿਸ਼ੇਸ਼ਣਾਂ ਨੂੰ ਕਾਰਕੀ



Digitized by Panjab Digital Library | www.panjabdigilib.org

ਪਿਛੇਤਰ ਲਾਏ ਜਾਂਦੇ ਹਨ। ਭਾਵ ਕਿ ਅਜੋਕੀ ਪੰਜਾਬੀ ਵਿਚ ਜਿਹੜਾ ਕੰਮ ਇਕ ਵਖਰੇ ਸ਼ਬਦ-ਸੰਬੰਧਕ-ਤੋਂ ਲਿਆ ਜਾਂਦਾ ਹੈ, ਗੁਰੂ ਸਾਹਿਬ ਦੀ ਭਾਸ਼ਾ ਵਿਚ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਨੂੰ ਕੋਈ ਪਿਛੇਤਰ ਲਾ ਕੇ ਉਹੋ ਕੰਮ ਲਿਆ ਗਿਆ ਹੈ।

**ਸਚਿ ਰਤੇ ਸੇ ਟੋਲਿ ਲਹੁ ਸੇ ਵਿਰਲੇ ਸੰਸਾਰਿ।**

(ਮਾਰੂ, ਪੰ. 994)

ਏਥੇ 'ਸਚਿ' ਦਾ ਅਰਥ ਹੈ 'ਸੱਚ ਵਿਚ'। ਅਰਥਾਤ ਸਬਦ 'ਸਚ' ਨੂੰ ਪਿਛੇਤਰ 'ਇ' (ਸਿਹਾਰੀ) ਲਾ ਕੇ ਉਹ ਅਰਥ ਲਏ ਗਏ ਹਨ, ਜੋ ਅੱਜ ਅਸੀਂ ਵੱਖਰਾ ਸ਼ਬਦ 'ਨਾਲ਼' ਵਰਤ ਕੇ ਲੈਂਦੇ ਹਾਂ। ਏਵੇਂ ਹੀ ਸੰਸਾਰਿ' ਦੀ ਅੰਤਿਕ 'ਇ' ਵੀ 'ਵਿਚ' ਦੀ ਥਾਂ ਵਰਤੀ ਗਈ ਹੈ।

ਇਕ ਹੋਰ ਉਦਾਹਰਣ ਵਖਿਆ ਜਾਵੇ :

**ਸਤਿਗਰੁ ਛੋਡਿ ਦੂਜੈ ਲਗੇ ਕਿਆ ਕਰਨਿ ਅਗੇ ਜਾਇ।**

(ਮਾਰੂ, ਪੰ. 994)

ਇਸ ਪੰਕਤੀ ਵਿਚ ਸੰਜੋਗਾਤਮਿਕਤਾ ਦੀ ਬੜੀ ਖੁਲ੍ਹੀ ਵਰਤੋਂ ਹੋਈ ਹੈ। 'ਛੋਡਿ' ਦੇ ਪਿਛੇਤਰ 'ਇ' ਨਾਲ ਅਰਥ ਬਣਦਾ ਹੈ, 'ਛੱਡਕੇ', 'ਦੂਜੈ ਨੂੰ ਪਿਛੇਤਰ 'ਐ' ਲੱਗਣ ਨਾਲ ਅਰਥ ਬਣਦੇ ਹਨ, 'ਦੂਜੇ ਨਾਲ', 'ਸਤਿਗੁਰੁ' ਦਾ ਪਿਛੇਤਰ 'ਉ (ਔਂਕੜ) ਇਕ ਵਚਨ , ਪੁਲਿੰਗ ਕਰਤਾ ਕਾਰਕ ਤੇ ਕਰਮ ਕਾਰਕ ਦਾ ਚਿੰਨ੍ਹ ਹੈ, 'ਜਾਇ' ਦਾ ਅਰਥ ਹੈ 'ਜਾ ਕੇ' , ਅਥਵਾ ਪਿਛੇਤਰ 'ਇ' ਦੀ ਥਾਂ ਅੱਜ ਅਸੀਂ ਵਖਰਾ ਸ਼ਬਦ 'ਕੇ' ਵਰਤਦੇ ਹਾਂ।

2-5.-2. ਸੰਜੋਗਾਤਮਿਕਤਾ ਦਾ ਦੂਜਾ ਮੁੱਖ ਸਾਧਨ ਇਹ ਹੈ ਕਿ ਸਹਾਇਕ ਕਿਰਿਆ ਨਹੀਂ ਵਰਤੀ ਗਈ ਸਗੋਂ ਮੁੱਖ ਕਿਰਿਆ ਨੂੰ ਕੋਈ ਪਿਛੇਤਰ ਲਾ ਕੇ ਸਹਾਇਕ ਕਿਰਿਆ ਵਾਲੇ ਅਰਥ ਲਏ ਗਏ ਹਨ :

**ਅਨਦਿਨੁ ਕਰੀਤਨੁ ਕਰਹਿ ਦਿਨ ਰਾਤਿ।**

(ਬਸੰਤ, 1174)

ਏਥ ਆਈ ਕਿਰਿਆ 'ਕਰਹਿ' ਦਾ ਅੱਜ ਵਾਲਾ ਰੂਪ ਹੈ 'ਕਰਦੇ ਹਨ'। ਗੁਰੂ ਸਾਹਿਬ ਦੀ ਭਾਸ਼ਾ ਵਿਚ ਕਿਰਿਆ 'ਕਰ' ਨਾਲ ਪਿਛੇਤਰ 'ਹਿ' ਲਾ ਕੇ ਜੋ ਅਰਥ ਲਏ ਗਏ ਹਨ, ਉਹ ਅੱਜ ਅਸੀਂ ਵੱਖਰੀ ਸਹਾਇਕ ਕਿਰਿਆ 'ਹਨ' ਵਰਤ ਕੇ ਲੈਂਦੇ ਹਾਂ। ਏਵੇਂ ਹੀ :

**ਹਰਿਨਾਮੁ ਸੇਵਹ ਵਿਚਹੁ ਆਪੁ ਗਵਾਇ।**

(ਬਸੰਤ, 1174)

ਕਿਰਿਆ 'ਗਵਾਇ' ਲਈ ਅਜ ਅਸੀਂ 'ਗਵਾ ਕੇ' ਕਹਿਦੇ ਹਾਂ, ਅਰਥਾਤ ਸੰਜੋਗਾਤਮਿਕ ਰੂਪ ਦੀ ਥਾਂ ਕਿਰਿਆ ਦਾ ਵਿਜੋਗਾਤਮਿਕ ਰੂਪ ਵਰਤਦੇ ਹਾਂ।

2-5-3. ਪੜਨਾਵੀਂ ਪਿਛੇਤ੍ਰਾਂ ਦੀ ਵਰਤੋਂ ਨਾਲ ਵੀ ਕਿਤੇ-ਕਿਤੇ ਭਾਸ਼ਾ ਸੰਜੋਗਾਤਮਿਕ ਬਣਾਈ ਗਈ ਹੈ। ਪੜਨਾਵੀਂ ਪਿਛੇਤਰ ਅਜਿਹੇ ਪਿਛੇਤਰਾਂ ਨੂੰ ਕਿਹਾ ਜਾਂਦਾ ਹੈ ਜੋ ਕਿਸੇ ਪੜਨਾਂਵ ਦੇ ਥਾਂ ਆਉਂਦੇ ਹਨ। ਅੱਜ ਵੀ ਮਾਝੀ ਬੋਲ-ਚਾਲ ਵਿਚ ਹੇਠ ਲਿਖੇ ਰੂਪ ਵਾਲੇ ਵਾਕ ਆਮ ਸੁਣੇ ਜਾਂਦੇ ਹਨ :

ਕੀ ਆਖਿਆਈ ? (ਤੂੰ ਕੀ ਆਖਿਆ ਹੈ ? )
ਕੀ ਆਖਿਆਜੇ ? (ਤੁਸਾਂ ਕੀ ਆਖਿਆ ਹੈ ? )
ਕੀ ਆਖਿਆਸੁ ? (ਉਸ ਨੇ ਕੀ ਆਖਿਆ ਹੈ ?)
ਕੀ ਆਖਿਆਨੇ ? (ਉਹਨਾ ਨੇ ਕੀ ਆਖਿਆ ਹੈ ?)

ਏਥੇ 'ਆਖਿਆਈ' ਦਾ ਪਿਛੇਤਰ 'ਈ" ਤੂੰ ਲਈ ਆਇਆ ਹੈ। ਏਵੇਂ ਹੀ 'ਜੇ' ਤੁਸਾਂ ਲਈ, '-ਸੁ' ਉਸ ਲਈ ਅਤੇ '-ਨੇ' ਉਹਨਾਂ ਲਈ ਵਰਤਿਆ ਗਿਆ ਹੈ। ਵੇਖਿਆ ਜਾ ਸਕਦਾ ਹੈ ਕਿ ਇਹਨਾਂ ਪਿਛੇਤਰਾਂ ਦੀ ਵਰਤੋਂ ਕਾਰਣ ਚੋਹ ਜਾਂ ਪੰਜਾਂ ਸ਼ਬਦਾਂ ਦੀ ਥਾਂ ਕੇਵਲ ਦੋਂਹ ਸ਼ਬਦਾਂ ਨਾਲ ਹੀ ਵਾਕ ਪੂਰਾ ਹੋ ਜਾਂਦਾ ਹੈ। ਗੁਰੂ ਅਮਰਦਾਸ ਜੀ ਦੀ ਬਾਣੀ ਵਿੱਚੋਂ ਉਦਾਹਰਣ ਵੇਖੋ :

**ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਾਰਾਈ।**
**ਵੇਕੀ ਸ੍ਰਿਸ਼ਟਿ ਉਪਾਈਅਨੁ ਸਭ ਹੁਕਮਿ ਆਵੈ ਜਾਈ।**

(ਰਾਮਕਲੀ, 947)

ਏਥੇ 'ਸਾਜੀਅਨੁ' ਦਾ ਅਰਥ ਹੈ 'ਉਸ ਨੇ ਸਾਜੀ', ਅਤੇ 'ਉਪਾਇਅਨੁ' ਦਾ ਭਾਵ ਹੈ 'ਉਸ ਨੇ ਉਪਾਈ'। ਇਹਨਾਂ ਕਿਰਿਆ-ਰੂਪਾਂ ਵਿਚ ਲਗਾ '-ਅਨੁ' ਤੀਜੇ ਪੁਰਖ, ਇਕ ਵਚਨ ਦਾ ਪੜਨਾਵੀਂ ਪਿਛੇਤਰ ਹੈ ('ਉਸ ਨੇ' ਦੇ ਅਰਥ ਦੇਂਦਾ ਹੈ)। ਉੱਤੇ ਦਿੱਤੇ ਮਾਝੀ ਦੇ ਉਦਾਹਰਣਾਂ ਵਿਚ ਤੀਜੇ ਪੁਰਖ, ਇਕ ਵਚਨ ਦਾ ਪਿਛੇਤਰ 'ਸੁ' ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪੁਰਾਣੀ ਪੰਜਾਬੀ ਵਿਚ ਪੜਨਾਵੀਂ ਪਿਛੇਤਰ ਵੀ ਅੱਜ ਨਾਲੋਂ ਵਖਰੇ ਰੂਪ ਵਾਲੇ ਸਨ। ਸਿੰਧੀ ਵਿਚ ਤੇ ਲਹਿੰਦੀ ਵਿਚ ਅੱਜ ਵੀ ਪੜਨਾਵੀਂ ਪਿਛੇਤਰਾਂ ਦੀ ਵਰਤੋਂ ਆਮ ਹੈ। ਮਾਝੀ ਵਿਚ ਸਿਰਫ਼ ਉੱਤੇ ਦਿੱਤੇ ਗਏ ਚਾਰ ਪਿਛੇਤਰ ਹੀ ਬਚੇ ਹਨ, ਮਲਵਈ ਤੇ ਪੁਆਧੀ ਵਿਚ ਇਹ ਨਹੀਂ ਵਰਤੇ ਜਾਂਦੇ।

## 3. ਧੁਨੀ-ਵਿਉਂਤ

3-1. ਹੁਣ ਅਸੀਂ ਗੁਰੂ ਸਾਹਿਬ ਦੀ ਭਾਸ਼ਾ ਦਾ ਵੱਖ-ਵਖ ਪੱਖਾਂ ਤੋਂ ਵਿਸ਼ਲੇਸ਼ਣ ਕਰਨ ਦਾ ਯਤਨ ਕਰਾਂਗੇ। ਸਭ ਤੋਂ ਪਹਿਲਾਂ ਧੁਨੀਆਂ ਤੇ ਧੁਨੀ-ਵਿਉਂਤ ਬਾਰੇ ਵਿਚਾਰ ਕਰਦੇ ਹਾਂ।

ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਅਜੋਕੀ ਪੰਜਾਬੀ ਵਾਲੀਆਂ ਲਗ ਭਗ ਸਾਰੀਆਂ ਧੁਨੀਆਂ ਵਰਤੀਆਂ ਮਿਲਦੀਆਂ ਹਨ, ਸਿਰਫ਼ ਇਕ-ਦੋਂਹ ਧੁਨੀਆਂ ਦਾ ਹੀ ਅੰਤਰ ਹੈ। ਪਰ ਧੁਨੀਆਂ ਦੀ ਵਰਤੋਂ-ਵਿਉਂਤ ਅਤੇ ਵਰਤੋਂ-ਮਾਤਰਾ ਦਾ ਚੋਖਾ ਫਰਕ ਹੈ।ਸ਼ ਤੇ ਜ਼ ਦੋ ਅਜਿਹੀਆਂ ਧੁਨੀਆਂ



Digitized by Panjab Digital Library | www.panjabdigilib.org

ਹਨ, ਜੋ ਅੱਜ ਅਸੀਂ ਪੰਜਾਬੀ ਵਿਚ ਆਮ ਉਚਾਰਦੇ ਤੇ ਲਿਖਦੇ ਹਾਂ, ਪਰ ਸਿਰਫ਼ ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਹੀ ਨਹੀਂ, ਸਗੋਂ: ਸਾਰੀ ਗੁਰਬਾਣੀ ਵਿਚ ਇਹ ਧੁਨੀਆਂ ਨਹੀਂ ਮਿਲਦੀਆਂ। ਕੁਝ ਵਿਦਵਾਨਾਂ ਦਾ ਖਿਆਲ ਹੈ ਉਸ ਸਮੇਂ ਪੰਜਾਬੀ ਵਿਚ ਇਹ ਉਚਾਰੀਆਂ ਜਾਂਦੀਆਂ ਸਨ ਪਰ ਗੁਰੂ ਸਾਹਿਬ ਨੇ ਲਿਖਿਤ ਵਿਚ ਅੰਕਿਤ ਨਹੀਂ ਕੀਤੀਆਂ। ਇਹ ਵਿਚਾਰ ਠੀਕ ਨਹੀਂ। ਇਹ ਦੋਵੇਂ ਧੁਨੀਆਂ ਉਸ ਸਮੇਂ ਪੰਜਾਬੀ ਉਚਾਰਨ ਵਿਚ ਹੀ ਮੌਜੂਦ ਨਹੀਂ ਸਨ। ਜ਼ ਫ਼ਾਰਸੀ-ਅਰਬੀ ਸ਼ਬਦਾਂ ਵਿਚ ਆਉਂਦਾ ਹੈ। ਫ਼ਾਰਸੀ-ਅਰਬੀ ਸ੍ਰੋਤ ਦੇ ਅਨੇਕ ਸ਼ਬਦਾਂ-ਗੁਰੂ ਕਾਲ ਤਕ ਪੰਜਾਬੀ ਵਿਚ ਆ ਚੁੱਕੇ ਸਨ, ਪਰ ਇਹਨਾਂ ਭਾਸ਼ਾਵਾਂ ਦੀਆਂ ਓਪਰੀਆਂ ਧੁਨੀਆਂ ਨਹੀਂ ਸਨ ਆਪਣਾਈਆਂ ਗਈਆਂ। ਅਰਬੀ ਲਿਪੀ ਦੇ ਅੱਖਰਾਂ ਜ਼ਾਲ, ਜ਼ੇ, ਜ਼ੁਆਦ, ਜ਼ੋਇ ਨਾਲ ਅੰਕਿਤ ਕੀਤੀਆਂ ਜਾਣ ਵਾਲੀਆਂ ਧੁਨੀਆਂ ਲਈ ਪੰਜਾਬੀ; ਵਿਚ ਜ ਉਚਾਰਿਆ ਜਾਂਦਾ ਸੀ; ਪੰਜਾਬੀ ਉਚਾਰਨ ਜਾਤ, ਜੋਰ ਕਾਜੀ ਜ਼ੁਲਮ ਸੀ, ਅਤੇ ਇਨ੍ਹਾਂ ਸ਼ਬਦਾਂ ਦਾ ਏਹੋ ਉਚਾਰਣ ਸਾਥੋਂ ਪਿਛਲੀ ਪੀੜ੍ਹੀ ਦੇ ਸਾਧਾਰਨ ਬੋਲ-ਚਾਲ ਵਿੱਚ ਕਾਇਮ ਸੀ। ਅੱਜ ਵੀ ਮਾਝੇ, ਮਾਲਵੇ, ਦੁਆਬੇ ਦੇ ਕਈ ਪੇਂਡੂ ਬਜ਼ੁਰਗ ਏਹ ਉਚਾਰਨ ਕਰਦੇ ਹਨ। ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਰਜ਼ਾ ਦੀ ਥਾਂ 'ਰਜਾਇ' ਸਜ਼ਾ ਦੀ ਥਾਂ ਸਜਾਇ ਆਇਆ ਹੈ। ਅਰਬੀ 'ਹਜ਼ੂਰ ' ਦਾ ਜ਼ 'ਹਦੂਰ' ਉਚਾਰ ਕੇ 'ਦ ਵਿਚ ਬਦਲ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਨੇ ਵੀ 'ਕਾਜ਼ੀ' ਦਾ 'ਕਾਦੀ', ਅਤੇ 'ਕਾਗਜ਼' ਦਾ 'ਕਾਗਦ' ਉਚਾਰਿਆ ਹੈ। ਸ, ਸ਼ (श) ਤੇ ਥ ਤਿੰਨ ਵੱਖ-ਵੱਖ ਧੁਨੀਆਂ ਵੈਦਿਕ ਤੇ ਸੰਸਕ੍ਰਿਤ ਵਿਚ ਮੌਜੂਦ ਸਨ, ਪਰ ਪਾਲੀ ਦੇ ਸਮੇਂ श ਤੇ ष ਦਾ ਉਚਾਰਨ ਬਦਲਣਾ ਸ਼ੁਰੂ ਹੋ ਗਿਆ ਸੀ। ਪ੍ਰਾਕ੍ਰਿਤ ਤਕ ਪਹੁੰਚਦਿਆਂ ਪੱਛਮੀ ਭਾਸ਼ਾ ਵਿਚ ਇਹ ਦੋਵੇਂ ਵਿਅੰਜਨ ਸ ਵਿਚ ਬਦਲ ਗਏ ਅਤੇ ਪੂਰਬੀ ਭਾਸ਼ਾਵਾਂ ਵਿਚ ਇਹਨਾਂ ਤਿੰਨਾਂ ਦੀ ਥਾਂ ਕੇਵਲ ਸ਼ ( श ) ਰਹਿ ਗਿਆ। ਮੁਸਲਮਾਨਾਂ ਦੇ ਆਉਣ ਵੇਲੇ ਪੰਜਾਬੀ ਉਚਾਰਨ ਵਿਚ ਨਾ (ष) ਸੀ ਅਤੇ ਨਾ ਹੀ ਸ਼, ਸਿਰਫ਼ ਸ ਹੀ ਰਹਿ ਗਿਆ ਸੀ। ਇੰਞ ਅਰਬੀ-ਫ਼ਾਰਸੀ ਵਿਚੋਂ ਅਪਣਾਏ ਜਾਣ ਵਾਲੇ ਸ਼ਬਦਾਂ ਵਿਚ ਆਉਣ ਵਾਲੀ ਸ਼ ਦੀ ਧੁਨੀ ਜਾਂ ਸ ਬਣ ਗਈ ਸੀ ਜਾਂ ਛ। ਗੁਰਬਾਣੀ ਵਿਚ ਅਰਬੀ-ਫ਼ਾਰਸੀ ਦਾ ਵਿਅੰਜਨ ਸ਼-ਹਰ ਥਾਂ ਸ ਵਿਚ ਬਦਲਿਆ ਮਿਲਦਾ ਹੈ। ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵੀ ਏਹੋ ਰੂਪ ਮਿਲਦਾ ਹੈ। "ਆਪਣਾ ਭਾਣਾ ਤੁਮ ਕਰਹੁ ਤਾ ਫਿਰਿ ਸਹ ਖੁਸੀ ਨ ਆਵਏ" * ਵਿਚ ਖੁਸ਼ੀ ਦਾ 'ਖੁਸੀ' ਹੋ ਗਿਆ ਹੈ, ਅਤੇ ਬਖਸ਼ੇ ਦੀ ਥਾਂ 'ਬਖਸ਼ੇ ਆਇਆ ਹੈ।

3-1-2. ਸ੍ਵਰ

ਇਹਨਾਂ ਦੋਹਾਂ ਵਿਅੰਜਨਾਂ ਤੋਂ ਬਿਨਾਂ ਪੰਜਾਬੀ ਦੇ ਅੱਜ ਵਾਲੇ ਸਾਰੇ ਵਿਅੰਜਨ ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਵਰਤੇ ਮਿਲਦੇ ਹਨ। ਸੁਰਾਂ ਵਿਚੋਂ ਔ ਸਾਰੀ ਗੁਰਬਾਣੀ

---

*ਆਸਾ, ਪੰ 440



Digitized by Panjab Digital Library | www.panjabdigilib.org

ਵਿਚ ਬਹੁਤ ਘੱਟ ਆਇਆ ਹੈ। ਸ਼ਾਇਦ ਪੂਰੇ ਗੁਰੂ ਗ੍ਰੰਥ ਸਾਹਿਬ ਵਿਚ ਇਹ ਸੂਰ ਕੁਲ ਅੱਠਾਂ, ਦਸਾਂ ਸ਼ਬਦਾਂ ਵਿਚ ਹੀ ਮਿਲਦਾ ਹੈ। ਜਿਥੇ ਅੱਜ ਅਸੀਂ ਔ ) ਦਾ ਉਚਾਰਨ ਕਰਦੇ ਹਾਂ ਓਥੇ ਪੁਰਾਣੀ ਪੰਜਾਬੀ ਵਿਚ ਦੋਸੰਧੀ ਸੂਰ 'ਅਉ ਉਚਾਰਿਆ ਜਾਂਦਾ ਸੀ। ਲਹਿੰਦੀ ਵਿਚ ਅੱਜ ਤਕ ਵੀ ਏਹੋ ਉਚਾਰਿਨ ਪ੍ਰਚਲਿਤ ਹੈ। ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਵੀ ਅਜਿਹੇ ਅਨੇਕਾਂ ਉਦਾਹਰਣ ਮਿਲਦੇ ਹਨ—ਜਿਵੇਂ 'ਕੌਣ' ਲਈ 'ਕਉਣ' ਤੇ 'ਨੌ' ਲਈ 'ਨਉ' ਵਰਤਿਆ ਗਿਆ ਹੈ। ਗੁਰੂ ਅਮਰਦਾਸ ਦੀ ਬਾਣੀ ਵਿਚ 'ਔ' ਨਾ ਹੋਣ ਦੇ ਬਰਾਬਰ ਹੈ। ਇਕ ਥਾਂ 'ਸਬਦੌ' ਵਿਚ ਇਹ ਸੂਰ ਨਜ਼ਰ ਆਇਆ ਹੈ

ਇਸ ਦੇ ਉਲਟ ਗੁਰਬਾਣੀ ਵਿਚ, ਅਤੇ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵੀ ਐ ( ੈ ) ਦੀ ਵਰਤੋਂ ਅਜੋਕੀ ਪੰਜਾਬੀ ਨਾਲੋਂ ਬਹੁਤ ਜ਼ਿਆਦਾ ਹੈ। ਕਈਆਂ ਵਿਆਕਰਨਿਕ ਰੂਪਾਂ ਵਿਚ ਜਿੱਥੇ ਅੱਜ ਅਸੀਂ 'ਏ' ( ੇ ) ਉਚਾਰਦੇ ਹਾਂ ਬਾਣੀ ਵਿਚ 'ਐ' ਆਇਆ ਹੈ। ਗੁਰੂ ਅਮਰਦਾਸ ਦੀ ਬਾਣੀ ਵਿਚੋਂ ਉਦਾਹਰਣ ਵੇਖੇ ਜਾਣ :

**ਸਤਿਗੁਰੁ ਮਿਲੈ ਵਡਭਾਗਿ ਸੰਜੋਗ। ਹਿਰਦੈ ਨਾਮੁ ਨਿਤ ਹਰਿ ਰਸ ਭੋਗ॥**

(ਪੰ. 162)

**ਦੂਜੈ ਲਾਗਿ ਭਰਮਿ ਭੁਲਾਈ।** (ਪੰਨਾ 110)

**ਅਨਦਿਨੁ ਸਦਾ ਰਹੈ ਰੰਗਿ ਰਾਤਾ ॥** ( ਪੰ. 110)

ਵਿਚ ਆਏ ਸ਼ਬਦਾਂ 'ਮਿਲੈ', 'ਹਿਰਦੈ', 'ਰਹੈ', 'ਦੂਜੈ' ਦਾ ਅਜੋਕਾ ਉਚਾਰਨ 'ਮਿਲੇ', 'ਹਿਰਦੇ', 'ਰਹੇ', 'ਦੂਜੇ' ਹੈ। ਗੁਰਬਾਣੀ ਦੇ ਕੁਝ ਕਿਰਿਆ-ਰੂਪ ਜੋ ਅਜੋਕੀ ਪੰਜਾਬੀ ਵਿਚ 'ਏ' ( ੇ ) ਨਾਲ ਉਚਾਰੇ ਜਾਂਦੇ ਹਨ ਬਾਣੀ ਵਿਚ ਐ-ਅੰਤਿਕ ਸਨ—ਜਿਵੇਂ ਵੇਖੈ, ਰਖੈ, ਮਿਲੈ, ਹੋਵੈ, ਆਦਿ। 'ਏਥੇ, ਓਥੇ, ਜਿਥੇ, ਅੱਗੇ, ਪਿੱਛੇ, ਆਦਿ ਸਥਾਨਬੋਧਿਕ ਕਿਰਿਆ ਵਿਸ਼ੇਸ਼ਣ ਜੋ ਅੱਜ ਏ-ਅੰਤਿਕ ਹਨ, ਗੁਰਬਾਣੀ ਵਿਚ ਐ-ਅੰਤਿਕ ਹਨ। ਇੰਵ ਸਮੁੱਚੀ ਗੁਰਬਾਣੀ ਵਿਚ, ਤੇ ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ, 'ਐ' ਦੀ ਵਰਤੋਂ ਅੱਜ ਨਾਲੋਂ ਬਹੁਤ ਜ਼ਿਆਦਾ ਮਿਲਦੀ ਹੈ।

## 3. 2. ਧੁਨੀ-ਵਿਉਂਤ

3-2-1. ਆਧੁਨਿਕ ਪੰਜਾਬੀ ਵਿਚ ਹ੍ਰਸਵ ਸੂਰ ਸ਼ਬਦਾਂ ਦੇ ਅੰਤ ਵਿਚ ਨਹੀਂ ਉਚਾਰੇ ਜਾਂਦੇ, ਅਰਥਾਤ 'ਇ' ਤੇ 'ਉ' (ਜਾਂ ਸਿਹਾਰੀ ਤੇ ਔਂਕੜ) ਸ਼ਬਦਾਂ ਦੇ ਅੰਤ ਵਿਚ ਨਹੀਂ ਆਉਂਦੇ, ਪਰ ਗੁਰਬਾਣੀ ਵਿਚ ਇਹ ਦੋਵੇਂ ਸੂਰ ਸ਼ਬਦਾਂਤਿਕ ਸਥਿਤੀ ਵਿਚ ਆਮ ਮਿਲਦੇ ਹਨ, ਅਤੇ ਇਹਨਾਂ



Digitized by Panjab Digital Library | www.panjabdigilib.org

'ਦੀ ਅਜਿਹੀ ਵਰਤੋਂ ਦਾ ਵਿਆਕਰਨਿਕ ਮਹੱਤਵ ਹੈ। 'ਘਰ' ਦੇ ਅੰਤ ਵਿਚ ੳ ਆ ਜਾਵੇ, ਅਰਥਾਤ ਜੇ ਰਾਰੇ ਨੂੰ ਔਂਕੜ ਲਾ ਦਿੱਤਾ ਜਾਵੇ, ਤਾਂ ਨਾਂਵ 'ਘਰੁ' ਕਰਤਾ ਕਾਰਕ ਜਾਂ ਕਰਮ ਕਾਰਕ, ਇਕ ਵਚਨ ਹੋਵੇਗਾ। ਜੇ ਅੰਤ ਵਿਚ ਇ, ਅਥਵਾ ਰਾਰੇ ਨੂੰ ਸਿਹਾਰੀ, ਲਗੇ ਤਾਂ 'ਘਰਿ' ਕਰਣ ਕਾਰਕ ਜਾਂ ਅਧਿਕਰਣ ਕਾਰਕ ਬਣ ਜਾਵੇਗਾ—ਅਰਥ ਹੋਵੇਗਾ 'ਘਰ ਵਿਚ' ਜਾਂ 'ਘਰ ਦੁਆਰਾ'। ਹ੍ਰਸਵ ਸ੍ਵਰਾਂ ਦੀ ਵਰਤੋਂ-ਵਿਉਂਤ ਗੁਰੂ ਅਮਰਦਾਸ ਜੀ ਦੀ ਭਾਸ਼ਾ ਤੇ ਅਜੋਕੀ ਪੰਜਾਬੀ ਦਾ ਇਕ ਵਿਸ਼ੇਸ਼ ਅੰਤਰ ਹੈ। ਸਿਰਫ਼ ਸਬਦਾਂਤਿਕ ਹ੍ਰਸਵ ਸ੍ਵਰ ਹੀ ਅਜੋਕੀ ਪੰਜਾਬੀ ਵਿਚ ਲੋਪ ਨਹੀਂ ਹੋਏ ਸਗੋਂ ਸ਼ਬਦਾਂ ਦੇ ਵਿਚਾਲੇ ਆਉਣ ਵਾਲੇ 'ਇ' ਤੇ 'ਉ' ਵੀ ਸਾਡੇ ਅੱਜ-ਕਲ ਦੇ ਉਚਾਰਣ ਵਿਚ, ਕਈ ਥਾਂਈ ਕਾਇਮ ਨਹੀਂ ਰਹੇ। ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ 'ਪੰਡਿਤ', 'ਮੰਦਿਰ'; 'ਠਾਕੁਰ', 'ਪਛੁਤਾਇ' ਰੂਪ ਆਏ ਹਨ। ਅੱਜ ਅਸੀਂ ਇਹਨਾਂ ਸ਼ਬਦਾਂ ਦਾ ਉਚਾਰਨ 'ਪੰਡਤ', ਮੰਦਰ', 'ਠਾਕਰ', 'ਪਛਤਾਏ' ਕਰਦੇ ਹਾਂ।

3-2-2. ਗੁਰੂ ਸਾਹਿਬ ਦੀ ਭਾਸ਼ਾ ਤੇ ਅਜੋਕੀ ਪੰਜਾਬੀ ਦਾ ਇਕ ਹੋਰ ਵੱਡਾ ਫ਼ਰਕ ਦੋਸੰਧੀ ਸ੍ਵਰਾਂ ਦੀ ਵਰਤੋਂ ਬਾਰੇ ਹੈ। ਅੱਗੇ -ਪਿੱਛੇ ਜਿਹੜੇ ਦੋ ਸ੍ਵਰ ਉਚਾਰਨ-ਅੰਗਾਂ ਦੀ ਜੁੜਵੀਂ ਹਰਕਤ ਨਾਲ ਇੰਞ ਉਚਾਰੇ ਜਾਣ ਕਿ ਉਹ ਇੱਕੋ ਸ੍ਵਰ ਜਾਪਣ, ਉਹਨਾਂ ਨੂੰ ਦੋਸੰਧੀ ਸ੍ਵਰ ਮੰਨਿਆ ਜਾਂਦਾ ਹੈ। ਕਈਆਂ ਭਾਸ਼ਾਵਾਂ ਵਿਚ ਤ੍ਰੈਸੰਧੀ ਸ੍ਵਰ ਤੇ ਚੁਸੰਧੀ ਸ੍ਵਰ ਵੀ ਮਿਲਦੇ ਹਨ, ਪਰ ਪੰਜਾਬੀ ਵਿਚ ਅੱਜ ਸਿਰਫ਼ ਕੁਝ ਦੋਸੰਧੀ ਸ੍ਵਰ ਹੀ ਉਚਾਰੇ ਜਾਂਦੇ ਹਨ, ਅਤੇ ਇਹ ਇਕੋ ਹੀ ਪੈਟਰਨ ਵਾਲੇ ਹਨ, ਅਰਥਾਤ ਹਰ ਦੋਸੰਧੀ ਸ੍ਵਰ ਵਿਚ ਪਹਿਲਾ ਸ੍ਵਰ ਹ੍ਰਸਵ ਹੁੰਦਾ ਹੈ ਅਤੇ ਦੂਜਾ ਦੀਰਘ। 'ਲਿਆ' 'ਪਿਆ' ਵਿਚ 'ਇਆ' ਦੋਸੰਧੀ ਸ੍ਵਰ ਹੈ; 'ਖੁਆ', 'ਧੁਆ' ਵਿਚ 'ਉਆ', 'ਘਿਓ', ਪਿਓ ਵਿਚ 'ਇਓ' ਅਤੇ 'ਗਏ' 'ਲਏ' ਵਿਚ 'ਅਏ', ਦੋਸੰਧੀ ਸ੍ਵਰ ਹਨ। ਗੁਰੂ ਸਾਹਿਬ ਦੀ ਭਾਸ਼ਾ ਵਿਚ ਉਪਰੋਕਤ ਪੈਟਰਨ ਵਾਲੇ ਦੋਸੰਧੀ ਸ੍ਵਰਾਂ ਤੋਂ ਇਲਾਵਾ ਅਜਿਹੇ ਦੋਸੰਧੀ ਸ੍ਵਰ ਵੀ ਮਿਲਦੇ ਹਨ ਜਿਨ੍ਹਾਂ ਦੇ ਦੋਵੇਂ ਸ੍ਵਰ ਹ੍ਰਸਵ ਹਨ। 'ਸਤਿਗੁਰੁ ਦੀਆ ਮੋ ਕਉ ਏਹੁ ਨਿਧਾਨੁ'* ਵਿਚ ਆਏ ਸ਼ਬਦ 'ਕਉ' ਵਿਚ 'ਅਉ' ਦੋਸੰਧੀ ਸ੍ਵਰ ਹੈ, ਜਿਸ ਦੇ ਦੋਵੇਂ ਅੰਸ਼ ਹ੍ਰਸਵ ਸ੍ਵਰ ਹਨ। ਸ਼ਬਦ 'ਅਉਗਣ' ਵਿਚ ਵੀ ਏਹੋ ਦੋਸੰਧੀ ਸ੍ਵਰ—ਅਉ-ਮੌਜੂਦ ਹੈ, 'ਦਇਆ' 'ਗਇਆ' ਆਦਿ ਵਿਚ 'ਅਇ' ਇਸ ਸ਼੍ਰੇਣੀ ਦਾ ਦੋਸੰਧੀ ਸ੍ਵਰ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਦੀ ਭਾਸ਼ਾ ਵਿਚ ਦੋਸੰਧੀ ਸ੍ਵਰਾਂ ਦਾ ਇਕ ਹੋਰ ਪੈਟਰਨ ਆਮ ਮਿਲਦਾ ਹੈ ਜੋ ਅਜੋਕੇ ਪੈਟਰਨ ਦੇ ਉਲਟ ਹੈ, ਅਰਥਾਤ ਇਸ ਵਿਚ ਪਹਿਲਾ ਸ੍ਵਰ ਦੀਰਘ ਹੈ ਅਤੇ ਦੂਜਾ ਹ੍ਰਸਵ। 'ਹੋਇ', ਕੋਇ ਆਦਿ ਵਿਚ 'ਓਇ' ਇਸ ਪੈਟਰਨ ਵਾਲਾ ਦੋਸੰਧੀ ਸ੍ਵਰ ਹੈ; ਅਤੇ 'ਨਾਉ' 'ਭਾਉ' ਵਿਚ 'ਆਉ')।

3-2-3. ਆਧੁਨਿਕ ਪੰਜਾਬੀ ਵਿਚ ਸ਼ਬਦਾਂ ਦੇ ਆਰੰਭ ਵਿਚ ਦੋ ਸ੍ਵਰ ਇਕੱਠੇ ਕਦੇ

*ਵਡਹੰਸ, 555



Digitized by Panjab Digital Library | www.panjabdigilib.org

ਨਹੀਂ ਆਉਂਦੇ *, ਪਰ ਸ਼ਬਦਾਂ ਦੇ ਅੰਤ ਵਿਚ ਤਿੰਨ-ਤਿੰਨ, ਚਾਰ- ਚਾਰ ਸੂਰ ਆਮ ਆ ਜਾਂਦੇ ਹਨ। ਖੁਆਇਆਈ, ਲਿਆਈਆਈ ਆਦਿ ਸ਼ਬਦਾਂ ਵਿਚ ਪੰਜ-ਪੰਜ ਸੂਰ ਵੀ ਆਉਂਦੇ ਹਨ। ਗੁਰੂ ਸਾਹਿਬ ਦੀ ਭਾਸ਼ਾ ਵਿਚ ਸ਼ਬਦਾਂ ਦੇ ਅਰੰਭ ਵਿਚ ਵੀ ਕਈ ਥਾਂਈਂ ਇਕ ਤੋਂ ਵੱਧ ਸੂਰ ਇਕੱਠੇ ਆਏ ਹਨ : ਅਉਗਣ, ਅਉਖਧੁ, ਅਉਖਾ, ਅਉਤਾਰ, ਅਉਧੂ, ਅਉਰੀ, ਇਆਣਾ।

3-3. ਗੁਰੂ ਅਮਰਦਾਸ ਜੀ ਦੀ ਭਾਸ਼ਾ ਦਾ ਅਜੋਕੀ ਪੰਜਾਬੀ ਨਾਲੋਂ ਇਕ ਵਿਸ਼ੇਸ਼ ਮਹਤਾ ਵਾਲਾ ਫਰਕ ਨਾਸਿਕੀ ਸੂਰਾਂ ਦੀ ਵਰਤੋਂ ਬਾਰੇ ਹੈ। ਆਧੁਨਿਕ ਪੰਜਾਬੀ ਦੇ ਕਈ ਅੰਤਿਮ ਨਾਸਿਕੀ ਸੂਰਾਂ ਵਾਲੇ ਸ਼ਬਦ ਗੁਰੂ ਸਾਹਿਬ ਦੀ ਬਾਣੀ ਵਿਚ ਨਾਕਿਸਕਤਾ ਰਹਿਤ ਹਨ :

**ਸਰਮੈ ਦੀਆ ਮੁੰਦਾ ਕੰਨੀ ਪਾਇ ਜੋਗੀ ਖਿੰਥਾ ਕਰਿ ਤੂ ਦਇਆ।**

(ਰਾਮਕਲੀ; 908)

**ਭੁਖਾ ਸਭਿ ਗਵਾਈਆ।**

(ਰਾਮਕਲੀ, 917)

**.....ਇਛਾ ਸਭਿ ਪੁਜਾਈਆ**

**ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ**

(-917)

ਇਹਨਾਂ ਤੁਕਾਂ ਵਿਚ ਆਏ ਇਸਤਰੀ ਲਿੰਗ ਨਾਵਾਂ ਦੇ ਬਹੁਵਚਨ ਰੂਪ-ਮੁਦਾ, ਭੁਖਾ, ਗਲਾ, ਇਛਾ, ਵਾਧਾਈਆ, ਪਰੀਆ ਦਾ ਅੰਤਿਮ ਆ (ਕੰਨਾ) ਨਾਸਿਕਤਾ ਰਹਿਤ ਹੈ, ਜਦੋਂ ਕਿ ਇਹਨਾਂ ਦਾ ਅਜੋਕਾ ਰੂਪ ਨਾਸਿਕੀ ਅਥਵਾ 'ਮੁੰਦਾਂ, ਭੁੱਖਾਂ, ਗੱਲਾਂ, ਇੱਛਾਂ, ਵਾਧਾਈਆਂ, ਪਰੀਆਂ' ਹੈ। ਇਸਤਰੀ ਲਿੰਗ, ਬਹੁਵਚਨ ਦੇ ਕਿਰਿਆ-ਰੂਪ-'ਗਵਾਈਆ, ਆਈਆ, ਪੁਜਾਈਆ' ਵੀ ਏਥੇ ਨਾਸਿਕਤਾ ਰਹਿਤ ਹਨ। ਅੱਜ ਕੱਲ ਇਹ ਰੂਪ ਨਾਸਿਕੀ ਅਰਥਾਤ, 'ਗਵਾਈਆਂ, ਆਈਆਂ, ਪੁਜਾਈਆਂ' ਹੋ ਗਏ ਹਨ।

ਕੁਝ ਹੋਰ ਉਦਾਹਰਣ ਵੇਖੇ ਜਾਣ :

**ਅਭਿਮਾਨ ਨ ਵਿਚਹੁ ਜਾਇ**

(ਰਾਮਕਲੀ, 908)

**ਸਚੇ ਸਿਉ ਲਿਵ ਲਾਈ**

(ਰਾਮਕਲੀ, 909)

---

* ਕਿਰਿਆ 'ਆ' ਤੋਂ ਬਣਨ ਵਾਲੇ ਰੂਪ, ਅਤੇ ਕੁਝ ਅਜਿਹੇ ਸ਼ਬਦ ਜੋ ਸਿਰਫ਼ ਸੂਰਾਂ ਨਾਲ ਹੀ ਬਣਦੇ ਹਨ, ਇਸ ਨਿਯਮ ਦੇ ਅਧੀਨ ਨਹੀਂ ਆਉਂਦੇ।



Digitized by Panjab Digital Library | www.panjabdigilib.org

ਹਉ ਗੁਰ ਸਾਲਾਹੀ ਆਪਣਾ

(ਰਾਮਕਲੀ, 910)

ਤਿਸ ਕਿਆ ਗੁਣਾ ਕਾ ਅੰਤੁ ਨ ਪਾਇਆ

(ਰਾਮਕਲੀ, 911)

ਆਪਣਿਆ ਭਗਤਾ ਨ ਆਪੇ ਤੁਠਾ

(ਰਾਮਕਲੀ, 911)

ਮਨਿ ਵਜੀਆ ਵਾਧਾਈਆ

(ਰਾਮਕਲੀ, 917)

ਸਭਨਾ ਗਲਾ ਸਮਰਥੁ ਸੁਆਮੀ

(ਰਾਮਕਲੀ, 917)

ਇਹਨਾਂ ਪੰਕਤਿਆਂ ਵਿਚ ਪੁਲਿਗ ਨਾਵਾਂ ਦਾ ਬਹੁਵਚਨ ਰੂਪ ਏਥੇ 'ਗੁਣਾ', 'ਭਗਤਾ' ਹੈ, ਅਤੇ ਇਹਨਾਂ ਦਾ ਅੰਤਿਮ-ਆ ਨਾਸਿਕੀ ਨਹੀਂ, ਪਰ ਹੁਣ ਇਹ ਨਾਸਿਕੀ ਹੋ ਗਿਆ ਹੈ, ਅਤੇ ਉਪਰੋਕਤ ਬਹੁ-ਬਚਨ ਰੂਪਾਂ ਦਾ ਅਜੋਕਾ ਉਚਾਰਨ 'ਗੁਣਾਂ' 'ਭਗਤਾਂ' ਹੈ। ਉਤੇ ਆਏ ਸੰਬੰਧਕ 'ਸਿਉ' 'ਕਿਆ', 'ਨੋ', ਅਤੇ ਕਿਰਿਆ ਵਿਸ਼ੇਸ਼ਣ 'ਵਿਚਹੁ' 'ਕਿਉ' ਦਾ ਅੰਤਮ ਸੁਰ ਇਥੇ ਨਾਸਿਕੀ ਨਹੀਂ, ਪਰ ਅੱਜ-ਕੱਲ੍ਹ ਦੇ ਉਚਾਰਣ ਵਿਚ ਨਾਸਿਕੀ (ਸਿਉਂ, ਕਿਆਂ, ਨੂੰ; ਵਿਚੋਂ, ਕਿਉਂ) ਹੈ। ਵਿਸ਼ੇਸ਼ਣਾਂ- 'ਆਪਣਾ', 'ਸਭਨਾ', 'ਆਪਣਿਆ' ਦੀ ਵੀ ਏਹੋ ਸਥਿਤੀ ਹੈ—ਅੱਜ ਇਹਨਾਂ ਦਾ ਅੰਤਿਮ -ਆ ਨਾਸਿਕੀ ਹੋ ਚੁੱਕਾ ਹੈ।

ਨਾਸਿਕਤਾ ਦਾ ਇਹ ਅੰਤਰ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਏਵੇਂ ਹੀ ਹੈ। ਇਹ ਅਨੁਮਾਨ ਲਾਉਣਾ ਉਚਿਤ ਨਹੀਂ ਕਿ ਗੁਰਬਾਣੀ ਵਿਚ ਭਾਵੇਂ ਇਹਨਾਂ ਸ਼ਬਦਾਂ ਦੇ ਅੰਤਿਮ ਸੁਰ ਨੂੰ ਬਿੰਦੀ ਨਹੀਂ ਲੱਗੀ, ਪਰ ਇਹਨਾਂ ਦਾ ਉਚਾਰਣ ਨਾਸਿਕੀ ਹੀ ਹੈ। ਅਸਲੀਅਤ ਇਹ ਹੈ ਕਿ ਇਹਨਾਂ ਸਾਰਿਆਂ ਸ਼ਬਦਾਂ ਦੇ ਪੁਰਾਣੇ ਉਚਾਰਣ ਵਿਚ ਨਾਸਿਕਤਾ ਮੌਜੂਦ ਹੀ ਨਹੀਂ ਸੀ।

ਪ੍ਰਾਕ੍ਰਿਤ ਦੇ ਸਾਵੇਂ ਰੂਪਾਂ ਨਾਲ ਟਾਕਰਾ ਕੀਤਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ। ਪ੍ਰਾਕ੍ਰਿਤ ਵਿਚ ਇਹਨਾਂ ਰੂਪਾਂ ਦਾ ਅੰਤਿਮ ਸੁਰ ਨਾਸਿਕੀ ਨਹੀਂ ਸੀ। ਪੁਰਾਣੀ ਪੰਜਾਬੀ ਵਿਚ ਅਜੇ ਪ੍ਰਾਕ੍ਰਿਤ ਵਾਲੇ ਕਾਫ਼ੀ ਰੂਪ ਟਿਕੇ ਹੋਏ ਸਨ, ਜਿਨ੍ਹਾਂ ਵਿੱਚ ਉੱਤੇ ਦਿੱਤੇ ਕੁਝ ਵਿਆਕਰਨਿਕ ਰੂਪ ਵੀ ਸ਼ਾਮਲ ਹਨ। ਪਿਛਲੇ ਦੋ, ਢਾਈ ਸੌ ਸਾਲਾਂ ਵਿਚ ਪੰਜਾਬੀ ਉਚਾਰਣ ਵਿਚ ਨਾਸਿਕਤਾ ਵਧਦੀ ਆਈ ਹੈ ਅਤੇ ਅੱਜ ਵੀ ਵਧ ਰਹੀ ਹੈ। ਗੁਰਬਾਣੀ ਵਾਲੇ ਰੂਪ ਜਿਵੇਂ ਸ੍ਰੀ ਗੁਰੂ ਗ੍ਰੰਥ ਵਿਚ ਲਿਖੇ ਮਿਲਦੇ ਹਨ, ਓਵੇਂ ਹੀ ਉਚਾਰੇ ਜਾਂਦੇ ਸਨ।

## 4. ਵਿਆਕਰਨਿਕ ਪੱਖ

4.-1. ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਕਈ ਵਿਆਕਰਨਿਕ ਅਸ਼ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਵਾਲੇ ਹਨ ਪਰ ਵਧੇਰੇ ਅੰਸ਼, ਅਜੋਕੀ ਪੰਜਾਬੀ ਵਾਲੇ ਮਿਲਦੇ ਹਨ।



Digitized by Panjab Digital Library | www.panjabdigilib.org

ਵਿਆਕਰਨਿਕ ਪੱਖ ਦੀ ਪੜਚੋਲ ਕਰਨ ਲਈ ਵੱਖ-ਵੱਖ ਸ਼ਬਦ ਸ਼੍ਰੇਣੀਆਂ ਬਾਰੇ ਵਿਚਾਰ ਕਰਨੀ ਉਚਿਤ ਰਹੇਗੀ । ਅਗਲੇ ਪੈਰਾਗ੍ਰਾਫਾਂ ਵਿੱਚ ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ ਆਦਿ ਸਬੰਧੀ ਪੜਚੋਲ ਕੀਤੀ ਗਈ ਹੈ ।

4.1. ਨਾਂਵ

4-1-1. ਅਜੋਕੀ ਪੰਜਾਬੀ ਵਿਚ ਪੁਲਿੰਗ ਨਾਵਾਂ ਤੇ ਇਸਤਰੀ ਲਿੰਗ ਨਾਵਾਂ ਦੀਆਂ ਦੋ-ਦੋ ਸ਼੍ਰੇਣੀਆਂ ਹਨ । ਪੁਲਿੰਗ ਨਾਵਾਂ ਦੀ ਪਹਿਲੀ ਸ਼੍ਰੇਣੀ ਉਹ ਹੈ ਜਿਸ ਦੇ ਇਕ ਵਚਨ ਰੂਪ ਦੇ ਅੰਤ ਵਿਚ-ਆ ( ਾ) ਆਉਂਦਾ ਹੈ : ਮੁੰਡਾ, ਕੋਠਾ, ਕਪੜਾ ਆਦਿ । ਇਹਨਾਂ ਨਾਵਾਂ ਦਾ ਬਹੁਵਚਨ ਅੰਤਿਮ—ਆ ਦੀ ਥਾਂ—ਏ ਲਾਇਆਂ ਬਣਦਾ ਹੈ : ਮੁੰਡੇ, ਕੋਠੇ, ਕਪੜੇ ਆਦਿ । ਬਾਕੀ ਹਰ ਪ੍ਰਕਾਰ ਦੇ ਪੁਲਿੰਗ ਨਾਂਵ ਦੂਜੀ ਸ਼੍ਰੇਣੀ ਵਿਚ ਆਉਂਦੇ ਹਨ : ਹੱਥ, ਕੰਨ, ਕੰਮ ਪਾਣੀ, ਸਾਥੀ, ਡੱਡੂ, ਭੇਡੂ, ਖਿੱਦੋ ਆਦਿ । ਇਸ ਸ਼੍ਰੇਣੀ ਦੇ ਨਾਵਾਂ ਦੇ ਇਕ ਵਚਨ ਤੇ ਬਹੁਵਚਨ ਦਾ ਰੂਪ ਇੱਕੋ ਹੀ ਹੁੰਦਾ ਹੈ । ਪਰ ਜੇ ਪਿੱਛੋਂ ਕੋਈ ਸੰਬੰਧਕ ਆਵੇ ਤਾਂ ਬਹੁ ਵਚਨ ਬਣਾਉਣ ਲਈ—ਆਂ ਪਿਛੇਤਰ ਲਾਇਆ ਜਾਂਦਾ ਹੈ : 'ਹੱਥਾਂ ਨਾਲ 'ਕੰਨਾਂ ਵਿਚ', 'ਸਾਥੀਆਂ ਦਾ', 'ਭੇਡੂਆਂ ਨੂੰ' ਆਦਿ । ਇਸਤਰੀ ਲਿੰਗ ਨਾਵਾਂ ਦੀ ਪਹਿਲੀ ਸ਼੍ਰੇਣੀ ਉਹ ਹੈ ਜਿਸ ਦੇ ਇਕ ਵਚਨ ਰੂਪ ਨਾਲ ਪਿਛੇਤਰ—ਈ ਆਉਂਦਾ ਹੈ : ਕੁੜੀ, ਗਡੀ, ਸੋਟੀ, ਕਹਾਣੀ ਆਦਿ । ਬਾਕੀ ਸਾਰੇ ਨਾਂਵ ਦੂਜੀ ਸ਼੍ਰੇਣੀ ਵਿਚ ਆਉਂਦੇ ਹਨ : ਅੱਖ, ਲੱਤ, ਗੱਲ, ਲੋ, ਕਨਸੋ । ਦੋਹਾਂ ਸ਼ਰੇਣੀਆਂ ਦੇ ਨਾਵਾਂ ਦਾ ਬਹੁ ਵਚਨ ਪਿਛੇਤਰ—ਆਂ ਲਾ ਕੇ ਬਣਦਾ ਹੈ : ਕੁੜੀਆਂ, ਕਹਾਣੀਆਂ, ਅੱਖਾਂ, ਗੱਲਾਂ ਕਨਸੋਆਂ ਆਦਿ । ਦੋਹਾਂ ਸ਼੍ਰੇਣੀਆਂ ਵਿਚ ਫਰਕ ਸਿਰਫ਼ ਇਹ ਹੈ ਕਿ ਪਹਿਲੀ ਸ਼੍ਰੇਣੀ ਵਿਚ ਇਸਤਰੀ ਲਿੰਗ ਦਾ ਚਿੰਨ੍ਹ—ਈ ਪਿਛੇਤਰ ਵਜੋਂ ਆਉਂਦਾ ਹੈ, ਦੂਜੀ ਸ਼੍ਰੇਣੀ ਦੇ ਰੂਪ ਤੋਂ ਲਿੰਗ ਦਾ ਕੋਈ ਸੰਕੇਤ ਨਹੀਂ ਮਿਲਦਾ । ਦੂਜੀ ਸ਼੍ਰੇਣੀ ਵਿਚ ਥੋੜੇ ਜਿਹੇ ਨਾਂਵ—ਆ/—ਆਂ—ਅੰਤਿਕ ਵੀ ਆਉਂਦੇ ਹਨ । ਇਹਨਾਂ ਦਾ ਬਹੁ ਵਚਨ—ਵਾਂ ਲਾ ਕੇ ਬਦਦਾ ਹੈ : ਵਾ ਤੋਂ ਵਾਵਾਂ, ਗਾਂ ਤੋਂ ਗਾਵਾਂ, ਛਾਂ ਤੋਂ ਛਾਵਾਂ ।

ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਨਾਵਾਂ ਦੀਆਂ ਇਹ ਸਾਰੀਆਂ ਸ਼੍ਰੇਣੀਆਂ ਮਿਲਦੀਆਂ ਹਨ, ਪਰ ਉਹਨਾਂ ਨੂੰ ਲੱਗਣ ਵਾਲੇ ਪਿਛੇਤਰਾਂ ਵਿਚ ਕੁਝ ਫਰਕ ਹੈ । —ਆ—ਅੰਤਿਕ ਪੁਲਿੰਗ ਨਾਂਵ ਕਾਫ਼ੀ ਮਿਲਦੇ ਹਨ—ਦੀਵਾ, ਬੋਲਾ, ਭਾਣਾ, ਲਾਲਾ, ਦਾਤਾ ਆਦਿ । ਇਹਨਾਂ ਦਾ ਬਹੁ ਵਚਨ ਵੀ ਆਧੁਨਿਕ ਪੰਜਾਬੀ ਵਾਂਗ—ਆ ਦੀ ਥਾਂ —ਏ ( ੇ ) ਲਾ ਕੇ ਬਣਦਾ ਹੈ— ਬੋਲੇ, ਦਾਤੇ, ਲਾਲੇ ਆਦਿ । ਪਰ ਦੂਜੀ ਸ਼੍ਰੇਣੀ ਦੀ ਵਰਤੋਂ ਦੇ ਨਿਯਮਾਂ ਵਿਚ ਚੋਖਾ ਫਰਕ ਹੈ । ਉਹਨਾਂ ਦੇ ਸੰਬੰਧਕੀ ਰੂਪ ਦਾ ਬਹੁ ਵਚਨ—ਆਂ ਨਹੀਂ ਸਗੋਂ—ਆ ਲਾ ਕੇ ਬਣਦਾ ਹੈ :

**ਤਿਸ ਕਿਆ ਗੁਣਾ ਕਾ ਅੰਤੁ ਨ ਪਾਇਆ ।**

(ਰਾਮਕਲੀ, 911)



Digitized by Panjab Digital Library | www.panjabdigilib.org

**ਆਪਣਿਆ ਭਗਤਾ ਨੋ ਆਪੇ ਤੁਠਾ ।**

(ਰਾਮਕਲੀ, 911)

ਏਥੇ 'ਗੁਣ' ਦਾ ਬਹੁ ਵਚਨ 'ਗੁਣਾ' ਆਇਆ ਹੈ, ਅਤੇ 'ਭਗਤ ਦਾ 'ਭਗਤਾ '।

4–2–2. ਇਸ ਸ਼੍ਰੇਣੀ ਦੇ ਵਿਅੰਜਨ--ਅੰਤਿਕ ਨਾਵਾਂ ਨੂੰ ਕਈ ਹੋਰ ਅਜਿਹੇ ਕਾਰਕੀ ਪਿਛੇਤਰ ਲਗਦੇ ਹਨ, ਜੋ ਅੱਜ ਪੰਜਾਬੀ ਵਿਚ ਕਾਇਮ ਨਹੀਂ ਰਹੇ । ਅਜਿਹੇ ਪਿਛੇਤਰਾਂ ਦਾ ਕੁਝ ਵੇਰਵਾ ਪਿਛੇ ਭਾਸ਼ਾ ਦਾ ਸੰਜੋਗਾਤਮਿਕ ਰੂਪ ਵਿਚਾਰਦਿਆਂ ਦਿੱਤਾ ਗਿਆ ਹੈ । ਕਰਤਾ ਤੇ ਕਰਮ ਕਾਰਕ ਲਈ ਇਕ ਵਚਨ ਵਿਚ ਪਿਛੇਤਰ —ੁ (ਔਂਕੜ) ਲੱਗਦਾ ਹੈ !

**ਜਮਕਾਲੁ ਤਿਸੁ ਨੇੜਿ ਨ ਆਵ ।**

(ਆਸਾ, 361)

**ਹੁਕਮੁ ਬੁਝੈ ਸੋ ਜੋਗੀ ਕਹੀਐ ।**

(ਰਾਮਕਲੀ, 908)

ਏਥੇ 'ਜਮਕਾਲੁ' ਇਕ ਵਚਨ, ਪੁਲਿੰਗ, ਕਰਤਾ ਕਾਰਕ ਹੈ, ਅਤੇ 'ਹੁਕਮੁ' ਕਰਮ ਕਾਰਕ। ਦੋਹਾਂ ਦੇ ਅੰਤ ਵਿਚ—ੁ (ਔਂਕੜ) ਆਇਆ ਹੈ ।

ਕਰਣ ਕਾਰਕ ਅਤੇ ਅਧਿਕਰਣ ਕਾਰਕ ਲਈ ਇਸ ਸ਼੍ਰੇਣੀ ਦੇ ਇਕ ਵਚਨ ਨਾਵਾਂ ਨੂੰ ਪਿਛੇਤਰ -ਿ (ਸਿਹਾਰੀ) ਲੱਗਦੀ ਹੈ :—

**ਸਬਦਿ ਮੁਆ ਵਿਚਹੁ ਆਪੁ ਗਵਾਇ ।**

(ਆਸਾ, 361)

**ਮਨਿ ਵਜੀਆ ਵਾਧਾਈਆ ।**

(ਰਾਮਕਲੀ, 917)

'ਸਬਦਿ' ਕਰਣ ਕਾਰਕ ਵਿਚ ਹੈ, ਅਤੇ 'ਮਨਿ' ਅਧਿਕਰਣ ਕਾਰਕ ਵਿਚ; ਦੋਹਾਂ ਨਾਲ ਪਿਛੇਤਰ —ਿ ਆਇਆ ਹੈ ।

ਇਸ ਸ਼੍ਰੇਣੀ ਦੇ ਨਾਵਾਂ ਨਾਲ ਹੋਰ ਵੀ ਕਈ ਕਾਰਕੀ ਪਿਛੇਤਰ ਆਉਂਦੇ ਹਨ, ਜੋ ਅੱਜ ਪੰਜਾਬੀ ਵਿੱਚੋਂ ਖ਼ਤਮ ਹੋ ਚੁੱਕੇ ਹਨ । ਇਹਨਾਂ ਦਾ ਪੂਰਾ ਵੇਰਵਾ ਦੇਣ ਦੀ ਏਥੇ ਗੁੰਜਾਇਸ਼ ਨਹੀਂ ।

4–2–3. ਇਸਤਰੀ ਲਿੰਗ ਨਾਵਾਂ ਦਾ ਬਹੁਵਚਨ ਬਣਾਉਣ ਲਈ—ਆਂ ਦੀ ਥਾਂ ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ, ਪਿਛੇਤਰ—ਆ ਲੱਗਦਾ ਹੈ । ਉਤੇ ਤੁਕ ਆਈ ਹੈ:



Digitized by Panjab Digital Library | www.panjabdigilib.org

'ਮਨਿ ਵਜੀਆ ਵਾਧਾਈਆ' । ਏਥੇ 'ਵਾਧਾਈ' ਦਾ ਬਹੁਵਚਨ 'ਵਾਧਾਈਆ' ਆਇਆ ਹੈ; ਅੱਜ-ਕੱਲ੍ਹ ਦੇ ਨਿਯਮਾਂ ਅਨੁਸਾਰ ਇਹ 'ਵਾਧਾਈਆਂ' ਬਣਨਾ ਸੀ । ਏਵੇਂ ਹੀ 'ਅਗਵੁਣ ਮੁੱਠੇ ਚੋਟਾ ਖਾਹੀ' (ਆਸਾ, 361) ਵਿਚ 'ਚੋਟ' ਦਾ ਬਹੁਵਚਨ 'ਚੋਟਾ' ਹੈ ।

—ਆ—ਅੰਤਿਕ ਇਸਤਰੀ ਲਿੰਗ ਨਾਵਾਂ ਦੇ ਪੂਰੇ ਅਧਿਐਨ ਲਈ ਉਚਿਤ ਉਦਾਹਰਣ ਗੁਰੂ ਅਮਰਦਾਸ ਜੀ ਦੀ ਬਾਣੀ ਵਿਚੋਂ ਨਹੀਂ ਲੱਭੇ । ਅਨੰਦ ਸਾਹਿਬ ਦੀ ਤੁਕ—'ਇਛਾ ਸਭਿ ਪੁਜਾਈਆ' ਵਿਚ 'ਇਛਾ' ਦਾ ਬਹੁਵਚਨ ਵੀ 'ਇਛਾ' ਹੀ ਮਿਲਦਾ ਹੈ । ਏਵੇਂ ਹੀ 'ਤੇਰੀਆ ਖਾਣੀ ਤੇਰੀਆ ਬਾਣੀ' (ਮਾਝ, 116) ਵਿਚ 'ਖਾਣੀ' ਤੇ 'ਬਾਣੀ' ਬਹੁਵਚਨ ਵਜੋਂ ਵਰਤੇ ਹਨ ।

ਵਿਅੰਜਨ—ਅੰਤਿਕ ਇਸਤਰੀ ਲਿੰਗ ਨਾਵਾਂ ਦਾ ਬਹੁਵਚਨ ਕਈ ਥਾਈਂ—ਈ (ਬਿਹਾਰੀ) ਲਾ ਕੇ ਵੀ ਬਣਾਇਆ ਹੈ, ਜਿਵੇਂ 'ਅੱਖ ਤੋਂ 'ਅਖੀ' , 'ਗਲ ਤੋਂ 'ਗਲੀ' ਆਦਿ । ਬਹੁ ਵਚਨ ਦਾ ਇਹ ਰੂਪ ਲਹਿੰਦੀ ਵਿਚ ਅੱਜ ਵੀ ਪ੍ਰਚਲਿਤ ਹੈ ।

4-2-4. ਨਾਂਵ ਨਾਲ ਲੱਗਣ ਵਾਲੇ ਕਾਰਕੀ ਪਿਛੇਤਰਾਂ ਦਾ ਵਿਸਤਰਿਤ ਵਿਵਰਣ ਦੇਣਾ ਤਾਂ ਏਥੇ ਸੰਭਵ ਨਹੀਂ, ਪਰ ਕੁਝ ਇਕ ਕਾਰਕੀ ਰੂਪ ਖਾਸ ਕਰਕੇ ਵਰਨਣ ਯੋਗ ਹਨ । ਪਿੱਛੇ ਦੱਸਿਆ ਗਿਆ ਹੈ ਕਿ ਵਿਅੰਜਨ-ਅੰਤਿਕ ਨਾਵਾਂ ਦਾ ਕਰਤਾ ਕਾਰਕ ਦਾ ਪਿਛੇਤਰ—ਉ (ਔਂਕੜ) ਹੈ । ਪਰ ਕਈ ਥਾਈਂ—ਇ (ਸਿਹਾਰੀ)—ਅੰਤਿਕ ਨਾਂਵ ਵੀ ਕਰਤਾ ਕਾਰਕ ਵਰਗੇ ਜਾਪਦੇ ਹਨ :

**ਸਚੈ ਭਾਇ ਪਿਆਰੀ ਕੰਤਿ ਸਵਾਰੀ ਹਰਿ ਸਿਉ ਨੇਹੁ ਰਚਾਇਆ ।**

(ਵਡਹੰਸ, 567)

ਇਸ ਤੁਕ ਵਿਚ 'ਕੰਤਿ' ਕਰਤਾ-ਕਾਰਕ ਵਾਲਾ ਨਾਂਵ ਜਾਪਦਾ ਹੈ, ਪਰ ਇਸ ਨਾਲ—ਇ ਪਿਛੇਤਰ ਲੱਗਾ ਹੈ । ਇਸ ਰੂਪ ਵਾਲੇ ਨਾਂਵ ਗੁਰਬਾਣੀ ਵਿਚ ਆਮ ਆਉਂਦੇ ਹਨ । ਪਰ ਇਸ ਸ਼੍ਰੇਣੀ ਦੇ ਉਦਾਹਰਣ ਇਕੱਤਰ ਕਰਨ ਨਾਲ ਪਤਾ ਲਗਦਾ ਹੈ ਕਿ ਇਹ ਪਿਛੇਤਰ ਵਿਸ਼ੇਸ਼ ਸਥਿਤੀ ਵਿਚ ਲਗਦਾ ਹੈ । ਉਹ ਸਥਿਤਿ ਕੀ ਹੈ ?—ਜਦੋਂ ਸਕਰਮਕ ਕਿਰਿਆ ਦਾ ਭੂਤ-ਕ੍ਰਿਦੰਤ ਵਰਤਿਆ ਗਿਆ ਹੋਵੇ, ਉਦੋਂ ਕਰਤਾ ਨੂੰ ਪਿਛੇਤਰ—ਇ (ਸਿਹਾਰੀ) ਲੱਗਦੀ ਹੈ । ਇਸ ਦੇ ਨਾਲ ਹੀ ਇਕ ਹੋਰ ਵਿਸ਼ੇਸ਼ਤਾ ਅਜਿਹੇ ਵਾਕਾਂ ਦੀ ਇਹ ਹੈ ਕਿ ਕਿਰਿਆ ਦਾ ਲਿੰਗ ਵਚਨ ਕਰਮ ਅਨੁਸਾਰ ਹੁੰਦਾ ਹੈ, ਕਰਤਾ ਅਨੁਸਾਰ ਨਹੀਂ । ਉਪਰੋਕਤ ਤੁਕ ਵਿਚ ਕਿਰਿਆ 'ਸਵਾਰੀ ' ਦਾ ਲਿਗ-ਵਚਨ 'ਕੰਤ' ਅਨੁਸਾਰ ਨਹੀਂ ਸਗੋਂ ਕਰਮ, ਨਾਰ ਅਨੁਸਾਰ ਹੈ (ਜੋ ਇਸ ਤੋਂ ਪਹਿਲੀ ਤੁਕ ਵਿਚ ਆਈ ਹੈ ) ਹੋਰ ਉਦਾਹਰਣ ਵੇਖਿਆ ਜਾਵੇ :

**ਨਾਨਕ ਸਾਧਨ ਮੇਲਿ ਲਈ ਪਿਰਿ,**
**ਆਪੇ ਸਾਚੈ ਸਾਹਿ ਸਵਾਰੀ ।**

(ਵਡਹੰਸ, 567)



Digitized by Panjab Digital Library | www.panjabdigilib.org

ਇਸ ਤੁਕ ਦੇ ਪਹਿਲੇ ਹਿੱਸੇ ਵਿਚ ਕਰਤਾ 'ਪਿਰਿ', ਕਰਮ 'ਸਾਧਨ' ਅਤੇ ਕਿਰਿਆ 'ਮੇਲਿ ਲਈ' ਹੈ। 'ਲਈ' ਕਰਮ 'ਸਾਧਨ' ਅਨੁਸਾਰ ਹੈ, ਕਰਤਾ 'ਪਿਰਿ' ਨਾਲ ਪਿਛੇਤਰ —ਇ ਲੱਗਾ ਹੈ। ਤੁੱਕ ਦੇ ਦੂਜੇ ਹਿੱਸੇ ਵਿਚ 'ਸਾਚੇ ਸਾਹਿ' (ਕਰਤਾ) ਫੇਰ—ਇ—ਅੰਤਿਕ ਹੈ, ਅਤੇ ਕਿਰਿਆ 'ਸਵਾਰੀ' ਕਰਮ 'ਸਾਧਨ' ਅਨੁਸਾਰ ਹੈ। ਦੋਹਾਂ ਹਾਲਤਾਂ ਵਿਚ ਸਕਰਮਕ ਕਿਰਿਆ ਦਾ ਭੂਤ-ਕ੍ਰਿਦੰਤ ਵਰਤਿਆ ਗਿਆ ਹੈ।

ਇਹਨਾਂ ਉਦਾਹਰਣਾਂ ਨੂੰ ਵੇਖਿਆਂ ਸਪਸ਼ਟ ਹੋ ਜਾਂਦਾ ਹੈ ਕਿ ਵਾਕ ਰਚਨਾ ਕਰਮਣੀ ਰੂਪ (Passive Voice) ਵਾਲੀ ਹੈ, ਇਸ ਲਈ ਜਿਸ ਨਾਂਵ ਨੂੰ ਅਸੀਂ ਅਰਥਾਂ ਦੇ ਪੱਖ ਤੋਂ ਕਰਤਾ ਸਮਝਦੇ ਹਾਂ, ਵਿਆਕਰਣ ਦੇ ਪੱਖ ਤੋਂ ਉਹ ਕਰਣ ਕਾਰਕ ਵਾਲਾ ਰੂਪ ਹੈ। ਪਹਿਲੀ ਤੁਕ ਵਿਚ 'ਕੰਤਿ' ਦੇ ਅਰਥ ਹਨ 'ਕੰਤ ਦੁਆਰਾ, (ਸਵਾਰੀ ਗਈ )। ਏਵੇਂ ਹੀ ਦੂਜੀ ਤੁਕ ਵਿਚ ਆਏ 'ਪਿਰਿ, ਦਾ ਭਾਵ 'ਪਿਰ (ਪਤੀ) ਦੁਆਰਾ, ਹੈ, ਤੇ 'ਸਾਚੇ ਸਾਹਿ' ਦਾ ਅਰਥ ਹੈ 'ਸਾਚੇ ਸਾਹ ਦੁਆਰਾ'।

ਅਜੋਕੀ ਪੰਜਾਬੀ ਵਿਚ ਵੀ ਅਜਿਹੇ ਕਰਮਣੀ ਬਣਤਰ ਵਾਲੇ ਵਾਕ ਆਮ ਬੋਲੇ ਜਾਂਦੇ ਹਨ। 'ਮੁੰਡੇ ਨੇ ਕਿਤਾਬ ਪੜ੍ਹੀ,' 'ਕੁੜੀ ਨੇ ਪੱਤਰ ਲਿਖਿਆ' ਦੋਹਾਂ ਵਾਕਾਂ ਵਿਚ ਸਕਰਮਕ ਕਿਰਿਆ ਦਾ ਭੂਤ-ਕ੍ਰਿਦੰਤ ਵਰਤਿਆ ਗਿਆ ਹੈ, ਅਤੇ ਕਿਰਿਆ ਦਾ ਲਿੰਗ-ਵਚਨ ਕਰਮ ਅਨੁਸਾਰ ਹੈ। ਸੰਬੰਧਕ 'ਨੇ' ਜੋ ਇਹਨਾਂ ਵਾਕਾਂ ਵਿਚ ਆਇਆ ਹੈ, ਪੁਰਾਣੀ ਪੰਜਾਬੀ ਵਿਚ ਮੌਜੂਦ ਨਹੀਂ ਸੀ। ਇਸ 'ਨੇ' ਦੇ ਠੀਕ ਅਰਥ 'ਦੁਆਰਾ', 'ਰਾਹੀਂ' (ਅੰਗਰੇਜ਼ੀ: By) ਹਨ। ਇੰਞ ਉਪਰੋਕਤ ਵਾਕਾਂ ਦਾ ਵਿਸ਼ਲੇਸ਼ਣ ਇੰਞ ਹੁੰਦਾ ਹੈ :

**ਮੁੰਡੇ ਦੁਆਰਾ ਕਿਤਾਬ ਪੜ੍ਹੀ ਗਈ ;**

**ਕੁੜੀ ਦੁਆਰਾ ਪੱਤਰ ਲਿਖਿਆ ਗਿਆ।**

ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਇਸ ਬਣਤਰ ਵਾਲੇ ਵਾਕ ਆਮ ਵਰਤੇ ਗਏ ਹਨ। ਫ਼ਰਕ ਇਹ ਹੈ ਕਿ ਸੰਬੰਧਕ 'ਨੇ' ਨਹੀਂ ਵਰਤਿਆ ਗਿਆ—ਇਹ ਅਜੇ ਹੋਂਦ ਵਿਚ ਹੀ ਨਹੀਂ ਸੀ ਆਇਆ, ਪਰ ਇਸ ਦੀ ਥਾਂ ਇ (ਸਿਹਾਰੀ) ਕਰਣ ਕਾਰਕ ਦੇ ਪਿਛੇਤਰ ਵਜੋਂ ਆਈ ਹੈ।

ਨਾਂਵਾਂ ਨਾਲ ਲੱਗਣ ਵਾਲਾ ਏਸੇ ਪ੍ਰਕਾਰ ਦਾ ਇਕ ਹੋਰ ਪਿਛੇਤਰ—ਐ (ਦੁਲਾਵਾਂ) ਹੈ :

**ਲਾਲੈ ਆਪਣੀ ਜਾਤਿ ਗਵਾਈ।**

(ਆਸਾ, 362)

ਵੇਖਿਆ ਜਾਵੇ ਏਥੇ ਕਿਰਿਆ 'ਗਵਾਈ' ਕਰਮ 'ਜਾਤਿ' ਅਨੁਸਾਰ ਹੈ, ਕਰਤਾ (ਲਾਲੈ ਅਨੁਸਾਰ ਨਹੀਂ। ਸਕਰਮਕ ਕਿਰਿਆ ਦਾ ਭੂਤ-ਕ੍ਰਿਦੰਤ ਹੀ ਵਰਤਿਆ ਗਿਆ ਹੈ। ਇੰਝ ਇਹ ਵੀ



Digitized by Panjab Digital Library | www.panjabdigilib.org

ਕਰਮਣੀ ਰੂਪ ਵਾਲੀ ਬਣਤਰ ਹੈ ਅਤੇ ਨਾਂਵ 'ਲਾਲੈ' ਨੂੰ ਲਗਾ ਪਿਛੇਤਰ—ਐ ਕਰਣ ਕਾਰਕ ਦਾ ਪਿਛੇਤਰ ਹੈ। ਤੁਕ ਦਾ ਭਾਵ ਹੈ : 'ਲਾਲੇ ਦੁਆਰਾ ਆਪਣੀ ਜਾਤ ਗੁਆ ਦਿੱਤੀ ਗਈ '।

ਏਥੇ ਪਿਛੇਤਰ—ਐ ਜਿਸ ਨਾਂਵ ਨੂੰ ਲੱਗਾ ਹੈ ਉਹ ਵਿਅੰਜਨ—ਅੰਤਿਕ ਨਹੀਂ ਸਗੋਂ—ਆ (ਕੰਨਾ) ਅੰਤਿਕ ਹੈ—(ਲਾਲਾ)। ਇਹ ਬਣਤਰ ਹੀ ਸਾਡੇ ਅਜੋਕੇ ਵਾਕਾਂ—'ਮੁੰਡੇ ਨੇ ਕਿਤਾਬ ਪੜ੍ਹੀ' ਦਾ ਪੁਰਾਣਾ ਰੂਪ ਹੈ। ਸੰਬੰਧਕ 'ਨੇ' ਪਿਛੋਂ ਆਇਆ ਹੈ, ਲਹਿੰਦੀ ਵਿਚ ਅੱਜ ਵੀ ਇਹ ਸੰਬੰਧਕ ਨਹੀਂ ਮਿਲਦਾ, ਉਥੇ ਇਸ ਵਾਕ ਦਾ ਰੂਪ ਹੋਵੇਗਾ; ਮੁੰਡੇ ਕਿਤਾਬ ਪੜ੍ਹੀ। ਇੰਞ ਉੱਤੇ ਆਈ ਤੁਕ ਨਾਲੋਂ ਵੱਡਾ ਫਰਕ ਸਿਰਫ ਇਹ ਹੈ ਕਿ ਕਰਣ ਕਾਰਕ ਦਾ ਪਿਛੇਤਰ—ਐ ਦੀ ਥਾਂ ਅੱਜ ਲਹਿੰਦੀ ਵਿਚ—ਏ ਹੋ ਗਿਆ ਹੈ, ਅਤੇ ਪੂਰਬੀ ਪੰਜਾਬੀ ਵਿਚ ਇਸ ਪਿਛੇਤਰ ਦੀ ਥਾਂ ਸੰਬੰਧਕ 'ਨੇ' ਵਰਤਿਆ ਜਾਂਦਾ ਹੈ।

ਇਹ ਵਿਵਰਨ ਸਿਰਫ਼ ਇਕ ਵਚਨ ਨਾਂਵਾਂ ਦਾ ਸੀ। ਬਹੁ ਵਚਨ ਵਿਅੰਜਨ-ਅੰਤਿਕ ਨਾਵਾਂ ਨੂੰ ਕਰਤਾ ਕਾਰਕ ਦਾ ਕੋਈ ਪਿਛੇਤਰ ਨਹੀਂ ਲੱਗਦਾ :

**ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ......**

(ਵਡਹੰਸ 571)

ਏਥੇ ਪੰਡਿਤ ਬਹੁ ਵਚਨ ਹੈ ਅਤੇ ਵਾਕ ਦਾ ਕਰਤਾ ਹੈ, ਇਸ ਲਈ ਕੋਈ ਪਿਛੇਤਰ ਨਹੀਂ ਲਗਾ।

ਪਰ ਕਰਮਣੀ ਬਣਤਰ ਵਿਚ ਬਹੁਵਚਨ ਨਾਵਾਂ ਨੂੰ—ਈ ਕਰਣ ਕਾਰਕ ਦੇ ਪਿਛੇਤਰ ਵਜੋਂ ਲਗਦਾ ਹੈ :

**ਜਿਨੀ ਪੁਰਖੀ ਹਰਿ ਨਾਮਿ ਚਿਤੁ ਲਾਇਆ ......**

(ਵਡਹੰਸ 585)

ਇਸ ਤੁਕ ਵਿਚ 'ਪੁਰਖੀ' ਬਹੁ ਵਚਨ ਹੈ, ਅਤੇ ਇਸਦਾ ਅਰਥ ਹੈ 'ਪੁਰਖਾਂ ਦੁਆਰਾ'। ਕਿਰਿਆ 'ਲਾਇਆ' ਕਰਮ (ਚਿਤ) ਅਨੁਸਾਰ ਹੈ।

ਏਸੇ ਪ੍ਰਕਾਰ ਦੀ ਬਣਤਰ ਵਿਚ ਕਿਤੇ-ਕਿਤੇ ਕਰਣ ਕਾਰਕ ਦਾ ਪਿਛੇਤਰ '—ਹ' ਵੀ ਲਗਦਾ ਹੈ, ਜਿਵੇਂ 'ਭਗਤਹ' (ਭਗਤਾਂ ਦੁਆਰਾ), 'ਲੋਗਹ' (ਲੋਕਾਂ ਦੁਆਰਾ) ਆਦਿ ਵਿਚ।



Digitized by Panjab Digital Library | www.panjabdigilib.org

## 4.3. ਪੜਨਾਂਵ

4-3-1. ਗੁਰਬਾਣੀ ਵਿਚ ਆਏ, ਅਤੇ ਖ਼ਾਸ ਕਰ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵਰਤੇ ਗਏ ਪੜਨਾਂਵੀਂ ਰੂਪਾਂ ਦਾ ਅਧਿਐਨ ਬੜਾ ਦਿਲਚਸਪ ਹੈ। ਪੰਜਾਬੀ ਦੇ ਵਿਸ਼ੇਸ਼ ਪੜਨਾਂਵ, 'ਅਸੀਂ, ਤੁਸੀਂ' ਅਤੇ ਇਹਨਾਂ ਤੋਂ ਬਣੇ ਹੋਰ ਰੂਪ 'ਅਸਾਂ, ਤੁਸਾਂ, ਅਸਾਡਾ, ਤੁਸਾਡਾ' ਆਦਿ ਗੁਰੂ-ਕਾਲ ਤਕ ਪੰਜਾਬੀ ਵਿਚ ਪ੍ਰਚਲਿਤ ਹੋ ਚੁੱਕੇ ਸਨ। ਗੁਰਬਾਣੀ ਵਿਚ ਇਹਨਾਂ ਦੀ ਵਰਤੋਂ ਮਿਲਦੀ ਹੈ। ਪਰ ਇਨ੍ਹਾਂ ਦੀ ਵਰਤੋਂ-ਮਾਤਰਾ ਬਹੁਤ ਥੋੜੀ ਹੈ। 'ਅਸੀ'* (ਅਜੋਕਾ ਰੂਪ 'ਅਸੀਂ') ਗੁਰੂ ਗ੍ਰੰਥ ਸਾਹਿਬ ਵਿਚ ਸਿਰਫ 8 ਵਾਰੀ ਆਇਆ ਹੈ, 'ਅਸਾ' (ਅਜੋਕਾ ਰੂਪ 'ਅਸਾਂ') 2 ਵਾਰੀ, 'ਅਸਾਹ' 3 ਵਾਰੀ, 'ਅਸਾਡਾ/ਅਸਾੜਾ/ਅਸਾੜੇ/ਅਸਾਡੜਾ' ਆਦਿ 10 ਵਾਰੀ। 'ਤੁਸੀ, (ਅਜੋਕਾ ਰੂਪ 'ਤੁਸੀਂ') ਗੁਰੂ ਗ੍ਰੰਥ ਸਾਹਿਬ ਵਿਚ 8 ਵਾਰ ਆਇਆ ਹੈ, ਤੁਸਾਂ (ਹੁਣ 'ਤੁਸਾ') ਸਿਰਫ ਇਕ ਵਾਰ ਅਤੇ 'ਤੁਸਾੜੀਆ' ਵੀ ਇਕ ਵਾਰ। ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਸਿਰਫ਼ ਇਕ ਥਾਂ ·ਤੇ ਸ਼ਬਦ 'ਅਸੀ' ਆਇਆ ਹੈ—'ਅਸੀ ਖਤੇ ਬਹੁਤ ਕਮਾਵਦੇ ਅੰਤੁ ਨ ਪਾਰਾਵਾਰੁ '(ਸਲੋਕ, 1416), ਇਸ ਪੜਨਾਂਵ ਦਾ ਹੋਰ ਕੋਈ ਰੂਪ ਨਹੀਂ ਵਰਤਿਆ ਮਿਲਦਾ। 'ਤੁਸੀਂ' ਜਾਂ ਇਸ ਦਾ ਕੋਈ ਵਿਆਕਰਨਿਕ ਰੂਪ ਆਪ ਦੀ ਬਾਣੀ ਵਿਚ ਨਹੀਂ ਮਿਲਦਾ। ਇਸ ਦੇ ਮੁਕਾਬਲੇ ਵਿਚ 'ਹਮ', 'ਤੁਮ' ਅਤੇ ਇਹਨਾਂ ਦੇ ਵਿਆਕਰਨਿਕ ਰੂਪਾਂ 'ਹਮਾਰਾ', 'ਤੁਮਾਰਾ', 'ਹਮਰਾ', 'ਤੁਮਰਾ' ਆਦਿ ਦੀ ਵਰਤੋਂ ਗੁਰਬਾਣੀ ਵਿਚ ਬਹੁਤ ਜ਼ਿਆਦਾ ਹੈ, ਅਤੇ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵੀ ਚੋਖੀ ਹੈ।

ਇਸ ਦਾ ਇਕ ਕਾਰਣ ਤਾਂ ਇਹ ਹੈ ਕਿ ਗੁਰਬਾਣੀ ਦਾ ਬਹੁਤ ਵੱਡਾ ਹਿੱਸਾ ਸਾਧ-ਭਾਸ਼ਾ ਵਿਚ ਹੈ, ਜਿਸ ਵਿਚ ਹਮ, ਤੁਮ ਆਦਿ ਪੜਨਾਂਵਾਂ ਦਾ ਹੋਣਾ ਸੁਭਾਵਿਕ ਹੀ ਸੀ। ਨਾਲ ਹੀ ਇਹ ਵੀ ਜਾਪਦਾ ਹੈ ਕਿ 'ਅਸੀਂ, ਤੁਸੀਂ' ਦੀ ਵਰਤੋਂ ਪੰਜਾਬ ਦੇ ਪੂਰਬੀ ਹਿੱਸੇ ਵਿਚ ਕੁਝ ਮਗਰੋਂ ਸ਼ੁਰੂ ਹੋਈ ਹੈ, ਅਸਲ ਵਿਚ ਇਹ ਲਹਿੰਦੀ ਦੇ ਪੜਨਾਂਵ ਸਨ, ਸ਼ਾਇਦ ਏਸੇ ਕਾਰਣ ਹੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਹ ਜ਼ਿਆਦਾ ਮਿਲਦੇ ਹਨ।

4-3-2. 'ਤੂੰ' ਤੇ 'ਤੂ' ਦੋਵੇਂ ਰੂਪ ਗੁਰਬਾਣੀ ਵਿਚ ਆਮ ਮਿਲਦੇ ਹਨ। 'ਤੂ' ਪੁਰਾਣਾ ਰੂਪ ਹੈ, ਅਤੇ ਹਿੰਦੀ, ਉਰਦੂ ਵਿਚ ਏਹੋ ਮੁਢਲਾ ਰੂਪ ਹੀ ਕਾਇਮ ਰਿਹਾ ਹੈ। ਪਿੱਛੋਂ ਆ ਕੇ ਪੰਜਾਬੀ ਵਿਚ 'ਤੂੰ' ਹੋ ਗਿਆ, ਪਰ ਜਾਪਦਾ ਹੈ ਕਿ ਗੁਰੂ-ਕਾਲ ਵਿਚ ਇਸ ਪੜਨਾਂਵ ਦੇ ਦੋਵੇਂ ਰੂਪ ਪੰਜਾਬੀ ਵਿਚ ਨਾਲੋ-ਨਾਲ ਪ੍ਰਚਲਤ ਸਨ, ਏਸ ਲਈ ਗੁਰਬਾਣੀ ਵਿਚ ਦੋਹਾਂ ਦੀ ਵਰਤੋਂ ਖੁਲ੍ਹੀ ਹੋਈ ਹੈ। ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਵੀ 'ਤੂੰ' ਤੇ 'ਤੂ' ਦੋਵੇਂ ਮਿਲਦੇ ਹਨ। ਇਹਨਾਂ

---

* ਇਹ ਅੰਕੜੇ ਡਾ. ਗੁਰਚਰਨ ਸਿੰਘ ਦੁਆਰਾ ਤਿਆਰ ਕੀਤੀ 'ਆਦਿ-ਗ੍ਰੰਥ ਸ਼ਬਦ-ਅਨੁਕ੍ਰਮਣਿਕਾ' ਦੇ ਆਧਾਰ ਤੇ ਲਏ ਗਏ ਹਨ।



Digitized by Panjab Digital Library | www.panjabdigilib.org

ਤੋਂ ਬਣੇ ਰੂਪ 'ਤੂੰਹੀ', 'ਤੂੰਹੀ' ਅਤੇ 'ਤੂਹੈ' 'ਤੂੰਹ ਵੀ ਗੁਰਬਾਣੀ ਵਿਚ ਵਰਤੇ ਗਏ ਹਨ ਪਰ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਇਹਨਾਂ ਵਿਚੋਂ ਸਿਰਫ 'ਤੂਹੈ' ਇਕ ਥਾਂ ਆਇਆ ਹੈ।

'ਤੂੰ' ਜਾਂ 'ਤੂ' ਦੇ ਸੰਬੰਧਕੀ ਰੂਪ 'ਤੁਧ' ਤੇ 'ਤੁਝ' ਦੋਵੇਂ ਗੁਰਬਾਣੀ ਵਿਚ ਵਰਤੇ ਗਏ ਹਨ, ਪਰ 'ਤੁਧ' ਦੀ ਵਰਤੋਂ-ਮਾਤਰਾ 'ਤੁਝ' ਨਾਲੋਂ ਕਾਫ਼ੀ ਜ਼ਿਆਦਾ ਹੈ। ਪਿੱਛੋ 'ਤੁਝ' ਹਿੰਦੀ, ਉਰਦੂ ਵਿਚ ਕਾਇਮ ਰਿਹਾ ਪਰ ਪੰਜਾਬੀ ਵਿਚੋਂ ਖਤਮ ਹੋ ਗਿਆ। 'ਤੁਧ' ਪੂਰਬੀ ਪੰਜਾਬੀ ਵਿਚ ਅਜ ਨਹੀਂ ਵਰਤਿਆ ਜਾਂਦਾ, ਪਰ ਲਹਿੰਦੀ ਵਿਚ ਮੌਜੂਦ ਹੈ। ਇਸ ਪੜਨਾਂਵ ਦੇ ਕਈ ਹੋਰ ਰੂਪ—ਤੁਹੀ, ਤੁਹ, ਤੁਹਿ, ਤੁਹੀ, ਤੋਹਿ, ਤੁਹਾਰਾ, ਤੂਹੀ, ਤੂੰਹੀ, ਤੂਹੈ, ਤੂੰਹੈ ਆਦਿ ਗੁਰਬਾਣੀ ਵਿਚ ਵਰਤੇ ਮਿਲਦੇ ਹਨ। ਇਹਨਾਂ ਵਿੱਚੋਂ ਵਧੇਰੇ ਰੂਪ ਅੱਜ ਲੋਪ ਹੋ ਚੁਕੇ ਹਨ। ਪੂਰਬੀ ਪੰਜਾਬੀ ਵਿਚ 'ਤੂਹੈ' ਦਾ ਵਿਕਸਿਤ ਰੂਪ 'ਤੂੰਹੇ' ਅਤੇ 'ਤੂੰਹੀ' ਅੱਜੇ ਵਰਤੇ ਜਾਂਦੇ ਹਨ। 'ਤੂੰਹ' ਤੇ 'ਤੁਹਿ' ਲਹਿਦੀ ਦੀਆਂ ਕੁਝ ਉਪ ਬੋਲੀਆਂ ਵਿਚ ਉਚਾਰੇ ਜਾਂਦੇ ਹਨ। ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਇਹਨਾਂ ਵਿਚੋਂ ਸਿਰਫ 'ਤੂਹੈ' ਕੇਵਲ ਇਕ ਵਾਰੀ ਆਇਆ ਹੈ।

4-3-3. ਇਕ ਹੋਰ ਪੜਨਾਂਵ "ਤੈਂ" ਜੋ ਅੱਜ ਮਲਵਈ ਵਿਚ ਪ੍ਰਚਲਿਤ ਹੈ, ਪਰ ਮਾਝੀ ਤੇ ਲਹਿੰਦੀ ਵਿਚ ਇਕੱਲਾ ਨਹੀਂ ਵਰਤਿਆ ਜਾਂਦਾ, ਗੁਰਬਾਣੀ ਵਿਚ ਕੁਝ ਥਾਈਂ ਮਿਲਦਾ ਹੈ। ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵੀ ਇਸ ਦੀ ਵਰਤੋਂ ਹੋਈ ਹੈ :—

**ਇਹੁ ਜਗੁ ਭੂਲਾ ਤੈਂ ਆਪਿ ਭੁਲਾਇਆ।**

(ਮਾਝ, 111)

'ਤੈਂ' ਵੀ 'ਤੁਧ' ਤੇ 'ਤੁਝ' ਵਾਂਗਾ 'ਤੂ' ਦਾ ਸੰਬੰਧਕੀ ਰੂਪ ਹੈ। ਅਜੋਕੀ ਮਲਵਈ ਵਿਚ ਵੀ ਇਸ ਦੀ ਸੰਬੰਧਕੀ ਵਰਤੋਂ ਹੀ ਹੁੰਦੀ ਹੈ। ਮਾਝੀ ਵਿਚ ਇਹ "ਤੈ" ਸੰਬੰਧਕੀ ਰੂਪਾਂ 'ਤੈਨੂੰ,' 'ਤੈਥੋਂ' 'ਤੇਰਾ' ਆਦਿ ਵਿਚ ਮੌਜੂਦ ਹੈ। ਮਲਵਈ ਵਿਚ ਇਹ ਸੰਬੰਧਕ ਤੋਂ ਬਿਨਾ ਵੀ ਵਰਤਿਆ ਜਾਂਦਾ ਹੈ, ਪਰ ਕਿਰਿਆ ਦੇ ਭੂਤ ਕ੍ਰਿਦੰਤ ਨਾਲ, ਜਾਂ ਅਮਿਤ ਕਿਰਿਆ (Infinative) ਨਾਲ। ਗੁਰਬਾਣੀ ਵਿਚ ਵੀ 'ਤੈਂ' ਮਲਵਈ ਵਾਲੀਆਂ ਸਥਿਤੀਆਂ ਵਿਚ ਹੀ ਵਰਤਿਆ ਮਿਲਦਾ ਹੈ।

ਇਸੇ ਪੜਨਾਂਵ ਦਾ ਨਾਸਿਕਤਾ-ਰਹਿਤ ਰੂਪ 'ਤੈ' ਵੀ ਕਈ ਥਾਈਂ ਬਾਣੀ ਵਿਚ 'ਤੈਂ' ਦੇ ਥਾਨ ਤੇ ਵਰਤਿਆ ਗਿਆ ਹੈ, ਪਰ ਇਸ ਦੇ ਨਾਲ ਅਜੋਕੇ ਸੰਬੰਧਕ 'ਤੈਂ' ਦੀ ਥਾਂ ਵੀ 'ਤੈ' ਹੀ ਮਿਲਦਾ ਹੈ :

**ਹਰਿ ਤੁਧੈ ਸੇਵੀ ਤੈ ਤੁਧੁ ਸਾਲਾਹੀ।**

(ਮਾਝ, 112)।



Digitized by Panjab Digital Library | www.panjabdigilib.org

ਇਸ ਤੋਂ ਇਲਾਵਾ ਕੁਝ ਥਾਈਂ 'ਤੈ' 'ਤਿਸ ਨੂੰ' ਦੇ ਅਰਥਾਂ ਵਿਚ ਵੀ ਆਇਆ ਹੈ :

(ਗੁਰੂ ਨਾਨਕ, ਸਿਰੀ 53)

**...ਜੈ ਭਾਵ ਤੈ ਦੇਇ ।**

ਪਰ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ 'ਤੈ' ਆਮ ਤੌਰ ਤੇ 'ਅਤੇ' ਦੇ ਅਰਥਾਂ ਵਿਚ ਹੀ ਆਇਆ ਹੈ ।

4-3-4 'ਤੇਰਾ' ਤੇ ਇਸ ਦੇ ਹੋਰ ਰੂਪ 'ਤੇਰੀ', 'ਤੇਰੇ' ਆਦਿ ਗੁਰਬਾਣੀ ਵਿਚ ਆਮ ਵਰਤੇ ਗਏ ਹਨ । ਅਤੇ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵੀ ਮਿਲਦੇ ਹਨ । ਇਹਨਾਂ ਦੇ ਰੂਪਾਂ ਵਿਚ ਅਜੋਕੀ ਪੰਜਾਬੀ ਨਾਲੋਂ ਕੁਝ ਫਰਕ ਹੈ—'ਤੇਰੇ' ਦੀ ਥਾਂ 'ਤੇਰੈ' ਵੀ ਆਇਆ ਹੈ; 'ਤੇਰੀਆਂ' ਤੇ 'ਤੇਰਿਆਂ' ਦੇ ਪੁਰਾਣੇ ਰੂਪਾਂ ਵਿਚ ਨਾਸਿਕਤਾ ਨਹੀਂ ਸੀ, ਗੁਰਬਾਣੀ ਵਿਚ ਵੀ 'ਤੇਰੀਆ' ਤੇ 'ਤੇਰਿਆ' ਹੀ ਮਿਲਦੇ ਹਨ । ਏਹੋ ਰੂਪ ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਵਰਤੇ ਗਏ ਹਨ ।

4-3-5. 'ਮੈਂ' ਦਾ ਪੁਰਾਣਾ ਰੂਪ 'ਮੈ' ਹੈ, ਅਤੇ ਗੁਰਬਾਣੀ ਵਿਚ ਵੀ 'ਮੈ' ਹੀ ਮਿਲਦਾ ਹੈ, ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਵੀ 'ਮੈ' ਹੀ ਆਇਆ ਹੈ । ਇਸ ਦੇ ਸੰਬੰਧਬੋਧਕ ਰੂਪ 'ਮੇਰਾ, ਮੇਰੀ' ਵੀ ਮੌਜੂਦ ਹਨ । 'ਮੇਰਿਆਂ' ਤੇ 'ਮੇਰੀਆਂ' ਦੀ ਬਜਾਇ 'ਮੇਰਿਆ' ਤੇ 'ਮੇਰੀਆ' ਆਏ ਹਨ । ਲਹਿੰਦੀ ਵਾਲੇ ਰੂਪ 'ਮੈਡਾ' ('ਮੈਂਡਾ' ਨਹੀਂ), ਮੈਡੀ', ਮੈਡਿਆ ਆਦਿ ਵੀ ਗੁਰਬਾਣੀ ਵਿਚ ਮਿਲਦੇ ਹਨ, ਪਰ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਇਹ ਸ਼ਬਦ ਨਹੀਂ ਵਰਤੇ ਗਏ । ਇਸ ਪੜਨਾਂਵ ਦੇ ਹਿੰਦੀ ਵਾਲੇ ਸੰਬੰਧਕੀ ਰੂਪ 'ਮੁਹਿ' ਤੇ 'ਮੁਝ' ਗੁਰਬਾਣੀ ਵਿਚ ਆਏ ਹਨ, ਪਰ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ 'ਮੋਹਿ' ਹੀ ਮਿਲਦਾ ਹੈ ।

4-3-6. ਗੁਰਬਾਣੀ ਵਿਚ ਵਰਤੇ ਗਏ ਪੜਨਾਂਵਾਂ ਦੀ ਇਕ ਖਾਸ ਵਿਲੱਖਣਤਾ ਇਹ ਹੈ ਕਿ ਕੁਝ ਪੜਨਾਂਵਾਂ ਵਿਚ ਲਿੰਗ-ਭੇਦ ਮਿਲਦਾ ਹੈ । ਅੱਜ ਪੰਜਾਬੀ ਜਾ ਹਿੰਦੀ ਦੇ ਕਿਸੇ ਪੜਨਾਂਵ ਦਾ ਰੂਪ ਲਿੰਗ ਅਨੁਸਾਰ ਨਹੀਂ ਬਦਲਦਾ । ਗੁਰਬਾਣੀ ਵਿਚ ਵੀ ਪੁਰਖਵਾਚੀ ਪੜਨਾਂਵ ਪੁਲਿੰਗ ਤੇ ਇਸਤਰੀ ਲਿੰਗ ਦੋਹਾਂ ਲਈ ਇਕੋ ਹੀ ਹਨ—ਮੈਂ, ਤੂ, ਅਸੀ, ਤੁਸੀ, ਏਹ, ਓਹ ਆਦਿ ਅਜਿਹੇ ਪੜਨਾਂਵਾਂ ਦੇ ਉਦਾਹਰਣ ਹਨ । ਪਰ ਕੁਝ ਹੋਰ ਸ਼੍ਰੇਣੀਆਂ ਦੇ ਪੜਨਾਂਵ ਲਿੰਗ ਅਨੁਸਾਰ ਬਦਲਦੇ ਹਨ ।

ਸੰਬੰਧਬੋਧਕ ਪੜਨਾਂਵ 'ਸੋ' ਅੱਜ ਪੁ. ਤੇ ਇ. ਲਿੰ. ਦੋਹਾਂ ਲਈ ਆਉਂਦਾ ਹੈ, ਪਰ ਗੁਰਬਾਣੀ ਵਿਚ ਇਸ ਦੇ ਤਿੰਨ ਰੂਪ ਹਨ : ਸੋ (ਪੁਲਿੰਗ), ਸਾ (ਇਸਤਰੀ ਲਿੰਗ), ਸੇ (ਬਹੁਵਚਨ) । ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵੀ ਏਹੋ ਰੂਪ ਮਿਲਦੇ ਹਨ :

**ਸੋ ਜਨੁ ਰਲਾਇਆ ਨ ਰਲੈ ਜਿਸੁ ਅੰਤਰਿ ਬਿਬੇਕ ਬੀਚਾਰ ।**

(ਸਿਰੀ , 28)

**ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ।**

(ਸਿਰੀ, 29)



Digitized by Panjab Digital Library | www.panjabdigilib.org

ਇਹਨਾਂ ਦੋਹਾਂ ਤੁਕਾਂ ਵਿਚ 'ਸੋ' ਵਰਤਿਆ ਗਿਆ ਹੈ, ਕਿਉਂਕਿ ਏਥੇ ਇਹ ਪੜਨਾਂਵ ਪੁਲਿੰਗ ਲਈ ਆਇਆ ਹੈ ।

**ਸਾ ਸਭਰਾਈ ਸੁੰਦਰੀ ਪਿਰ ਕੈ ਹੇਤਿ ਪਿਆਰ ।** (ਆਸਾ, 426)

**ਜਿਨਿ ਜਿਹਵਾ ਹਰਿ ਰਸੁ ਨ ਚਖਿਓ ਸਾ ਜਿਹਵਾ ਜਲਿ ਜਾਉ ।**

(ਵਡਹੰਸ, 558)

ਇਹਨਾਂ ਪੰਕਤੀਆਂ ਵਿਚ ਇਸਤਰੀ ਲਿੰਗ ਲਈ 'ਸਾ' ਵਰਤਿਆ ਗਿਆ ਹੈ ਅਤੇ ਬਹੁਵਚਨ ਲਈ 'ਸੇ' ਆਉਂਦਾ ਹੈ, ਜਿਵੇਂ :

**ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ ।**

**ਸਬਦਿ ਰਤੇ ਸੇ ਨਿਰਮਲੇ ........**

(ਸਿਰੀ, 27)

ਏਸੇ ਆਧਾਰ ਤੇ 'ਸੋਈ' ਪੁਲਿੰਗ ਇਕ ਵਚਨ ਲਈ, 'ਸਾਈ' ਇਸਤਰੀ ਲਿੰਗ, ਇਕ ਵਚਨ ਲਈ, ਅਤੇ 'ਸੇਈ' ਬਹੁ ਵਚਨ ਲਈ ਆਉਂਦਾ ਹੈ । 'ਸੋਈ' ਦਾ ਉਦਾਹਰਣ ਉੱਤੇ ਆ ਚੁਕਾ ਹੈ । 'ਸਾਈ' ਇਸਤਰੀ ਲਿੰਗ :

**ਜਾ ਕਉ ਨਦਰਿ ਕਰਹਿ ਤੂੰ ਆਪਣੀ ਸਾਈ ਸਚਿ ਸਮਾਣੀ ।**

(ਆਸਾ, 423)

ਅਤੇ 'ਸੇਈ' ਲਈ ਵੇਖਿਆ ਜਾਵੇ :

**ਸਬਦਿ ਲਗੇ ਸੇਈ ਜਨ ਨਿਸਤਰੇ ਭਉਜਲ ਪਾਰਿ ਉਤਾਰੀ ।**

(ਰਾਮਕਲੀ, 911)

ਕੋਈ (ਪੁਲਿੰਗ), ਕਾਈ (ਇਸਤਰੀ ਲਿੰਗ) ਅਤੇ ਕੇਈ (ਬਹੁ ਵਚਨ) ਦੀ ਵਰਤੋਂ ਵੀ ਏਸੇ ਰੂਪ ਵਿਚ ਮਿਲਦੀ ਹੈ :

**ਮੈ ਹੋਰੁ ਨ ਕੋਈ ਤੁਧੈ ਜੇਹਾ ।**

(ਮਾਝ, 112)

**ਮਨਮਖਿ ਅੰਧੇ ਸੁਧਿ ਨ ਕਾਈ ।**

(ਮਾਝ, 118)

**ਗੁਰਮਖ ਵਣਜਹਿ ਕੇਈ ਕੇਇ ।**

(ਮਾਝ, 126)



Digitized by Panjab Digital Library | www.panjabdigilib.org

ਇਹਨਾਂ ਵਿਚੋਂ 'ਕੋਈ' ਦੀ ਵਰਤੋਂ ਗੁਰਬਾਣੀ ਵਿਚ ਬਹੁਤ ਘੱਟ ਹੋਈ ਹੈ , ਗੁਰੂ ਅਮਰਦਾ ਜੀ ਦੀ ਬਾਣੀ ਵਿਚ ਇਹ ਪੜਨਾਂਵ ਸਿਰਫ ਉਪਰੋਕਤ ਤੁਕ ਵਿਚ ਹੀ ਆਇਆ ਹੈ ।

4-3-7. ਗੁਰਬਾਣੀ ਦੀ ਭਾਸ਼ਾ ਵਿਚ ਕੁਝ ਅਜਿਹੇ ਪੜਨਾਂਵ ਵੀ ਆਏ ਹਨ ਜੋ ਵਧੇ ਪੜਨਾਂਵਾਂ ਵਿਸ਼ਸ਼ਣਾਂ ਵਜੋਂ ਵਰਤੇ ਜਾਂਦੇ ਸਨ । ਇਹਨਾਂ ਦੇ ਚਾਰ-ਚਾਰ ਦਰਜੇ ਗੁਰਬਾਣੀ ਵਿਚ, ਅ ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਵੀ ਮਿਲਦੇ ਹਨ, ਜਿਵੇਂ :

| | | | |
|---|---|---|---|
| ਇਸ | ਜਿਸ | ਕਿਸ | ਤਿਸ |
| ਇਤ | ਜਿਤ | ਕਿਤ | ਤਿਤ |
| ਇਨ | ਜਿਨ | ਕਿਨ | ਤਿਨ |

ਇਹਨਾਂ ਵਿਚੋਂ ਪਹਿਲੀ ਸ਼੍ਰੇਣੀ ਦੇ ਚਾਰੇ ਸ਼ਬਦ ਅੱਜ ਵੀ ਲਹਿੰਦੀ ਵਿਚ ਪੜਨਾਂਵ ਪੜਨਾਂਵੀਂ ਵਿਸ਼ੇਸ਼ਣ ਦੋਹਾਂ ਰੂਪਾਂ ਵਿਚ ਵਰਤੇ ਜਾਂਦੇ ਹਨ । ਪੂਰਬੀ ਪੰਜਾਬੀ ਵਿਚ 'ਇਸ 'ਜਿਸ', 'ਕਿਸ' ਸਿਰਫ਼ ਪੜਨਾਂਵੀਂ ਵਿਸ਼ੇਸ਼ਣ ਵਜੋਂ ਆਉਂਦੇ ਹਨ, ਸ਼ੁਧ ਪੜਨਾਂਵ ਵਜੋਂ ਇਹਨ ਦੀ ਵਰਤੋਂ ਨਹੀਂ ਹੁੰਦੀ । 'ਤਿਸ' ਅੱਜ ਪੂਰਬੀ ਪੰਜਾਬੀ ਵਿਚ ਨਹੀਂ ਬੋਲਿਆ ਜਾਂਦਾ ।

'ਇਤ, ਜਿਤ, ਕਿਤ, ਤਿਤ' ਵਿੱਚੋਂ ਕੋਈ ਵੀ ਪੂਰਬੀ ਪੰਜਾਬੀ ਵਿਚ ਕਾਇਮ ਨਹੀਂ ਰਿਹਾ ਲਹਿੰਦੀ ਦੀ ਕਿਸੇ-ਕਿਸੇ ਉਪ ਬੋਲੀ ਵਿਚ 'ਜਿਤ' ਤੇ 'ਤਿਤ' ਦੀ ਕੁਝ ਵਰਤੋਂ ਮਿਲਦੀ ਹੈ । 'ਇਨ, ਜਿਨ ਕਿਨ' ਤਿੰਨੇ ਹੀ ਪੂਰਬੀ ਪੰਜਾਬੀ ਵਿਚ ਪ੍ਰਚਲਿਤ ਹਨ, ਪਰ 'ਤਿਨ' ਲੋਪ ਹੋ ਚੁੱਕਾ ਹੈ । ਲਹਿਦੀ ਵਿ ਇਸਦੀ ਵਰਤੋਂ ਬਾਰੇ ਕੋਈ ਸੰਤੋਖਜਨਕ ਜਾਣਕਾਰੀ ਦੇਣੀ ਕਠਿਨ ਹੈ । ਇੰਵ ਪੁਰਾਣੀ ਪੰਜਾਬ ਵਿਚ ਕੁਝ ਸ਼ਬਦਾਂ ਦਾ ਜਿਹੜਾ ਸਿਲਸਿਲਾ ਅਤੇ ਜਿਹੜੇ ਦਰਜੇ ਬੜੇ ਵਿਵਸਥਿਤ ਰੂਪ ਵਿ ਮਿਲਦੇ ਸਨ, ਅਜੋਕੀ ਪੰਜਾਬੀ ਵਿਚ ਉਹ ਕਾਇਮ ਨਹੀਂ ਰਹਿ ਸਕੇ ।

4-3-8. ਪੜਨਾਂਵਾਂ ਦੇ ਉਤੇ ਦਿੱਤੇ ਵਿਵਰਣ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਗੁ ਅਮਰਦਾਸ ਜੀ ਦੀ ਭਾਸ਼ਾ ਵਿਚ ਵਰਤੇ ਗਏ ਵਧੇਰੇ ਪੜਨਾਂਵ ਅਜੋਕੀ ਪੰਜਾਬੀ ਨਾਲ ਮਿਲਦੇ ਜੁਲਦੇ ਹਨ, ਪਰ ਸਮੁੱਚੇ ਰੂਪ ਵਿਚ ਇਹਨਾਂ ਦਾ ਆਧੁਨਿਕ ਪੜਨਾਵਾਂ ਦੇ ਰੂਪਾਂ ਨਾਲੋਂ ਕਾਫੀ ਅੰਤ ਹੈ । ਅਸੀਂ ਅੱਜ ਇਹਨਾਂ ਪੜਨਾਂਵਾਂ ਨੂੰ ਪਛਾਣ ਸਕਦੇ ਹਾਂ । ਪਰ ਹੋਰ ਦੋਂਹ ਪੀੜ੍ਹੀਆਂ ਮਗਰੋਂ ਇਹਨ ਵਿੱਚੋਂ ਵਧੇਰੇ ਪੜਨਾਂਵੀਂ ਰੂਪ ਕਾਫ਼ੀ ਓਪਰੇ ਜਾਪਣ ਲਗ ਪੈਣਗੇ । ਇਨ੍ਹਾਂ ਦੇ ਵਿਆਕਰਣਿਕ ਰੂਪਾਂ ਦੀ ਠੀਕ ਠੀਕ ਪਛਾਣ ਤਾਂ ਅੱਜ ਵੀ ਸ਼ਾਇਦ ਉਂਗਲੀਆਂ ਤੇ ਗਿਣੇ ਜਾਣ ਜੋਗੇ ਵਿਦਵਾਨਾਂ ਨੂੰ ਹੀ ਹੋਵੇ ।

## 4-4 ਕਿਰਿਆ

4-4-1. ਕਿਰਿਆ-ਰੂਪਾਂ ਦੇ ਪੱਖ ਤੋਂ ਗੁਰੂ ਅਮਰਦਾਸ ਜੀ ਦੀ ਭਾਸ਼ਾ ਦਾ ਅਜੋਕੀ ਪੰਜਾਬੀ ਨਾਲੋਂ ਵੱਡਾ ਫਰਕ ਇਹ ਹੈ ਕਿ ਬਾਣੀ ਦੀਆਂ ਕਿਰਿਆਵਾਂ ਵਿਚ ਸਹਾਇਕ ਕਿਰਿਆ ਨਹੀਂ ਵਰਤੀ ਗਈ, ਜਦੋਂ ਕਿ ਆਧੁਨਿਕ ਪੰਜਾਬੀ ਵਿਚ ਸਹਾਇਕ ਕਿਰਿਆ ਦਾ ਸਥਾਨ ਵਿਸ਼ੇਸ਼ ਮਹੱਤਾ ਵਾਲਾ ਹੈ। ਗੁਰੂ ਅਮਰਦਾਸ ਜੀ ਦੀ ਬਾਣੀ ਦੇ ਕੁਝ ਉਦਾਹਰਣ ਵਿਚਾਰਦੇ ਹਾਂ :

**ਤਿਸ ਕਿਆ ਗੁਣਾ ਕਾ ਅੰਤ ਨਾ ਪਾਇਆ**
**ਹਉ ਗਾਵਾ ਸਬਦਿ ਵਿਚਾਰੀ।** (ਰਾਮਕਲੀ, 911)

ਏਥੇ ਆਈ ਕਿਰਿਆ 'ਗਾਵਾ' ਦੀ ਥਾਂ ਅੱਜ ਅਸੀਂ ਕਹਿੰਦੇ ਹਾਂ—'ਗਾਉਂਦਾ ਹਾਂ'। ਅਜੋਕੇ ਰੂਪ ਵਿਚ 'ਹਾਂ' ਸਹਾਇਕ ਕਿਰਿਆ ਆਈ ਹੈ, ਪਰ ਬਾਣੀ ਦੀ ਕਿਰਿਆ 'ਗਾਵਾ' ਬਿਨਾ ਸਹਾਇਕ ਕਿਰਿਆ ਤੋਂ ਪੂਰੇ ਅਰਥ ਦਿੰਦੀ ਹੈ।

**ਗੁਰੂ ਦਰਸਨਿ ਉਧਰੈ ਸੰਸਾਰਾ।** (ਆਸਾ, 361)

ਏਥੇ ਵੀ ਕਿਰਿਆ 'ਉਧਰੈ' ਨਾਲ ਕੋਈ ਸਹਾਇਕ ਅੰਸ਼ ਨਹੀਂ ਲੱਗਾ, ਅੱਜ ਏਹੋ ਭਾਵ ਵਿਅਕਤ ਕਰਨ ਲਈ ਕਹਿਣਾ ਪਏਗਾ, "ਉਧਰਦਾ ਹੈ", ਅਰਥਾਤ ਸਹਾਇਕ ਅੰਸ਼ 'ਹੈ' ਵਰਤਣਾ ਪੈਂਦਾ ਹੈ।

ਪਿੱਛੇ (2-5-2 ਵਿਚ) ਦੱਸਿਆ ਜਾ ਚੁੱਕਾ ਹੈ ਕਿ ਅੱਜ ਜਿਹੜਾ ਕਾਰਜ ਸਹਾਇਕ ਕਿਰਿਆ ਨਿਭਾਉਂਦੀ ਹੈ ਉਹ ਗੁਰਬਾਣੀ ਦੀ ਭਾਸ਼ਾ ਵਿਚ ਮੁੱਖ ਕਿਰਿਆ ਦੇ ਰੂਪ ਵਿਚ ਕੋਈ ਪਰਿਵਰਤਨ ਕਰਕੇ, ਜਾਂ ਕੋਈ ਪਿਛੇਤਰ ਲਾ ਕੇ, ਲਿਆ ਜਾਂਦਾ ਸੀ।

4-4-2. ਗੁਰੂ ਅਮਰਦਾਸ ਜੀ ਦੀ ਭਾਸ਼ਾ ਦੇ ਕਿਰਿਆ-ਰੂਪ ਇੱਕ ਹੋਰ ਪੱਖ ਤੋਂ ਵੀ ਅੱਜ ਦੀ ਕਿਰਿਆ ਨਾਲੋਂ ਭਿੰਨ ਹਨ। ਅੱਜ ਪੰਜਾਬੀ ਦੇ ਬਹੁਤ ਸਾਰੇ ਕਿਰਿਆ-ਰੂਪ ਵਰਤਮਾਨ-ਕ੍ਰਿਦੰਤ ਅਤੇ ਭੂਤ-ਕ੍ਰਿਦੰਤ ਦੀ ਸਹਾਇਤਾ ਨਾਲ ਬਣਦੇ ਹਨ; ਕਰਦਾ, ਕਰਦਾ ਹੈ, ਕਰਦਾ ਹੋਊ, ਕਰਦਾ ਹੋਵੇ, ਕਰਦਾ ਰਹੂ, ਕਰਦਾ ਰਹੇਗਾ, ਕਰਦਾ ਸੀ, ਕਰਦਾ ਰਹਿੰਦਾ ਸੀ, ਕਰਦਾ ਹੋਇਆ ਆਦਿ ਰੂਪਾਂ ਵਿਚ ਵਰਤਮਾਨ-ਕ੍ਰਿਦੰਤ 'ਕਰਦਾ' ਆਇਆ ਹੈ। ਇਵੇਂ ਹੀ ਭੂਤ-ਕ੍ਰਿਦੰਤ ਨਾਲ ਵੀ ਬਹੁਤ ਸਾਰੇ ਕਿਰਿਆ ਰੂਪ ਬਣਦੇ ਹਨ। ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਭੂਤ-ਕ੍ਰਿਦੰਤ ਦੀ ਵਰਤੋਂ ਤਾਂ ਚੋਖੀ ਮਿਲਦੀ ਹੈ, ਪਰ ਵਰਤਮਾਨ-ਕ੍ਰਿਦੰਤ ਬਹੁਤ ਘੱਟ ਨਜ਼ਰ ਆਉਂਦਾ ਹੈ। ਉੱਤੇ ਦਿੱਤੇ ਗਏ ਉਦਾਹਰਣਾਂ ਵਿਚ ਦੱਸਿਆ ਗਿਆ ਹੈ ਕਿ ਬਾਣੀ ਦੀ ਕਿਰਿਆ 'ਗਾਵਾ' ਲਈ ਅੱਜ 'ਗਾਉਂਦਾ ਹਾਂ' ਬੋਲਿਆ ਜਾਂਦਾ ਹੈ ਅਤੇ 'ਉਧਰੈ' ਲਈ 'ਉਧਰਦਾ ਹੈ।' ਅਜੋਕੀ ਭਾਸ਼ਾ ਦੀਆਂ ਦੋਹਾਂ ਕਿਰਿਆਵਾਂ ਵਿਚ ਵਰਤਮਾਨ-ਕ੍ਰਿਦੰਤ ਆਇਆ ਹੈ ਜੋ ਬਾਣੀ ਦੀ ਭਾਸ਼ਾ ਵਿਚ ਨਹੀਂ ਮਿਲਦਾ।

ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਵਰਤਮਾਨ-ਕ੍ਰਿਦੰਤ ਨਾ ਹੋਣ ਦੇ ਬਰਾਬਰ ਹੈ, ਭਾਵੇਂ ਇਸ ਦੀ ਬਿਲਕੁਲ ਅਣਹੋਂਦ ਨਹੀਂ। "ਦੇਦਾ ਰਿਜਕੁ ਸਬਾਈ" (ਰਾਮਕਲੀ, 912), ਅਤੇ "ਨਦਰੀ ਆਵਦਾ ਸਭੁ ਕਿਛੁ ਬਿਨਸੈ... " (ਰਾਮਕਲੀ, 908) ਵਿਚ 'ਦੇਦਾ' ਅਤੇ 'ਆਵਦਾ' ਵਰਤਮਾਨ



Digitized by Panjab Digital Library | www.panjabdigilib.org

ਕ੍ਰਿਦਤ ਹਨ। ਪਰ ਅਜਿਹੀ ਵਰਤੋਂ ਬਹੁਤ ਘਟ ਹੈ। ਜਾਪਦਾ ਹੈ ਕਿ ਗੁਰੂ-ਕਾਲ ਤਕ ਭੂਤ-ਕ੍ਰਿਦੰਤ ਵਾਲੇ ਰੂਪ ਤਾਂ ਭਾਸ਼ਾ ਵਿਚ ਸਥਿਰ ਹੋ ਚੁਕੇ ਸਨ, ਪਰ ਵਰਤਮਾਨ-ਕ੍ਰਿਦੰਤ ਦੀ ਵਰਤੋਂ ਅਜੇ ਆਰੰਭ ਹੋ ਰਹੀ ਸੀ। ਸੰਭਵ ਹੈ ਬੋਲ-ਚੱਲ ਵਿਚ ਵਰਤਮਾਨ-ਕ੍ਰਿਦੰਤ ਵਧੇਰੇ ਵਰਤਿਆ ਜਾਂਦਾ ਹੋਵੇ, ਪਰ ਸਾਹਿਤਿਕ ਭਾਸ਼ਾ ਵਿਚ ਇਸ ਨੂੰ ਵਧੇਰੇ ਅਪਨਾਉਣ ਦੀ ਰੁਚੀ ਅਜੇ ਨਾ ਬਣੀ ਹੋਵੇ।

4-4-3. ਕੁਝ ਵੀ ਹੋਵੇ, ਇਹ ਇਕ ਵਿਸ਼ੇਸ਼ ਮਹੱਤਾ ਵਾਲਾ ਫਰਕ ਹੈ, ਕਿਉਂਕਿ ਕ੍ਰਿਦੰਤਾਂ ਦੀ ਵਰਤੋਂ ਦਾ ਇਕ ਹੋਰ ਜ਼ਰੂਰੀ ਸਿੱਟਾ ਇਹ ਨਿਕਲਦਾ ਹੈ ਕਿ ਕਿਰਿਆ ਲਿੰਗ-ਵਚਨ ਅਨੁਸਾਰ ਬਦਲਦੀ ਹੈ—ਗਾਉਂਦਾ, ਗਾਉਂਦੇ, ਗਾਉਂਦੀ, ਗਾਉਂਦੀਆਂ। ਪਰ ਜਿਹੜੀ ਕਿਰਿਆ ਵਿਚ ਕ੍ਰਿਦੰਤ ਨਾ ਹੋਵੇ ਉਸ ਦਾ ਰੂਪ ਪੁਰਖ-ਵਚਨ ਅਨੁਸਾਰ ਬਦਲਦਾ ਹੈ, ਲਿੰਗ ਦਾ ਕਿਰਿਆ ਦੇ ਰੂਪ ਤੇ ਕੋਈ ਪ੍ਰਭਾਵ ਨਹੀਂ **ਪੈਂਦਾ**। ਉਪਰੋਕਤ 'ਗਾਵਾ' ਪਹਿਲੇ ਪੁਰਖ ਇਕ ਵਚਨ ਦਾ ਰੂਪ ਇਸਤਰੀ, ਪੁਰਸ਼ ਦੋਹਾਂ ਲਈ ਇਕੋ 'ਗਾਵਾ' ਹੀ ਵਰਤਿਆ ਜਾਂਦਾ ਸੀ। ਹਾਂ ਪੁਰਖ-ਵਚਨ ਅਨੁਸਾਰ ਇਸ ਦੇ ਛੇ ਰੂਪ ਬਣਦੇ ਸਨ—ਗਾਵਹਿ, ਗਾਵਹੀ, ਗਾਵਹੁ ਆਦਿ। ਭੂਤ-ਕ੍ਰਿਦੰਤ ਵਾਲੀਆਂ ਕਿਰਿਆਵਾਂ ਤਾਂ ਲਿੰਗ-ਵਚਨ ਅਨੁਸਾਰ ਬਦਲਦੀਆਂ ਸਨ, ਪਰ ਵਰਤਮਾਨ ਦੀਆਂ ਕਿਰਿਆਵਾਂ ਪੁਰਖ-ਵਚਨ ਅਨੁਸਾਰ ਰੂਪ ਧਾਰਨ ਕਰਦੀਆਂ ਸਨ। ਇਹ ਗੁਰੂ ਅਮਰਦਾਸ ਜੀ ਦੀ ਭਾਸ਼ਾ ਤੇ ਕਿਰਿਆ ਰੂਪਾਂ ਦੀ ਵਿਸ਼ੇਸ਼ਤਾ ਹੈ।

4-4-4. ਉਪਰੋਕਤ 'ਗਾਵਾ' ਤੋਂ ਅਜੋਕਾ ਰੂਪ 'ਗਾਵਾਂ' ਬਣਿਆ ਹੈ, ਅਤੇ 'ਉਧਰੈ' ਤੋਂ 'ਉਧਰੇ' ਦਾ ਵਿਕਾਸ ਹੋਇਆ ਹੈ। ਪਰ ਜਿਥੇ 'ਗਾਵਾ' ਅਤੇ 'ਉਧਰੈ' ਵਰਤਮਾਨ ਕਾਲ ਦੀਆਂ ਕਿਰਿਆਵਾਂ ਹਨ, ਅੱਜ-ਕੱਲ੍ਹ ਦੀ ਭਾਸ਼ਾ ਵਿਚ ਇਹ ਰੂਪ (ਗਾਵਾਂ, ਉਧਰੇ) ਸੰਭਾਵਨਾ ਬੋਧਕ ਹਨ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਗੁਰਬਾਣੀ ਦੀ ਕਾਲ-ਯੋਜਨਾ ਵੀ ਅੱਜ ਕੱਲ੍ਹ ਦੀ ਪੰਜਾਬੀ ਨਾਲੋਂ ਫ਼ਰਕ ਵਾਲੀ ਸੀ। ਪਿਛੇ ਅਸੀਂ ਵੇਖ ਆਏ ਹਾਂ ਕਿ ਵਰਤਮਾਨ ਕ੍ਰਿਦੰਤ 'ਕਰਦਾ' ਦੀ ਵਰਤੋਂ ਨਾਲ ਹੀ ਕਈ ਕਿਰਿਆ ਰੂਪ ਬਣ ਗਏ ਹਨ। ਦਿਲਚਸਪ ਨੁਕਤਾ ਇਹ ਹੈ ਕਿ ਵਰਤਮਾਨ ਕ੍ਰਿਦੰਤ ਨਾਲ ਭੂਤ ਅਤੇ ਭਵਿਖਤ ਦੇ ਰੂਪ ਵੀ ਬਣਦੇ ਹਨ—'ਜਦੋਂ ਮੈਂ ਗਿਆ ਉਹ ਪੜ੍ਹਦਾ ਸੀ' ਵਿਚ ਵਰਤਮਾਨ ਕ੍ਰਿਦੰਤ 'ਪੜ੍ਹਦਾ' ਨਾਲ ਭੂਤ ਕਾਲ ਦਾ ਰੂਪ (ਪੜ੍ਹਦਾ ਸੀ) ਬਣਿਆ ਹੈ। 'ਜੇ ਉਹ ਪੜ੍ਹਦਾ ਹੋਇਆ ਤਾਂ ਉਹਨੂੰ ਨਾ ਬੁਲਾਵੀਂ' ਵਿਚ 'ਪੜ੍ਹਦਾ ਹੋਇਆ' ਭਵਿਖਤ ਨੂੰ ਦਰਸਾਉਂਦਾ ਹੈ। ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵਰਤਮਾਨ-ਕ੍ਰਿਦੰਤ ਬਹੁਤ ਹੀ ਘੱਟ ਆਇਆ ਹੈ, ਅਤੇ ਉਪਰੋਕਤ ਉਦਾਹਰਣਾਂ ਵਾਲੇ ਰੂਪਾਂ ਵਿਚ ਕਿਤੇ ਨਹੀਂ ਆਇਆ।

4-4-5. ਬਾਣੀ ਦੇ ਕਿਰਿਆ ਰੂਪਾਂ ਨਾਲ ਆਉਣ ਵਾਲੇ ਪਿਛੇਤਰ ਵਧੇਰੇ ਹਾਲਤਾਂ ਵਿਚ ਅੱਜ ਆਪਣਾ ਰੂਪ ਬਦਲ ਚੁੱਕੇ ਹਨ। ਅਸੀਂ ਪਿੱਛੇ ਵਿਚਾਰ ਆਏ ਹਾਂ ਕਿ 'ਗਾਵਾ' ਦੀ ਥਾਂ ਹੁਣ



Digitized by Panjab Digital Library | www.panjabdigilib.org

'ਗਾਵਾਂ' ਕਿਹਾ ਜਾਂਦਾ ਹੈ, ਅਤੇ 'ਉਧਰੈ' ਲਈ ਅੱਜ 'ਉਧਰੇ' ਵਰਤੀਂਦਾ ਹੈ । ਹੋਰ ਵੀ ਕਈ ਪੁਰਾਣੇ ਪਿਛੇਤਰ ਬਦਲ ਚੁੱਕੇ ਹਨ । ਗੁਰੂ ਅਮਰਦਾਸ ਜੀ ਦੀ ਬਾਣੀ ਵਿਚੋਂ ਉਦਾਹਰਣ ਵੇਖਦੇ ਹਾਂ :

**ਹਰਿ ਹਰਿ ਨਾਮੁ ਜਪਹੁ ਜਨ ਭਾਈ ।**

(ਪ੍ਰਭਾਤੀ, 1,333)

**ਅਸੇ ਗਿਆਨੀ ਬੂਝਹੁ ਕੋਇ ।**

(ਮਲਾਰ, 1,276)

ਏਥੇ ਆਈਆਂ ਕਿਰਿਆਵਾਂ 'ਜਪਹੁ' ਤੇ 'ਬੂਝਹੁ' ਦੀ ਥਾਂ ਅਜੋਕੀ ਭਾਸ਼ਾ ਵਿਚ 'ਜਪੋ' ਤੇ 'ਬੁੱਝੋ' ਕਿਹਾ ਜਾਂਦਾ ਹੈ :

**ਤੂੰ ਆਪੇ ਹੀ ਘੜਿ ਭੰਨਿ ਸਵਾਰਹਿ ।**

(ਮਾਝ, 113)

ਕਿਰਿਆ 'ਸਵਾਰਹਿ' ਦਾ ਅੱਜ-ਕੱਲ੍ਹ ਦਾ ਰੂਪ 'ਸਵਾਰੇਂ' ਹੈ । ਪਰ ਕਿਰਿਆ ਨਾਲ ਆਉਣ ਵਾਲੇ ਲਿੰਗ-ਵਚਨ ਦੇ ਪਿਛੇਤਰ ਆਮ ਤੌਰ ਤੇ, ਕਾਇਮ ਰਹੇ ਹਨ; ਅਰਥਾਤ ਜਿਹੜੇ ਪਿਛੇਤਰ ਪੁਲਿਗ ਜਾਂ ਇਸਤਰੀ ਲਿੰਗ ਲਈ ਗੁਰੂ ਅਮਰਦਾਸ ਦੀ ਭਾਸ਼ਾ ਵਿਚ ਵਰਤੇ ਗਏ ਹਨ, ਉਹ ਅੱਜ ਵੀ ਵਰਤੇ ਜਾ ਰਹੇ ਹਨ :

**ਤਿਨ ਕਾ ਜਨਮ ਮਰਣ ਦੁਖੁ ਲਾਥਾ ।**

(ਆਸਾ, 362)

ਕਿਰਿਆ 'ਲਾਥਾ' ਦਾ ਪਿਛੇਤਰ—ਆ ਇਕ ਵਚਨ, ਪੁਲਿਗ ਦਾ ਚਿੰਨ੍ਹ ਹੈ ਜੋ ਅਜ ਵੀ ਮੌਜੂਦ ਹੈ :

**ਖੋਟੇ ਖਰੇ ਤੁਧੁ ਆਪਿ ਉਪਾਏ ।**

(ਮਾਝ, 119)

'ਉਪਾਏ' ਦਾ ਪਿਛੇਤਰ—ਏ ਬਹੁ ਵਚਨ, ਪੁਲਿੰਗ ਲਈ ਆਇਆ ਹੈ, ਅਤੇ ਅੱਜ ਵੀ ਬਹੁ ਵਚਨ ਪੁਲਿੰਗ ਦਾ ਪਿਛੇਤਰ—ਏ ਹੀ ਹੈ ।

4-4-6. ਅੱਜ ਪੰਜਾਬੀ ਵਿਚ ਸਮਾਸੀ ਕਿਰਿਆਵਾਂ ਬਹੁਤ ਵਰਤੀਆਂ ਜਾਂਦੀਆਂ ਹਨ—ਬੈਠ ਗਿਆ, ਰੱਖ ਛੱਡੀ, ਕਰ ਦਿੱਤੇ, ਲਿਖ ਲਿਆ, ਦੇ ਆ, ਬਹਿ ਜਾ, ਆਦਿ ਵਿਚ ਦੋ-ਦੋ ਕਿਰਿਆਵਾਂ ਆਈਆਂ ਹਨ । ਕਈਆਂ ਹਾਲਤਾਂ ਵਿਚ ਤਿੰਨਾਂ ਕਿਰਆਵਾਂ ਦਾ ਸਮਾਸ ਵੀ ਬਣਦਾ ਹੈ ।



Digitized by Panjab Digital Library | www.panjabdigilib.org

'ਚਿੱਠੀ ਲਿਖੀ ਗਈ ਹੋਵੇਗੀ' ਵਿਚ ਤਿੰਨ ਕਿਰਿਆਵਾਂ ਵਰਤ ਕੇ ਇਕ ਸਮਾਸੀ ਰੂਪ ਬਣਾਇਆ ਹੈ। ਅਜਿਹੇ ਸਮਾਸੀ ਰੂਪ ਆਧੁਨਿਕ ਪੰਜਾਬੀ ਦੀ ਇਕ ਉਘੀ ਵਿਸ਼ੇਸ਼ਤਾ ਹੈ। ਪਰ ਗੁਰੂ ਸਾਹਿਬ ਦੀ ਬਾਣੀ ਵਿਚ ਸਮਾਸੀ ਕਿਰਿਆਵਾਂ ਬਹੁਤ ਘੱਟ ਮਿਲਦੀਆਂ ਹਨ । ਸਿਰਫ ਟਾਂਵੇਂ ਟਾਂਵੇਂ ਹੀ ਸਮਾਸੀ ਰੂਪ ਦਿਸਦੇ ਹਨ, ਜਿਵੇਂ, 'ਸਾਚਾ ਸਾਹਿਬ ਮਾਹਰੋ ਸਤਿਗੁਰਿ ਦੀਆ ਦਿਖਾਇ' (ਮਲਾਰ, 1277), ਵਿਚ 'ਦੀਆ ਦਿਖਾਇ' ਅਥਵਾ 'ਦਿਖਾਇ ਦੀਆ, ਸਮਾਸੀ ਰੂਪ ਹੈ। ਏਵੇਂ ਹੀ, 'ਜਿਨੀ ਨਾਮੁ ਵਿਸਾਰਿਆ ਸੇ ਮੁਏ ਮਰਿ ਜਾਹਿ' (ਆਸਾ, 429) ਵਿਚ 'ਮਰਿ ਜਾਹਿ' ਵੀ ਸਮਾਸ ਹੈ ।

4-4-7. ਭਵਿਖਤ ਦੀ ਕਿਰਿਆ ਦਾ 'ਗ' ਵਾਲਾ ਰੂਪ ਗੁਰੂ ਸਾਹਿਬ ਦੀ ਬਾਣੀ ਵਿਚ ਬਹੁਤ ਘੱਟ ਦਿਸਦਾ ਹੈ। ਕੁਝ ਤਾਂ ਬਾਣੀ ਦਾ ਵਿਸ਼ਾ ਹੀ ਐਸਾ ਹੈ ਜਿਸ ਵਿਚ ਭਵਿਖਤ ਸੰਬੰਧੀ ਕੁਝ ਕਹਿਣ ਦਾ ਘਟ ਅਵਸਰ ਹੈ। ਫੇਰ, ਕਈ ਥਾਈਂ ਸੰਭਾਵੀ ਰੂਪ ਵਾਲੀ ਕਿਰਿਆ ਤੋਂ ਭਵਿਖਤ ਦੇ ਅਰਥ ਲਏ ਹਨ। ਕਿਤੇ ਕਿਤੇ ਲਹਿੰਦੀ ਵਾਲਾ ਭਵਿਖਤ ਵੀ ਵਰਤਿਆ ਹੈ :

**ਜੇਹਾ ਆਇਆ ਤੇਹਾ ਜਾਸੀ ।**

(ਮਾਝ, 11)

ਗੁਰੂ ਅਮਰਦਾਸ ਦੀ ਬਾਣੀ ਵਿਚ ਆਈਆਂ ਕਿਰਿਆਵਾਂ ਦੇ ਇਹ ਕੁਝ ਮੋਟੇ ਮੋਟੇ ਲੱਛਣ ਹਨ ।

## 4.5. ਵਿਸ਼ੇਸ਼ਣ

4-5-1. ਅੱਜ ਪੰਜਾਬੀ ਵਿੱਚ ਵਿਸ਼ੇਸ਼ਣਾਂ ਦੀਆਂ ਦੋ ਸ਼੍ਰੇਣੀਆਂ ਹਨ—ਇਕ ਉਹ ਵਿਸ਼ੇਸ਼ਣ ਜਿਨ੍ਹਾਂ ਦਾ ਰੂਪ ਵਿਸ਼ੇਸ਼ ਦੇ ਲਿੰਗ-ਵਚਨ ਅਨੁਸਾਰ ਬਦਲਦਾ ਹੈ। ਇਸ ਸ਼੍ਰੇਣੀ ਦੇ ਵਿਸ਼ੇਸ਼ਣਾਂ ਦੇ ਇਕ ਵਚਨ ਪੁਲਿੰਗ ਰੂਪ ਨਾਲ ਪਿਛੇਤਰ—ਆ ( ਾ ) ਹੁੰਦਾ ਹੈ, ਅਤੇ ਇਸ ਦੇ ਬਾਕੀ ਰੂਪ —ਆ— ਅੰਤਿਕ ਪੁਲਿੰਗ ਨਾਵਾਂ ਵਾਂਗ ਬਣਦੇ ਹਨ : ਕਾਲਾ ਬੱਕਰਾ, ਕਾਲੇ ਬੱਕਰੇ, ਕਾਲੀ ਬੱਕਰੀ, ਕਾਲੀਆਂ ਬੱਕਰੀਆਂ। ਏਥੇ ਵਿਸ਼ੇਸ਼ਣ 'ਕਾਲਾ' ਦੇ ਰੂਪ ਨਾਂਵ ਬੱਕਰਾ ਦੇ ਲਿੰਗ-ਵਚਨ ਅਨੁਸਾਰ ਬਦਲਦੇ ਗਏ ਹਨ। ਦੂਜੀ ਸ਼੍ਰੇਣੀ ਦੇ ਵਿਸ਼ੇਸ਼ਣਾਂ ਦਾ ਰੂਪ ਸਥਿਰ ਰਹਿੰਦਾ ਹੈ, ਅਰਥਾਤ ਇਸ ਉੱਤੇ ਵਿਸ਼ੇਸ਼ ਦੇ ਲਿੰਗ-ਵਚਨ ਦਾ ਪ੍ਰਭਾਵ ਨਹੀਂ ਪੈਂਦਾ—ਲਾਲ ਬੱਕਰਾ, ਲਾਲ ਬੱਕਰੇ, ਲਾਲ ਬੱਕਰੀ ਲਾਲ ਬੱਕਰੀਆਂ। ਇਨ੍ਹਾਂ ਦੋਂਹ ਵਿਸ਼ੇਸ਼ਣਾਂ ਦੇ ਆਧਾਰ ਤੇ ਕਈ ਵਾਰ ਇਹਨਾਂ ਸ਼੍ਰੇਣੀਆਂ ਨੂੰ 'ਕਾਲਾ ਸ਼੍ਰੇਣੀ' ਤੇ 'ਲਾਲ ਸ਼੍ਰੇਣੀ' ਦੇ ਨਾਮ ਦਿੱਤੇ ਜਾਂਦੇ ਹਨ।

4-5-2. ਗੁਰੂ ਅਮਰਦਾਸ ਜੀ ਦੀ ਬਾਣੀ ਵਿਚ (ਅਤੇ ਏਵੇਂ ਹੀ ਪੂਰੀ ਗੁਰਬਾਣੀ ਵਿਚ) ਪਹਿਲੀ ਸ਼੍ਰੇਣੀ ਦੇ ਵਿਸ਼ੇਸ਼ਣਾ ਦਾ ਰੂਪ ਅੱਜ ਵਾਂਗ ਹੀ ਲਿੰਗ-ਵਚਨ ਅਨੁਸਾਰ ਬਦਲਦਾ ਹੈ। ਬਾਣੀ ਦੀ ਭਾਸ਼ਾ ਦਾ ਮੁੱਖ ਫਰਕ ਦੂਜੀ ਸ਼੍ਰੇਣੀ ਦੇ ਵਿਸ਼ੇਸ਼ਣਾਂ ਦੇ ਪੱਖ ਤੋਂ ਹੈ। ਦੂਜੀ ਸ਼੍ਰੇਣੀ ਦੇ ਵਧੇਰੇ ਵਿਸ਼ੇਸ਼ਣ ਵਿਅੰਜਨ-ਅੰਤਿਕ ਹੁੰਦੇ ਹਨ, ਅਤੇ ਗੁਰਬਾਣੀ ਵਿਚ ਵਿਅੰਜਨ-ਅੰਤਿਕ ਵਿਸ਼ੇਸ਼ਣਾਂ ਉੱਤੇ ਲਿੰਗ-ਵਚਨ



Digitized by Panjab Digital Library | www.panjabdigilib.org

ਦਾ ਪ੍ਰਭਾਵ ਪੈਂਦਾ ਹੈ, ਭਾਵੇਂ ਇਸ ਦੇ ਰੂਪ ਪਹਿਲੀ ਸ੍ਰੇਣੀ ਵਾਲੇ ਨਹੀਂ ਬਣਦੇ। ਕੁਝ ਉਦਾਹਰਣ ਵੇਖੇ ਜਾਣ :

**ਮਨੁ ਚੰਚਲੁ ਬਹੁ ਚੋਟਾ ਖਾਇ ।**

(ਆਸਾ, 362)

**ਗੁਰਮੁਖਿ ਹਉਮੈ ਮਾਰੀਐ ਮਨੁ ਨਿਰਮਲੁ ਹੋਈ ।**

(ਆਸਾ, 424)

ਪਹਿਲੀ ਤੁਕ ਵਿਚ ਚੰਚਲੁ ਇਕ ਵਚਨ, ਪੁਲਿੰਗ 'ਮਨੁ' ਦਾ ਵਿਸ਼ੇਸ਼ਣ ਹੈ, ਇਸ ਲਈ ਇਹ -ਉ-ਅੰਤਿਕ ਹੈ, ਅਰਥਾਤ ਅੰਤਿਮ ਵਿਅੰਜਨ ਨੂੰ ਔਂਕੜ ਲੱਗਾ ਹੈ। ਏਵੇਂ ਹੀ ਦੂਜੀ ਪੰਕਤੀ ਵਿਚ 'ਨਿਰਮਲੁ' ਇਕ ਵਚਨ, ਪੁਲਿੰਗ ਹੈ, ਸੋ-ਉ ਅੰਤਿਕ ਹੈ ।

ਜੇ ਵਿਸ਼ੇਸ਼ (ਨਾਂਵ) ਇਕ ਵਚਨ, ਇਸਤਰੀ ਲਿੰਗ ਹੋਵੇ ਤਾਂ ਅੰਤਿਮ ਵਿਅਜਨ ਨੂੰ ਕੋਈ ਮਾਤਰਾ ਨਹੀਂ ਲੱਗੇਗੀ :

**ਕਲਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ ।**

(ਭੈਰਉ, 1130)

**ਨਿਰਮਲ ਜੋਤਿ ਪਸਰਿ ਰਹੀ ਜੋਤੀ ਜੋਤਿ ਮਿਲਾਈ ।**

(ਆਸਾ, 424)

ਪਹਿਲੀ ਤੁਕ ਵਿਚ 'ਹੋਰ' ਦੇ ਅੰਤਿਮ ਵਿਅੰਜਨ 'ਹ' ਨੂੰ ਕੋਈ ਮਾਤਰਾ ਨਹੀਂ ਲੱਗੀ, ਕਿਉਂਕਿ ਏਥੇ 'ਹੋਰ' ਨਾਂਵ 'ਰੁਤਿ'—ਇਕ ਵਚਨ, ਇਸਤਰੀ ਲਿੰਗ ਦਾ ਵਿਸ਼ੇਸ਼ਣ ਹੈ। ਏਵੇਂ ਹੀ ਦੂਜੀ ਤੁਕ ਵਿਚ 'ਨਿਰਮਲ' ਇਸਤਰੀ ਲਿੰਗ ਨਾਂਵ 'ਜੋਤਿ' ਦਾ ਵਿਸ਼ੇਸ਼ਣ ਹੈ ਸੋ ਅੰਤਿਮ ਵਿਅੰਜਨ ਮੁਕਤਾ ਹੈ।

4-5-3. ਬਹੁ ਵਚਨ ਵਿਸ਼ੇਸ਼ਣਾਂ ਵਿੱਚੋਂ ਅਵਰ, ਹੋਰ, ਸਭ, ਇਕੁ ਜੇ ਕਰਤਾ ਕਾਰਕ ਵਾਲੇ ਨਾਂਵ ਨਾਲ ਆਉਣ ਤਾਂ—ਇ-ਅੰਤਿਕ ਹੁੰਦੇ ਹਨ, ਅਰਥਾਤ ਅੰਤਿਮ ਵਿਅੰਜਨ ਨੂੰ ਸਿਹਾਰੀ ਲਗਦੀ ਹੈ। ਬਾਕੀ ਵਿਸ਼ੇਸ਼ਣ ਬਹੁ ਵਚਨ ਵਿਚ ਵਿਅੰਜਨ-ਅੰਤਿਕ, ਅਰਥਾਤ ਮੁਕਤਾ ਵਿਅੰਜਨ ਵਾਲੇ ਹੀ ਰਹਿੰਦੇ ਹਨ। ਇਸ ਨਿਯਮ ਨੂੰ ਸਪਸ਼ਟ ਕਰਨ ਲਈ ਹੇਠਾਂ ਵਿਸ਼ੇਸ਼ਣ ਸਭ ਦੇ ਉਦਾਹਰਨ ਦਿੱਤੇ ਗਏ ਹਨ :—

**ਨਦਰੀ ਆਵਦਾ ਸਭੁ ਕਿਛੁ ਬਿਨਸੈ .....।**

(ਰਾਮਕਲੀ, 908)

**ਬਿਨੁ ਸਤਿਗੁਰ ਸਭ ਮੁਈ ਬਿਲਾਇ ।**

(ਧਨਾਸਰੀ, 664)

**ਕਰਿ ਸਾਂਤਿ ਸੁਖੁ ਮਨਿ ਆਇ ਵਸਿਆ**
**ਜਿਨਿ ਇਛਾ ਸਭਿ ਪੁਜਾਈਆ ।**

(ਰਾਮਕਲੀ, ਅਨੰਦ)

**ਕਿਲ ਵਿਖ ਪਾਪ ਸਭ ਕਟੀਅਹਿ...**

(ਆਸਾ, 424)



Digitized by Panjab Digital Library | www.panjabdigilib.org

ਪਹਿਲੀ ਪੰਕਤੀ ਵਿਚ 'ਸਭੁ' ਇਕ ਵਚਨ, ਪੁਲਿੰਗ ਹੈ (ਸਭੁ ਕਿਛੁ), ਦੂਜੀ ਪੰਕਤੀ ਵਿਚ 'ਸਭ ਮੁਈ' ਦਾ 'ਸਭ' ਇਕ ਵਚਨ, ਇਸਤਰੀ ਲਿੰਗ ਹੈ, ਤੀਜੀ ਪੰਕਤੀ 'ਇਛਾ ਸਭਿ' ਵਿਚ 'ਸਭਿ' ਬਹੁਵਚਨ, ਇਸਤਰੀ ਲਿੰਗ, ਕਰਮ ਕਾਰਕ ਹੈ। ਚੌਥੀ ਪੰਕਤੀ ਵਿਚ 'ਸਭ' ਬਹੁ ਵਚਨ' ਪੁਲਿੰਗ ਹੈ ਪਰ ਇਹ ਵਿਸ਼ੇਸ਼ ਵਾਕ-ਰਚਨਾ ਵਿਚ ਆਇਆ ਹੈ।

ਇਹਨਾਂ ਉਦਾਹਰਣਾਂ ਤੋਂ ਸਪਸ਼ਟ ਹੈ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵਿਸ਼ੇਸ਼ਣਾਂ ਦੀ ਰੂਪ-ਸਾਧਨਾ ਅੱਜ ਨਾਲੋਂ ਫ਼ਰਕ ਵਾਲੀ ਸੀ, ਅਤੇ ਕਾਫੀ ਜਟਿਲ ਸੀ।

### 4-6. ਕਿਰਆ ਵਿਸ਼ੇਸ਼ਣ

ਪੜਨਾਵੀਂ ਵਿਸ਼ੇਸ਼ਣਾਂ ਵਾਂਗ ਕੁਝ ਕਿਰਿਆ ਵਿਸ਼ੇਸ਼ਣਾਂ ਦੇ ਵੀ ਚਾਰ-ਚਾਰ ਦਰਜੇ ਗੁਰੂ ਸਾਹਿਬ ਦੀ ਭਾਸ਼ਾ ਵਿਚ ਮਿਲਦੇ ਹਨ :—

ਇਵ ਜਿਵ ਕਿਵ ਤਿਵ

ਅਤੇ ਇਹਨਾਂ ਦੇ ਦੂਜੇ ਰੂਪ

ਇਉ ਜਿਉ ਕਿਉ ਤਿਉ

ਇਹਨਾਂ ਅੰਤਿਮ ਰੂਪਾਂ ਵਿਚ ਹੀ ਨਾਸਿਕਤਾ ਦਾ ਵਾਧਾ ਹੋਣ ਉਪਰੰਤ ਸਾਡੇ ਅਜੋਕੇ ਰੂਪ ਇਉਂ ਜਿਉਂ, ਕਿਉਂ ਬਣੇ ਹਨ। ਇਵ, ਜਿਵ, ਕਿਵ, ਦੀ ਥਾਂ ਏਵ, ਜੇਵ, ਕੇਵ ਵੀ ਵਰਤੇ ਗਏ ਹਨ।

ਸਥਾਨ ਵਾਚੀ ਕਿਰਿਆ ਵਿਸ਼ੇਸ਼ਣਾਂ ਦੀ ਇਕ ਹੋਰ ਪ੍ਰਸਿੱਧ ਲੜੀ ਹੈ :—

ਐਥੈ, ਓਥੈ, ਜਿਥੈ, ਕਿਥੈ, ਤਿਥੈ

ਇਹਨਾਂ ਕਿਰਿਆ ਵਿਸ਼ੇਸ਼ਣਾਂ ਦਾ ਅੰਤਿਮ —ਐ ਅੱਜ—ਏ (ਲਾਂ) ਵਿਚ ਬਦਲ ਚੁੱਕਾ ਹੈ। ਉਂਵ ਇਹ ਸਾਰੇ ਹੀ ਕਿਰਿਆ ਵਿਸ਼ੇਸ਼ਣ ਹੁਣ ਵੀ ਪੰਜਾਬੀ ਵਿਚ ਮੌਜੂਦ ਹਨ। ਏਵੇਂ ਹੀ ਅਗੈ/ਆਗੈ ਪਿਛੈ/ਨੇੜੈ, ਜੋ ਵੀ ਗੁਰਬਾਣੀ ਵਿਚ —ਐ-ਅੰਤਿਕ ਹਨ, ਅੱਜ—ਏ-ਅੰਤਿਕ ਹੋ ਗਏ ਹਨ।

ਕੁਝ ਕਿਰਿਆ ਵਿਸ਼ੇਸ਼ਣ ਜੋ ਬਾਣੀ ਵਿਚ ਵਰਤੇ ਗਏ ਹਨ ਅੱਜ ਪ੍ਰਚਲਤ ਨਹੀਂ। ਬਹੁੜਿ/ਬਾਹੁੜਿ ਬਾਹੁੜਿ, ਨਿਮਖ, ਫੁਨਿ, ਕਾਹਿ, ਭੀਤਰਿ, ਹਜੂਰਿ/ਹਦੂਰਿ, ਸਮਸਰਿ ਆਦਿ ਅਜਿਹੇ ਕਿਰਿਆ ਵਿਸ਼ੇਸ਼ਣਾਂ ਦੇ ਉਦਾਹਰਣ ਹਨ।

### 4-7. ਸੰਬੰਧਕ, ਯੋਜਕ, ਵਿਸਮਕ ਆਦਿ

4-7-1. ਸੰਬੰਧਕਾਂ ਦੀ ਵਰਤੋਂ ਆਧੁਨਿਕ ਭਾਰਤ ਆਰੀਆ ਭਾਸ਼ਾ ਦੀ ਵਿਸ਼ੇਸ਼ਤਾ ਹੈ। ਵੈਦਿਕ ਤੇ ਸੰਸਕ੍ਰਿਤ ਤੋਂ ਲੈ ਕੇ ਪ੍ਰਾਕ੍ਰਿਤਾਂ ਤਕ ਸੰਬੰਧਕ ਹੋਂਦ ਵਿਚ ਨਹੀਂ ਸਨ ਆਏ।



Digitized by Panjab Digital Library | www.panjabdigilib.org

ਪ੍ਰਾਕ੍ਰਿਤਾਂ ਵਿਚ ਸੰਬੰਧਕਾਂ ਦੀ ਵਰਤੋਂ ਵਾਲੀ ਦਸ਼ਾ ਬਣਨੀ ਸ਼ੁਰੂ ਹੋ ਗਈ ਸੀ। ਅਰਥਾਤ ਕੁਝ ਸ਼ਬਦਾਂ ਦੀ ਸੰਬੰਧਕਾਂ ਵਰਗੀ ਵਰਤੋਂ ਹੋਣ ਲਗ ਪਈ ਸੀ, ਪਰ ਸੰਬੰਧਕਾਂ ਦਾ ਵਿਕਾਸ ਅਪਭ੍ਰੰਸ਼ਾਂ ਵਿਚ ਹੀ ਹੋਇਆ ਅਤੇ ਆਧੁਨਿਕ ਭਾਸ਼ਾਵਾਂ ਵਿਚ ਇਹਨਾਂ ਦੀ ਸਥਿਤੀ ਸਥਿਰ ਹੋਈ ਹੈ। ਗੁਰੂ-ਕਾਲ ਦੀ ਪੰਜਾਬੀ ਵਿਚ 'ਨੇ' ਤੋਂ ਬਿਨਾ ਬਾਕੀ ਅੱਜ ਵਾਲੇ ਬਹੁਤੇ ਸੰਬੰਧਕ ਆ ਚੁੱਕੇ ਸਨ, ਭਾਵੇਂ ਇਹਨਾਂ ਵਿੱਚੋਂ ਕਈਆਂ ਦਾ ਰੂਪ ਅੱਜ ਨਾਲੋਂ ਕੁਝ ਵਖਰਾ ਸੀ। ਪਰ ਅਸੀਂ ਵੇਖ ਚੁਕੇ ਹਾਂ ਕਿ ਗੁਰੂ ਅਮਰਦਾਸ ਜੀ ਦੀ ਭਾਸ਼ਾ ਅਜੋਕੀ ਪੰਜਾਬੀ ਨਾਲੋਂ ਵਧੇਰੇ ਸੰਜੋਗਾਤਮਿਕ ਸੀ ਅਤੇ ਸੰਬੰਧਕਾਂ ਦੀ ਥਾਂ ਕਾਰਕੀ ਪਿਛੇਤਰ ਵਰਤੇ ਜਾਂਦੇ ਸਨ। ਅਸਲ ਸਥਿਤੀ ਇਹ ਹੈ ਕਿ ਬਾਣੀ ਦੀ ਭਾਸ਼ਾ ਵਿਚ ਕਾਰਕੀ ਪਿਛੇਤਰ ਅਤੇ ਸੰਬੰਧਕ ਨਾਲੋ-ਨਾਲ ਵਰਤੇ ਜਾ ਰਹੇ ਸਨ। ਸੰਬੰਧਕ ਮੌਜੂਦ ਸਨ, ਫੇਰ ਵੀ ਵਧੇਰੇ ਹਾਲਤਾਂ ਵਿਚ ਕਾਰਕੀ ਪਿਛੇਤਰਾਂ ਦਾ ਸਹਾਰਾ ਲਿਆ ਜਾਂਦਾ ਸੀ। ਕਾਵਿ ਦੀ ਭਾਸ਼ਾ ਵਿਚ ਵਿਸ਼ੇਸ਼ ਸੰਜਮ ਦੀ ਲੋੜ ਹੁੰਦੀ ਹੈ, ਇਸ ਲਈ ਸੰਬੰਧਕਾਂ ਦੀ ਥਾਂ ਪਿਛੇਤਰ ਵਰਤਣ ਦਾ ਯਤਨ ਕੀਤਾ ਜਾਂਦਾ ਸੀ। 'ਵਿਚ' ਤੇ 'ਅੰਦਰ' ਦੋਵੇਂ ਸੰਬੰਧਕ ਉਸ ਸਮੇਂ ਵਰਤੋਂ ਵਿਚ ਆ ਚੁੱਕੇ ਸਨ, ਫੇਰ ਵੀ 'ਮਨ ਵਿਚ' ਜਾਂ 'ਮਨ ਅੰਦਰ' ਕਹਿਣ ਦੀ ਬਜਾਇ 'ਮਨਿ' ਕਹਿਣਾ ਕਾਵਿ ਲਈ ਵਧੇਰੇ ਢੁਕਵਾਂ ਸੀ। 'ਹੁਕਮ ਨਾਲ' 'ਹੁਕਮ ਦੁਆਰਾ' ਆਖਣ ਦੀ ਥਾਂ 'ਹੁਕਮੀ' ਜਾਂ 'ਹੁਕਮਿ' ਕਹਿਣ ਨਾਲ ਕਾਵਿ ਦਾ ਬਹਿਰ, ਅਤੇ ਇਸ ਤੋਂ ਵੀ ਵਧੇਰੇ, ਸੰਜਮ ਤੇ ਸੰਕੋਚ ਰੱਖਣ ਵਿਚ ਜ਼ਿਆਦਾ ਸਹਾਇਤਾ ਮਿਲਦੀ ਸੀ। ਕਹਿਣ ਦਾ ਭਾਵ ਇਹ ਕਿ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ (ਅਤੇ ਬਾਕੀ ਸਾਰੀ ਗੁਰਬਾਣੀ ਵਿਚ ਵੀ) ਸੰਬੰਧਕਾਂ ਨਾਲੋਂ ਕਾਰਕੀ ਪਿਛੇਤਰਾਂ ਵਾਲਾ ਸਾਧਨ ਜ਼ਿਆਦਾ ਅਪਣਾਇਆ ਗਿਆ ਹੈ, ਭਾਵੇਂ ਸੰਬੰਧਕ ਵੀ ਵਰਤੇ ਗਏ ਹਨ।

4-7-2. ਕੁਝ ਸੰਬੰਧਕ ਅਜਿਹੇ ਹਨ ਜੋ ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਮੌਜੂਦ ਹਨ, ਪਰ ਅੱਜ ਉਹ ਲੋਪ ਹੋ ਚੁੱਕੇ ਹਨ, ਜਿਵੇਂ ਸਾਣ (ਵਾਂਗ), ਸੰਗ, 'ਵਿਟਹੁ, ਹੇਤ, ਮਧੇ, ਸਿਉਂ, ਤਾਈ, ਬਾਹਰਾ ਆਦਿ। ਕੁਝ ਸੰਬੰਧਕਾਂ ਦੇ ਰੂਪ ਵਿਚ ਕੁਝ ਫ਼ਰਕ ਆ ਗਿਆ ਹੈ— ਗੁਰੂ ਸਾਹਿਬ ਨੇ 'ਨੋ' ਜਾਂ 'ਨਉ' ਵਰਤਿਆ ਹੈ, ਅੱਜ ਅਸੀਂ 'ਨੂੰ' ਉਚਾਰਦੇ ਹਾਂ, ਗੁਰਬਾਣੀ ਵਿਚ ਆਏ "ਤੈ" ਜਾਂ 'ਤੇ' ਦੀ ਥਾਂ ਹੁਣ ਅਸੀਂ 'ਤੋਂ' ਬੋਲਦੇ ਹਾਂ, ਅੱਜ 'ਬਿਨਾ'. ਜਾਂ 'ਬਿਨ' ਆਖਿਆ ਜਾਂਦਾ ਹੈ, ਗੁਰੂ ਅਮਰਦਾਸ ਜੀ ਨੇ 'ਬਿਨੁ' ਜਾਂ ਵਿਣੁ' ਦੀ ਵਰਤੋਂ ਕੀਤੀ ਹੈ। ਅੰਦਰ, ਬਾਹਰ, ਉਪਰ, ਵਿਚ, ਨਾਲ ਹਰ ਥਾ ਪਿਛੇਤਰ—ਇ ਆਇਆ ਹੈ (ਅੰਦਰਿ, ਬਾਹਰਿ...ਆਦਿ)। ਦਾ/ਦੇ/ਦੀ ਉਸ ਸਮੇਂ ਦੀ ਪੰਜਾਬੀ ਵਿਚ ਆ ਚੁੱਕੇ ਸਨ, ਪਰ ਗੁਰੂ ਅਮਰਦਾਸ ਜੀ ਨੇ ਕਾ, ਕੇ, ਕੀ, ਕੀਆ ਹੀ ਵਰਤੇ ਹਨ। ਦੇ/ਦੈ ਆਪ ਦੀ ਬਾਣੀ ਵਿਚ ਬਹੁਤ ਘੱਟ ਵੇਖਣ ਵਿਚ ਆਏ ਹਨ।

4-7-3. 'ਨੇ' ਇਕ ਅਜਿਹਾ ਸੰਬੰਧਕ ਹੈ ਜੋ ਅੱਜ ਪੰਜਾਬੀ ਵਿਚ ਬਹੁਤ ਵਰਤਿਆ ਜਾਂਦਾ ਹੈ, ਪਰ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਇਹ ਕਿਤੇ ਨਹੀਂ ਮਿਲਦਾ। ਪ੍ਰਮਾਣਿਕ ਸਾਹਿਤ ਵਿਚ 'ਨੇ' ਪਹਿਲੀ ਵਾਰ ਚੰਡੀ ਦੀ ਵਾਰ ਵਿਚ ਨਜ਼ਰ ਆਉਂਦਾ ਹੈ।



Digitized by Panjab Digital Library | www.panjabdigilib.org

4-7-4. ਯੋਜਕਾਂ ਵਿਚੋਂ 'ਤੇ' ਜਾਂ 'ਤੈ' ਮੌਜੂਦ ਹੈ, ਹਿੰਦੀ 'ਔਰ' ਦਾ ਪਹਿਲਾ ਰੂਪ 'ਅਵਰ' ਜਾਂ 'ਅਉਰ' ਕਾਫ਼ੀ ਵਰਤਿਆ ਹੈ। 'ਜਾਂ-ਤਾਂ' ਵਰਤੇ ਹਨ, 'ਪਰ' ਵ੍ਹੀ ਹੈ, ਪਰ 'ਪਰੰਤੂ' ਨਹੀਂ, ਫ਼ਾਰਸੀ ਵਾਲਾ 'ਕਿ' ਵੀ ਅਜੇ ਨਹੀਂ ਅਪਣਾਇਆ ਗਿਆ। ਪਰ ਯੋਜਕਾਂ ਦੀ ਵਰਤੋਂ ਦਾ ਅਵਸਰ ਘੱਟ ਸੀ, ਇਸ ਲਈ ਇਹ ਅਨੁਮਾਨ ਲਾਉਣਾ ਔਖਾ ਹੈ ਕਿ ਆਮ ਬੋਲ ਚਾਲ ਦੀ ਪੰਜਾਬੀ ਵਿਚ ਉਸ ਸਮੇਂ ਯੋਜਕਾਂ ਦੀ ਕੀ ਸਥਿਤੀ ਸੀ ।

4-7-5. ਕੁਝ ਹੋਰ ਸ਼ਬਦ ਜੋ ਕਦੇ ਸੰਬੰਧਕ ਦੇ ਤੌਰ ਤੇ ਵਰਤੇ ਜਾਂਦੇ ਹਨ ਤੇ ਕਦੇ ਕਿਸੇ ਹੋਰ ਵਿਆਕਰਨਿਕ ਸਥਿਤੀ ਵਿਚ, ਗੁਰੂ ਅਮਰਦਾਸ ਜੀ ਦੀ ਭਾਸ਼ਾ ਵਿਚ ਨਹੀਂ ਦਿਸਦੇ, ਜਿਵੇਂ ਲਾਗੇ, ਲਾਂਭੇ, ਵਰਗਾ। ਸੰਬੰਧਕਾਂ ਤੇ ਯੋਜਕਾ ਤੋਂ ਇਲਾਵਾ ਕੁਝ ਹੋਰਨਾ ਸ਼ਬਦਾਂ ਦੀ ਸਥਿਤੀ ਵੀ ਵਿਚਾਰਨ ਵਾਲੀ ਹੈ, ਕੋਲ, ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਕਿਤੇ ਨਹੀਂ ਆਇਆ, ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਦੋ ਵਾਰੀ ਵਰਤਿਆ ਹੈ, ਪਰ ਓਥੇ ਵੀ ਇਸ ਦਾ ਸੰਬੰਧਕੀ ਰੂਪ ਸਪਸ਼ਟ ਨਹੀਂ ਹੁੰਦਾ । 'ਕਿਵ' ਬਾਣੀ ਵਿਚ ਆਮ ਵਰਤਿਆ ਗਿਆ ਹੈ, ਪਰ ਅੱਜ ਇਹ ਕਿਤੇ ਨਹੀ ਬੋਲਿਆਂ ਜਾਂਦਾ , ਇਸ ਦੇ ਅਰਥਾਂ ਵਿਚ ਵਰਤੇ ਜਾਣ ਵਾਲੇ ਅਜੋਕੀ ਭਾਸ਼ਾ ਦੇ ਸ਼ਬਦ 'ਕਿੰਵ' ਜਾਂ 'ਕਿਵੇਂ' ਗੁਰਬਾਣੀ ਵਿਚ ਨਹੀਂ ਮਿਲਦੇ। 'ਕਦੇ' ਬਾਣੀ ਵਿਚ ਆਇਆ ਹੈ, 'ਕਦੋ' ਦਾ ਪੁਰਾਣਾ ਰੂਪ 'ਕਦਉ' ਮਿਲਦਾ ਹੈ ਪਰ ਬਹੁਤ ਘੱਟ । 'ਕਿਨਾ' ਤੇ ਕਿਨਾਹ' ਮੌਜੂਦ ਹਨ, ਪਰ 'ਕਿੰਨਾ' ਨਹੀਂ । 'ਉਪਰਿ' ਕਿਰਿਆ ਵਿਸ਼ੇਸ਼ਣ ਵਜੋਂ ਵੀ ਵਰਤਿਆ ਗਿਆ ਹੈ, ਅਤੇ ਸੰਬੰਧਕ ਦੇ ਰੂਪ ਵਿਚ ਵੀ ਮਿਲਦਾ ਹੈ, ਪਰ 'ਉੱਤੇ' ਦੀ ਵਰਤੋਂ ਅਜੇ ਆਰੰਭ ਨਹੀਂ ਹੋਈ ਅਤੇ ਇਸ ਦਾ ਵਿਰੋਧ-ਅਰਥੀ ਸ਼ਬਦ 'ਹੇਠਾਂ' ਵੀ ਗੁਰਬਾਣੀ ਵਿਚ ਨਹੀਂ ਮਿਲਦਾ; ਹਾਂ 'ਹੇਠਿ' ਕੁਝ ਥਾਵਾਂ ਤੇ ਆਇਆ ਹੈ। ਸਗੋਂ 'ਵਰਗਾ', ਐਵੇਂ, ਜਿਵੇਂ, ਨਜ਼ਰ ਨਹੀਂ ਆਉਂਦੇ। 'ਕੌਣ' ਦੇ ਪੁਰਾਣੇ ਰੂਪ 'ਕਵਣ' ਜਾਂ 'ਕਉਣ' ਅਵਸ਼ ਹਨ, ਪਰ ਇਹ ਅੱਜ-ਕੱਲ੍ਹ ਵਾਲਾ ਰੂਪ (ਕੌਣ) ਕਿਤੇ ਨਹੀਂ ਆਇਆ। 'ਕੁਛ' ਦੀ ਥਾਂ ਗੁਰਬਾਣੀ ਵਿਚ ਕਛੁ, ਕਛੂ ਜਾਂ ਕਿਛੁ ਹੀ ਆਏ ਹਨ ।

## 5. ਸ਼ਬਦਾਵਲੀ

5.1. ਸ਼ਬਦਾਵਲੀ ਦੇ ਪੱਖ ਤੋਂ ਗੁਰੂ ਅਮਰਦਾਸ ਜੀ ਦੀ ਭਾਸ਼ਾ ਦੇ ਕੁਝ ਉੱਘੇ ਗੁਣ ਵਿਚਾਰਨ ਗੋਚਰੇ ਹਨ। ਆਪ ਦੀ ਭਾਸ਼ਾ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਤਤਸਮ ਸ਼ਬਦਾਂ ਦੀ ਲਗ ਪਗ ਅਣਹੋਂਦ ਹੈ—ਗੁਰੂ ਸਾਹਿਬ ਨੇ ਤਦਭਵ ਰੂਪ ਹੀ ਵਰਤੇ ਹਨ। ਭਾਵੇਂ ਉਹ ਅਧਿਆਤ-ਮਿਕਤਾ ਅਤੇ ਰਹੱਸਵਾਦ ਵਰਗੇ ਗੂੜ੍ਹ ਤੇ ਸੂਖਮ ਵਿਸ਼ਿਆਂ ਦਾ ਵਿਵਰਣ ਦੇ ਰਹੇ ਸਨ, ਫੇਰ ਵੀ ਉਹਨਾਂ ਨੂੰ ਕਦੇ ਸ਼ਬਦਾਂ ਦੀ ਥੁੜ ਮਹਿਸੂਸ ਨਹੀਂ ਹੋਈ ਅਤੇ ਨਾ ਹੀ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਸਪਸ਼ਟ ਕਰਨ ਲਈ ਸੰਸਕ੍ਰਿਤ ਸ਼ਬਦਾਵਲੀ ਦਾ ਸਹਾਰਾ ਲੈਣਾ ਪਿਆ ਹੈ । ਉਹਨਾਂ ਨੇ ਆਪਣੀ ਬਾਣੀ ਵਿਚ ਸੰਸਕ੍ਰਿਤ ਤੋਂ ਵਿਕਸਿਤ ਹੋਏ ਸ਼ਬਦ ਹੀ ਵਰਤੇ ਹਨ, ਪਰ ਇਹਨਾਂ ਸ਼ਬਦਾਂ ਦੇ ਉਸ ਸਮੇਂ ਪ੍ਰਚਲਤ ਰੂਪਾਂ ਨੂੰ ਛੱਡ ਕੇ ਮੂਲ ਤਤਸਮ ਰੂਪ ਅਪਣਾਉਣ ਦਾ ਯਤਨ ਨਹੀਂ ਕੀਤਾ ।



Digitized by Panjab Digital Library | www.panjabdigilib.org

5-1. ਇਕ ਹੋਰ ਵਿਸ਼ੇਸ਼ਤਾ, ਜੋ ਉਸ ਸਮੇਂ ਦੀ ਪ੍ਰਚਲਿਤ ਭਾਸ਼ਾਈ ਪ੍ਰਵਿਰਤੀ ਦੇ ਵਿਰੋਧ ਵਿਚ ਹੈ, ਇਹ ਹੈ ਕਿ ਆਪ ਦੀ ਭਾਸ਼ਾ ਵਿਚ ਅਰਬੀ-ਫ਼ਾਰਸੀ ਸ੍ਰੋਤ ਦੀ ਸ਼ਬਦਾਵਲੀ ਬਹੁਤ ਥੋੜੀ ਮਿਲਦੀ ਹੈ। ਇਸ ਸ਼੍ਰੇਣੀ ਦੇ ਕੁਝ ਅਜਿਹੇ ਸ਼ਬਦ ਹੀ ਵਰਤੇ ਹਨ ਜੋ ਗੁਰੂ ਨਾਨਕ ਦੇਵ ਜੀ ਨੇ ਕੁਝ ਵਿਸ਼ੇਸ਼ ਅਧਿਆਤਮਿਕ ਸੰਕਲਪਾਂ ਨੂੰ, ਜਾਂ ਧਾਰਮਿਕ ਵਿਚਾਰਾਂ ਨੂੰ ਵਿਅਕਤ ਕਰਨ ਲਈ ਵਰਤਣੇ ਮੁਨਾਸਬ ਸਮਝੇ ਸਨ। ਅਜਿਹੇ ਸ਼ਬਦਾਂ ਦੇ ਉਦਾਹਰਣ ਹਨ—ਹੁਕਮ, ਸਾਹਿਬ, ਨੀਸਾਣ, ਬਖਸ, ਦਰਗਾਹ, ਰਿਜਕ, ਵੇਪਰਵਾਹ, ਦਰਿਆ ਆਦਿ।

5-3. ਗੁਰੂ ਅਮਰਦਾਸ ਜੀ ਦਾ ਸ਼ਬਦ-ਭੰਡਾਰ ਵਿਸ਼ਾਲ ਹੈ। ਭਾਵੇਂ ਆਪ ਦੀ ਰਚਨਾ ਦਾ ਸੰਬੰਧ ਨਿਰੋਲ ਅਧਿਆਤਮਿਕ ਵਿਸ਼ੇ ਨਾਲ ਹੈ ਫੇਰ ਵੀ ਆਪੀ ਦੀ ਬਾਣੀ ਵਿਚ ਮੱਧਕਾਲੀ ਪੰਜਾਬੀ ਸਭਿਆਚਰ ਦੇ ਹਰ ਪੱਖ ਨਾਲ ਸੰਬੰਧਿਤ ਸ਼ਬਦਾਵਲੀ ਮਿਲਦੀ ਹੈ। ਵੱਖ-ਵੱਖ ਧਾਰਮਿਕ ਸੰਪਰਦਾਵਾਂ ਨਾਲ ਸੰਬੰਧਿਤ ਸ਼ਬਦਾਂ ਤੋਂ ਇਲਾਵਾ, ਖੇਤੀ, ਵਣਜ-ਵਪਾਰ, ਘਰੋਗੀ ਜੀਵਨ, ਸ਼ਾਸਨ ਤੇ ਰਾਜ-ਦਰਬਾਰ, ਵਿਵਾਹਿਤ ਜੀਵਨ, ਨੈਤਿਕ ਜੀਵਨ, ਆਦਿ ਨਾਲ ਸੰਬੰਧਿਤ ਸ਼ਬਦ ਆਪ ਦੀ ਭਾਸ਼ਾ ਵਿਚ ਆਮ ਮਿਲਦੇ ਹਨ।

5-4. ਅਧਿਆਤਮਿਕ ਪੱਖ ਦੀ ਸ਼ਬਦਾਵਲੀ ਵੀ ਕਈਆਂ ਸ੍ਰੋਤਾਂ ਦੀ ਇਕੱਤਰ ਹੋਈ ਮਿਲਦੀ ਹੈ। ਅਨਹਦ ਸ਼ਬਦ, ਦਸਵਾਂ ਦੁਆਰ, ਨਵ ਨਿਧਿ, ਅਠਾਰਹ ਸਿਧਿ, ਸਹਜ (ਸਹਿਜ), ਹਠ, ਉਨਮਨ ਅਵਸਥਾ-ਵਿਸ਼ੇਸ਼ ਰੂਪ ਵਿਚ ਯੋਗ ਮਤ ਦੇ ਸ਼ਬਦ ਹਨ। ਬ੍ਰਹਮ, ਆਤਮਾ, ਮਾਇਆ, ਵੇਦਾਂਤ ਨਾਲ ਸੰਬੰਧਿਤ ਹਨ। ਭਗਤੀ, ਗਾਵਣ, ਸਿਮਰਨ, ਸਲਾਹੁਣ, ਨਿਜਘਰ, ਲਿਵ, ਭਉਜਲ, ਭਵ-ਸਾਗਰ ਕਿਲਵਿਖ ਆਦਿ ਦਾ ਭਾਵੇਂ ਵਿਸ਼ੇਸ਼ ਕਰਕੇ ਕਿਸੇ ਖਾਸ ਮਤ ਜਾਂ ਸੰਪ੍ਰਦਾ ਨਾਲਿ ਸੰਬੰਧ ਨਹੀਂ, ਪਰ ਇਹਨਾਂ ਦਾ ਵਧੇਰੇ ਪ੍ਰਚਾਰ ਵੈਸ਼ਣਵ ਭਗਤੀ-ਮਾਰਗ ਦੇ ਸੰਤ ਕਵੀਆਂ ਨੇ ਕੀਤਾ ਸੀ। ਕੁਝ ਇਕ ਸ਼ਬਦ ਖਾਸ ਕਰਕੇ ਸਿਖ ਧਰਮ ਦੇ ਆਪਣੇ ਹਨ, ਭਾਵੇਂ ਇਹਨਾਂ ਵਿਚੋਂ ਕੁਝ ਇਕ ਪਹਿਲਾਂ ਵਰਤੋਂ ਵਿਚ ਆ ਚੁੱਕੇ ਸਨ, ਪਰ ਇਹਨਾਂ ਨੂੰ ਜੋ ਧਾਰਮਿਕ ਵਿਸ਼ੇਸ਼ਤਾ ਤੇ ਮਹੱਤਾ ਸਿਖ ਮੱਤ ਵਿਚ ਮਿਲੀ ਹੈ, ਉਹ ਪਹਿਲਾਂ ਜਾਂ ਪਿੱਛੋਂ ਹੋਰ ਕਿਸੇ ਧਰਮ ਜਾਂ ਸੰਪਰਦਾ ਵਿਚ ਨਹੀਂ ਮਿਲੀ। ਅਜਿਹੇ ਸ਼ਬਦਾਂ ਦੇ ਉਦਾਹਰਣ ਹਨ ਨਾਂਵ/ਨਾਮ ਸਤਿਨਾਮ, ਗੁਰੂ/ਸਤਿਗੁਰੂ, ਹੁਕਮ, ਹਉਮੈ, ਨਦਰਿ, ਸਤਸੰਗਤ, ਗੁਰਪ੍ਰਸਾਦਿ, ਗੁਰਮੁਖ, ਮਨਮੁਖ, ਸ਼ਬਦ ਆਦਿ।

5-5. ਗੁਰੂ ਸਾਹਿਬ ਦੀ ਸ਼ਬਦਾਵਲੀ ਮੁੱਖ ਰੂਪ ਵਿਚ ਪੰਜਾਬੀ ਹੈ, ਪਰ ਇਸ ਵਿਚ ਸਾਧ ਭਾਸ਼ਾ ਦਾ ਕਾਫ਼ੀ ਰਲਾ ਹੈ। ਉਹਨਾਂ ਦੀ ਬਾਣੀ ਵਿਚ ਅਨੇਕਾਂ ਹੀ ਬੜੇ ਠੇਠ ਪੰਜਾਬੀ ਲਫ਼ਜ਼ ਮਿਲਦੇ ਹਨ। ਨਾਵਾਂ ਵਿਚੋਂ ਗੱਲ, ਹੱਥ, ਕੰਨ, ਪੰਡ, ਤੱਕੜੀ, ਵਡਿਆਈ, ਸੋਝੀ, ਵੱਥ, ਭੁੱਖ,



Digitized by Panjab Digital Library | www.panjabdigilib.org

ਵਿਸ਼ੇਸ਼ਣ, ਵਿਹਲਾ, ਵੱਡਾ, ਬਹੁਤਾ, ਅੰਨਾ, ਬੋਲਾ, ਦੂਜਾ, ਦੁਆ ਇਕ ਕੂੜ, ਸਭਨਾ; ਕਿਰਿਆ: ਵੇਖਣਾ, ਆਖਣਾ, ਬੁੱਝਣਾ, ਸੁੱਤਾ, ਕੀਤਾ, ਜਾਤਾ, ਆਵਦੇ, ਕਮਾਵਦੇ, ਭੰਨਿ, ਮੁਠੇ; ਕਿਰਿ ਵਿਸ਼ੇਸ਼ਣ : ਐਥੇ, ਓਥੇ, ਜਿਥੈ ਕਿਥੈ, ਨੇੜੈ, ਅਗੈ, ਇਉ, ਜਿਉ, ਤਿਤੁ ਆਦਿ; ਸੰਬੰਧਕਾਂ ਯੋਜ ਵਿਚ ਤੈ (ਤੇ) ਤਾਂ, ਜਾਂ, ਭਾਵੇਂ (ਭਾਵੇ), ਜੋ, ਬਿਨੁ, ਵਿਣੁ ਆਦਿ; ਪੜਨਾਵਾਂ ਅਸੀ, ਤੁਧ, ਆਦਿ ।

5–6. ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵਰਤੇ ਗਏ ਕਈ ਸ਼ਬਦ ਅਜੋਕੀ ਭਾ ਵਿਚ ਨਹੀਂ ਮਿਲਦੇ—ਅਨਦਿਨੁ ਫੁਨ, ਭਤਾਰ, ਸੁਾਧਨ/ਧਨ (—ਇਸਤਰੀ), ਪਰਚਾ, ਉਰ ਹਿਰਦਾ, ਵੱਖਰ, ਸੁਆਲਿਓ, ਹਉ, ਆਣਨਾ, ਸੇਵਣਾ, ਸਮਾਲਣਾ, ਰਾਵਣਾ, ਵੇੜਨਾ, ਵਿਗੁਤਾ, ਮੰਝ ਅਧਿਕਾਰੀ, ਵਖਾਣੈ ਆਦਿ ।

ਜਿਹੜੇ ਪੁਰਾਣੇ ਸ਼ਬਦ ਅਜੋਕੀ ਭਾਸ਼ਾ ਵਿਚ ਵੀ ਪ੍ਰਚਲਿਤ ਹਨ ਉਹਨਾਂ ਦੇ ਰੂ ਵਿਚ ਕਿਤੇ ਥੋੜਾ ਕਿਤੇ ਬਹੁਤ ਫ਼ਰਕ ਆ ਚੁੱਕਾ ਹੈ, ਜਿਸ ਦਾ ਵੇਰਵਾ ਪਿੱਛੇ ਥਾਂ-ਥਾਂ ਤੇ ਦਿੱਤ ਗਿਆ ਹੈ । ਰੂਪ ਦਾ ਅਜਿਹਾ ਫਰਕ ਵਿਆਕਰਨਿਕ ਨਿਯਮ ਦੇ ਬਦਲ ਜਾਣ ਕਾਰਣ ਵਾਪਰਿਆ ਹੈ

## 6. ਸਾਰਾਂਸ਼

ਗੁਰੂ ਅਮਰਦਾਸ ਜੀ ਦੀ ਭਾਸ਼ਾ ਪੰਜਾਬੀ ਦਾ ਪੁਰਾਣਾ ਰੂਪ ਹੈ, ਜਿਸ ਵਿਚ ਉਸ ਸਮੇਂ ਪ੍ਰਚਲਿਤ ਸਾਧ-ਭਾਸ਼ਾ ਦਾ ਚੋਖਾ ਰਲਾ ਹੈ । ਸ਼ਬਦਾਵਲੀ ਮੁੱਖ ਰੂਪ ਵਿਚ ਅਜੋਕੀ ਪੰਜਾਬੀ ਨਾਲ ਮਿਲਦੀ ਜੁਲਦੀ ਹੈ, ਪਰ ਕਈ ਸ਼ਬਦ-ਸ਼੍ਰੇਣੀਆਂ ਕੁਝ ਓਪਰੀਆਂ ਦਿਸਦੀਆਂ ਹਨ—ਇਹਨਾਂ, ਵਿਚ ਪੜਨਾਵ ਸੰਬੰਧਕ, ਯੋਜਕ ਆਦਿ ਆਉਂਦੇ ਹਨ, ਜਿਨ੍ਹਾਂ ਨੂੰ ਅਸੀਂ 'ਬੰਦ ਸ਼੍ਰੇਣੀ ਦੀ ਸ਼ਬਦਾਵਲੀ' (closed vocabulary) ਵਿਚ ਰਖਦੇ ਹਾਂ । ਇਸ ਸ਼੍ਰੇਣੀ ਦੇ ਸ਼ਬਦਾਂ ਦੀ ਵਿਸ਼ੇਸ਼ ਮਹੱਤਾ ਹੁੰਦੀ ਹੈ —ਇਹਨਾਂ ਦੀ ਗਿਣਤੀ ਭਾਵੇਂ ਥੋੜੀ ਹੁੰਦੀ ਹੈ, ਪਰ ਵਰਤੋਂ-ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ । ਇਸ ਕਾਰਣ ਇਹਨਾਂ ਸ਼ਬਦਾਂ ਦੇ ਓਪਰੇ ਰੂਪ ਸਾਰੀ ਭਾਸ਼ਾ ਦਾ ਮੁਹਾਂਦਰਾ ਬਦਲ ਦਿੰਦੇ ਹਨ ।

ਗੁਰੂ ਅਮਰਦਾਸ ਜੀ ਦੀ ਸ਼ਬਦਾਵਲੀ ਦਾ ਵਧੇਰੇ ਹਿੱਸਾ, ਭਾਵੇਂ ਅੱਜ ਵਾਲਾ ਹੀ ਹੈ, ਪਰ ਸ਼ਬਦਾਂ ਦੇ ਵਿਆਕਰਨਿਕ ਰੂਪ, ਕਈਆਂ ਹਾਲਤਾਂ ਵਿਚ, ਕਾਫ਼ੀ ਫਰਕ ਵਾਲੇ ਹਨ । ਨਾਵਾਂ ਤੇ ਵਿਸ਼ੇਸ਼ਣਾਂ ਨਾਲ ਕਈ ਅਜਿਹੇ ਕਾਰਕੀ ਪਿਛੇਤਰ ਲੱਗੇ ਹੋਏ ਹਨ ਜੋ ਅੱਜ ਪ੍ਰਚਲਿਤ ਨਹੀਂ । ਕਿਰਿਆ-ਰੂਪਾਂ ਦਾ ਆਧੁਨਿਕ ਪੰਜਾਬੀ ਨਾਲੋਂ ਬੜਾ ਨਿੱਖਰਵਾ ਅੰਤਰ ਹੈ । ਗੁਰੂ ਸਾਹਿਬ ਦੀ ਬਾਣੀ ਵਿਚ ਆਈਆਂ ਕਿਰਿਆਵਾਂ ਦੇ ਵੱਖ-ਵੱਖ ਰੂਪਾਂ ਦਾ ਪੂਰਾ ਗਿਆਨ ਅੱਜ ਸ਼ਾਇਦ ਅੱਧੀ ਦਰਜਨ ਤੋਂ ਵੱਧ ਵਿਦਵਾਨਾਂ ਨੂੰ ਨਾ ਹੋਵੇ । ਗੁਰਬਾਣੀ ਦੇ ਪ੍ਰਸਿੱਧ ਵਿਆਕਰਨਕਾਰ, ਪ੍ਰੋ: ਸਾਹਿਬ ਸਿਘ ਗੁਰਬਾਣੀ ਦਾ ਵਿਸਤਰਿਤ ਅਤੇ ਭਰੋਸੇਯੋਗ ਵਿਆਕਰਨ ਤਿਆਰ ਕਰਕੇ ਦੇ ਗਏ ਹਨ, ਪਰ ਇਸ ਦੇ ਬਾਵਜੂਦ ਵੀ ਗੁਰਬਾਣੀ-ਵਿਆਕਰਨ ਸਮਝਣ ਵਾਲੇ ਵਿਦਵਾਨਾਂ ਦੀ ਲਗ-ਪਗ ਅਣਹੋਂਦ



Digitized by Panjab Digital Library | www.panjabdigilib.org

।। ਜੇ ਪੁਰਾਣੀ ਪੰਜਾਬੀ ਦੇ ਵਿਆਕਰਨ ਨਾਲ ਪੰਜਾਬੀ-ਵਿਦਵਤਾ ਦਾ ਵਤੀਰਾ ਏਨਾ ਹੀ ਰੁੱਖਾ ਲਾਪਰਵਾਹੀ ਵਾਲਾ ਰਿਹਾ ਤਾਂ ਹੋਰ ਪੰਜਾਹ ਵਰ੍ਹਿਆਂ ਕੇ ਗੁਰਬਾਣੀ ਦੀਆਂ ਤੁਕਾਂ ਨੂੰ ਸਮਝਣਾ ਸਕ੍ਰਿਤ ਸ਼ਲੋਕਾਂ ਨੂੰ ਸਮਝਣ ਜਿੰਨਾ ਹੀ ਔਖਾ ਹੋ ਜਾਵੇਗਾ। ਗੁਰਬਾਣੀ ਵਿਆਕਰਨ ਸੰਬੰਧੀ ਸਾਡੀ ਰ ਜ਼ੁੰਮੇਵਾਰੀ ਦੀ ਅੱਤ ਹੋ ਚੁੱਕੀ ਹੈ। ਕਈਆ ਯੂਨੀਵਰਸਿਟੀਆਂ ਵਿਚ ਸੰਸਕ੍ਰਿਤ, ਐਮ. ਏ. ਤਿ ਆਨਰਜ਼ ਕੋਰਸਾਂ ਵਿਚ ਪੂਰਾ-ਪੂਰਾ ਪਰਚਾ ਪਾਣਿਨੀ ਦੀ ਅਸ਼ਟਾਧਿਆਈ ਉੱਤੇ ਰੱਖਿਆ ਇਆ ਹੈ। ਪਰ ਏਧਰ ਇਹ ਹਾਲ ਹੈ ਕਿ ਗੁਰਬਾਣੀ ਨਾਲ ਸੰਬੰਧਿਤ ਕੋਰਸਾਂ ਵਿਚ ਵੀ ਰਬਾਣੀ ਵਿਆਕਰਣ ਨਾਲ ਸਿਰਫ਼ ਮਖੌਲ ਹੀ ਕੀਤਾ ਗਿਆ ਹੈ। ਪੰਜਾਬੀ ਵਿਦਵਾਨ ਆਕਰਣ ਦਾ ਨਾਂ ਲੈਣ ਤੋਂ ਹੀ ਸੰਗਦੇ ਹਨ, ਅਤੇ ਗੁਰਬਾਣੀ ਵਿਆਕਰਨ ਬਾਰੇ ਝ ਕਰਨਾ ਜਾਂ ਕਹਿਣਾ ਤਾਂ ਕਿਸੇ ਦੀ ਜ਼ੁੰਮੇਵਾਰੀ ਵਿਚ ਹੀ ਸ਼ਾਮਲ ਨਹੀਂ। ਅੱਜ ਮੌਕ ਕਿ ਅਸੀਂ ਇਸ ਭੁੱਲ ਦੀ ਸੋਧ ਕਰਨ ਲਈ ਕੋਈ ਹੀਲਾ ਕਰੀਏ।



Digitized by Panjab Digital Library | www.panjabdigilib.org

# ਅਨੰਦੁ ਸਾਹਿਬ: ਸਾਹਿਤਕ ਮਹਾਨਤਾ

—ਡਾ. ਮਹਿੰਦਰ ਕੌਰ ਗਿਲ

ਪੰਰਾ ਕਥਨ :

ਅਨੰਦੁ ਸਾਹਿਬ ਗੁਰੂ ਅਮਰਦਾਸ ਜੀ ਦੀ ਲੰਮੇਰੀ ਰਚਨਾ ਹੈ। ਇਹ ਰਚਨਾ ਰਾਮਕਲੀ ਰਾਗ ਦੀ ਬੰਦਿਸ਼ ਵਿਚ ਲੈਅ ਬੱਧ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਅਤੇ ਰਾਮਕਲੀ ਦੋ ਅਜੇਹੇ ਰਾਗ ਹਨ ਜਿਹਨਾ ਨਾਲ ਜੋਗੀਆਂ ਦਾ ਖਾਸ ਜੋੜ ਰਿਹਾ ਹੈ। ਸੰਗੀਤ ਸ਼ਾਸਤਰੀਆਂ ਨੇ ਗਉੜੀ ਰਾਗ ਦਾ ਸੰਬੰਧ ਸ਼ਿਵ ਦੀ ਪਤਨੀ ਗੌਰੀ ਨਾਲ ਜੋੜਿਆ ਹੈ। ਸ਼ਿਵ ਦੇ ਉਪਾਸਕ ਜੋਗੀਆਂ ਨੇ ਸ਼ਿਵ ਨੂੰ ਰਿਝਾਉਣ ਲਈ ਸ਼ਿਵ ਦੀ ਉਸਤਤ ਵਿਸ਼ੇਸ਼ ਰਾਗ ਵਿਚ ਗਾਇਨ ਕੀਤੀ ਜੋ ਬਾਅਦ ਵਿਚ ਗਉੜੀ ਰਾਗ ਦੇ ਨਾਮ ਨਾਲ ਪ੍ਰਚਲਤ ਹੋਇਆ। ਇਸੇ ਤਰ੍ਹਾਂ ਰਾਮਕਲੀ ਰਾਗ ਵੀ ਜੋਗੀਆਂ ਦਾ ਹਰਮਨ ਪਿਆਰਾ ਰਾਗ ਹੈ। ਲਗਭਗ ਗੁਰੂ ਸਾਹਿਬਾਨ ਨੇ ਜੋਗ ਮਤ ਬਾਰੇ ਜੋ ਵੀ ਸੰਵਾਦ ਜਾਂ ਵਾਦ-ਵਿਵਾਦ ਕੀਤਾ ਹੈ ਉਸ ਦਾ ਅਧਿਕਤਰ ਭਾਗ ਇਹਨਾਂ ਦੋਹਾਂ ਰਾਗਾਂ ਵਿਚ ਪੇਸ਼ ਹੋਇਆ ਹੈ। ਸ਼ਾਇਦ, ਇਸੇ ਕਾਰਣ ਸਾਡੇ ਆਲੋਚਕਾਂ ਨੇ ਗਉੜੀ ਤੇ ਰਾਮਕਲੀ ਨੂੰ ਜੋਗੀਆਂ ਦੇ ਰਾਗ ਕਿਹਾ ਹੈ। ਗਉੜੀ ਰਾਗ ਵਿਚ ਪੰਚਮ ਗੁਰੂ ਰਚਿਤ ਸੁਖਮਨੀ ਵਿਚ ਜੋਗ ਮਤ ਬਾਰੇ ਵਿਸ਼ੇਸ਼ ਵਿਚਾਰ ਆਏ ਹਨ। ਇਸੇ ਤਰ੍ਹਾਂ ਰਾਮਕਲੀ ਵਿਚ ਆਦਿ ਗੁਰੂ ਰਚਿਤ ਸਿਧ ਗੋਸ਼ਟਿ ਤੇ ਗੁਰੂ ਅਮਰਦਾਸ ਰਚਿਤ 'ਅਨੰਦੁ ਅਕਾਰ ਪੱਖੋਂ ਲੰਮੇਰੀਆਂ ਰਚਨਾਵਾਂ ਹਨ ਤੇ ਨਾਮ ਵਿਸ਼ੇਸ਼ ਨਾਲ ਹੀ ਜਾਣੀਆਂ ਜਾਂਦੀਆਂ ਹਨ। ਜੋਗਮਤ ਦਾ ਪ੍ਰਾਣ ਤੱਤ 'ਸਵੈ ਸੰਜਮ ਹੈ। ਇਸ ਬਿਨਾਂ ਮਨ ਵਸ ਵਿਚ ਨਹੀਂ ਆਉਂਦਾ ਤੇ ਜੋਗੀ ਨੂੰ ਆਨੰਦੁ ਪ੍ਰਾਪਤ ਹੁੰਦਾ ਹੀ ਉਦੋਂ ਹੈ ਜਦੋਂ ਮਨ ਟਿਕਾਓ ਵਿਚ ਆ ਜਾਂਦਾ ਹੈ। ਜੋਗ ਸਾਧਨਾਂ ਵਿਚ ਆਨੰਦ ਪ੍ਰਾਪਤੀ ਉਪਰ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਅਨੰਦੁ ਦੀ ਰਚਨਾ ਵਿਚ ਯੋਗ-ਰੂੜ੍ਹੀਆਂ ਦੀ ਵਰਤੋਂ ਦੇ ਨਾਲ ਨਾਲ ਮਹਲਾ 3 ਨੇ ਆਨੰਦੁ ਪ੍ਰਤੀ ਆਪਣਾ ਵਿਸ਼ਸ਼ ਮਤ ਵੀ ਜ਼ਾਹਿਰ ਕੀਤਾ ਹੈ।

ਸਿਖ ਪਰੰਪਰਾ ਅਨੁਸਾਰ ਗੁਰੂ ਅਮਰਦਾਸ ਜੀ ਨੇ ਇਹ ਰਚਨਾ ਆਪਣੇ ਪੋਤਰੇ ਅਨੰਦ ਜੋ ਹੈ ਮੋਹਰੀ ਜੀ ਦੇ ਘਰ ਸੰਨ 1544 ਈ: ਵਿਚ ਜਨਮਿਆ, ਦੇ ਜਨਮ ਉਪਰੰਤ ਉਚਾਰੀ। ਇਸ ਰਚਨਾ ਦੇ ਪ੍ਰੇਰਕ ਹੇਤੂਆਂ ਵਿਚੋਂ ਇਹ ਇਕ ਪ੍ਰੇਰਕ-ਹੇਤੂ ਹੋ ਸਕਦਾ ਹੈ, ਉਸ ਦਾ ਮੂਲ-ਪ੍ਰੇਰਕ ਨਹੀਂ। ਅਸੀਂ ਹੁਣੇ ਹੀ ਪਹਿਲਾਂ ਜੋਗੀਆਂ ਬਾਰੇ ਸੰਕੇਤ ਕਰਦਿਆਂ ਇਹ ਲਿਖਿਆ ਹੈ ਕਿ ਇਸ ਰਚਨਾ ਵਿਚ ਗੁਰਮਤਿ ਅਨੁਸਾਰ ਆਨੰਦ-ਸੰਬੋਧ ਵਿਸ਼ੇਸ਼ ਦਾ ਕਥਨ ਕੀਤਾ ਗਿਆ ਹੈ। ਮੇਰੀ ਜਾਚੇ ਅਨੰਦੁ ਬਾਣੀ



Digitized by Panjab Digital Library | www.panjabdigilib.org

ਦਾ ਮੂਲ ਪ੍ਰੇਰਕ-ਹੇਤੂ ਗੁਰਮਤਿ ਅਨੁਸਾਰ ਅਨੰਦ-ਸੰਬੋਧ ਨੂੰ ਸਪਸ਼ਟ ਕਰਨਾ ਹੀ ਹੋ ਸਕਦਾ ਹੈ। ਸੰਖੇਪ ਵਿਚ, ਇਹ ਕਿਹਾ ਜਾ ਸਕਦਾ ਹੈ ਕਿ ਤੀਸਰੇ ਪਾਤਸ਼ਾਹ ਦੇ ਪੋਤਰੇ ਦੇ ਜਨਮ ਸਮੇਂ ਜੋ ਖੁਸ਼ ਗਵਾਰ ਸਮਾਂ ਉਨ੍ਹਾਂ ਦੇ ਪਰਿਵਾਰ ਵਿਚ ਆਇਆ ਉਨ੍ਹਾਂ ਨੇ ਬਜ਼ੁਰਗ ਦੀ ਹੈਸੀਅਤ ਵਿਚ ਪਰਿਵਾਰ ਦੇ ਜੀਆਂ ਨੂੰ ਇਹ ਨਸੀਹਤ ਕੀਤੀ ਕਿ ਸਾਮਾਨਿਆ ਜੀਵਨ ਵਿਚ ਵਾਪਰਦੇ ਸਾਧਾਰਣ ਖੁਸ਼ੀ ਦੇ ਮੌਕਿਆਂ ਨੂੰ ਵੀ ਰੱਬੀ ਦਾਤ ਜਾਣ ਕੇ ਜੀਉਣਾ ਚਾਹੀਦਾ ਹੈ। ਇਸ ਅਨੰਦ ਨਾਲੋਂ ਹੋਰ ਵਡੇਰਾ ਅਨੰਦ ਵੀ ਹੈ ਜੋ ਕੇਵਲ ਗੁਰੂ ਦੀ ਕਿਰਪਾ ਦ੍ਰਿਸ਼ਟੀ ਨਾਲ ਪ੍ਰਾਪਤ ਹੋ ਸਕਦਾ ਹੈ। ਨਾਲੇ, ਗੁਰੂ ਪਰਿਵਾਰ ਦੇ ਜੀਅ ਵੀ ਤਾਂ ਸਿੱਖ ਸੰਗਤ ਦਾ ਹੀ ਅੰਗ ਸਨ।

ਅਨੰਦ ਬਾਣੀ ਦੀਆਂ ਕੁੱਲ ਚਾਲੀ ਪਉੜੀਆਂ ਹਨ ਤੇ ਲਗਭਗ ਸਾਰੀਆਂ ਹੀ ਆਪਣੇ ਪ੍ਰਣ-ਤੱਤ ਅਨੰਦ ਵਿਚੋਂ ਪ੍ਰਵਾਹਿਤ ਹੁੰਦੀਆਂ ਹਨ। ਸਿੱਖ ਮਤ ਵਿਚ ਇਸ ਰਚਨਾ ਦਾ ਵਿਸ਼ੇਸ਼ ਮਹੱਤਵ ਹੈ। ਇਹ ਰਚਨਾ ਨਿਤਨੇਮ ਦੀਆਂ ਬਾਣੀਆਂ ਵਿਚੋਂ ਇਕ ਹੈ। ਇਹ ਧਿਆਨ ਰਹੇ, ਇਸ ਦੀਆਂ ਛੇ ਪਉੜੀਆਂ ਦਾ ਪਾਠ ਰਹਿਰਾਸ ਵਿਚ ਵੀ ਅੰਕਿਤ ਹੋਣ ਕਰਕੇ ਗੁਰ ਮਰਿਆਦਾ ਅਨੁਸਾਰ ਦੋ ਵਾਰ ਕੀਤਾ ਜਾਂਦਾ ਹੈ। ਨਿੱਤ ਨੇਮ ਦੀਅ ਬਾਣੀਆਂ ਵਿਚੋਂ ਹੋਰ ਕੋਈ ਅਜੇਹੀ ਬਾਣੀ ਨਹੀਂ ਜਿਸ ਨੂੰ ਦੋ ਵਾਰ ਪੜ੍ਹਨ ਦਾ ਵਿਧਾਨ ਹੋਵੇ। ਇਸ ਤੋਂ ਛੁੱਟ ਇਸ ਰਚਨਾ ਦੀਆਂ ਪਹਿਲੀਆਂ ਪੰਜ ਤੇ ਅਖੀਰਲੀ ਇਕ ਅਥ ਵ ਛੇ ਪਉੜੀਆਂ ਦਾ ਪਾਠ ਗੁਰ ਮਰਿਆਦਾ ਅਨੁਸਾਰ ਹਰ ਦੀਵਾਨ ਦੀ ਸਮਾਪਤੀ ਉਪਰੰਤ ਕੀਤਾ ਜਾਂਦਾ ਹੈ। ਭਾਵੇਂ ਇਹ ਦਿਵਾਨ ਕਿਸੇ ਵੀ ਮੌਕੇ ਨਾਲ ਸਬੰਧਿਤ ਹੋਵੇ। ਇਸ ਬਾਣੀ ਦਾ ਬਾਰੰਬਾਰ ਦੁਹਰਾਉ ਇਸ ਦੇ ਕੇਂਦਰੀ ਬਿੰਦੂ ਨੂੰ ਦ੍ਰਿੜ੍ਹ ਕਰਾਉਂਦਾ ਹੀ ਪ੍ਰਤੀਤ ਹੁੰਦਾ ਹੈ। ਗੁਰੂ ਦਾ ਸਿਖ ਹਰ ਕਾਰਜ, ਹਰ ਮੌਕੇ, ਹਰ ਹਾਲ ਵਿਚ ਰਬੀ ਰਜ਼ਾ ਨੂੰ ਮੰਨਦਾ ਹੋਇਆ ਅਨੰਦ-ਮਗਨ ਰਹਿੰਦਾ ਹੈ। ਜੇ ਸ਼ਬਦਾਰਥ ਲਿਖਿਤ ਇਸ ਪਰੰਪਰਿਕ ਰਿਵਾਇਤ ਅਨੁਸਾਰ ਇਹ ਮੰਨ ਲਿਆ ਜਾਏ ਕਿ ਇਹ ਰਚਨਾ ਤੀਸਰੇ ਪਾਤਸ਼ਾਹ ਨੇ ਆਪਣੇ ਪੋਤੇ 'ਅਨੰਦ' ਦੇ ਜਨਮ ਸਮੇਂ ਉਚਾਰਨ ਕੀਤੀ ਤਾਂ ਜ਼ਾਹਿਰ ਹੈ, ਗੁਰੂ ਜੀ ਨੇ ਲੌਕਿਕ ਸੁਖਦਾਇਕ ਘੜੀ ਦੇ ਮਾਧਿਅਮ ਰਾਹੀਂ ਅਲੌਕਿਕ ਅਨੰਦ ਨਾਲ ਜੁੜਨ ਦੀ ਪ੍ਰੇਰਣਾ ਦਿੱਤੀ ਹੈ। ਦੂਸਰੇ ਸ਼ਬਦਾਂ ਵਿਚ ਅਨੰਦ ਦੀ ਯਾਤਰਾ ਲੌਕਿਕਤਾ ਤੋਂ ਅਲੌਕਿਕਤਾ ਵਲ ਹੈ।

## 2

### ਰਚਨਾਗਤ ਟਿੱਪਣੀ

ਰਿਵਾਇਤ ਅਨੁਸਾਰ ਇਸ ਰਚਨਾ ਵਿਚ ਅੰਕਿਤ ਉਨਤਾਲਵੀਂ ਪਉੜੀ ਦੇ ਰਚਣ-ਹਾਰ ਗੁਰੂ ਅਮਰਦਾਸ ਜੀ ਹਨ ਤੇ ਚਾਲੀਵੀਂ ਦੇ ਗੁਰੂ ਅਰਜਨ ਦੇਵ ਜੀ। ਆਦਿ ਗ੍ਰੰਥ ਦੀ ਸੰਪਾਦਕੀ ਵਿਧੀ ਅਨੁਸਾਰ ਇਹਨਾਂ ਦੋਹਾਂ ਪਉੜੀਆਂ ਦੇ ਆਰੰਭ ਵਿਚ ਮਹਲਾ-



Digitized by Panjab Digital Library | www.panjabdigilib.org

ਸੰਕੇਤ ਆਉਣਾ ਚਾਹੀਦਾ ਸੀ ਕਿਉਂਕਿ ਆਦਿ ਗ੍ਰੰਥ ਵਿਚ ਅੰਕਿਤ ਵਾਰਾਂ ਵਿਚ ਜਿਥੇ ਕਿਧਰੇ ਵੀ ਅਪਵਾਦ ਆਇਆ ਹੈ ਉਸ ਦਾ ਸਪਸ਼ਟ ਸੰਕੇਤ ਮਹਲਾ—ਅੰਕ ਰਾਹੀਂ ਦਿੱਤਾ ਗਿਆ ਹੈ। ਹੁਣ ਪ੍ਰਸ਼ਨ ਪੈਦਾ ਹੁੰਦਾ ਹੈ, ਮਹਲਾ ੪ ਤੇ ਮਹਲਾ ੫ ਨੇ ਇਸ ਰਚਨਾ ਵਿਚ ਇਕ ਇਕ ਪਉੜੀ ਰਚ ਕੇ ਇਸ ਵਿਚ ਕੋਈ ਬੁਨਿਆਦੀ ਵਾਧਾ ਕੀਤਾ ਹੈ? ਜਾਂ ਕੋਈ ਸ਼ੰਕਾਂ-ਗਰਭਿਤ ਬਚਨਾਂ ਦਾ ਸਮਾਧਾਨ ਕੀਤਾ ਹੈ? ਜੇਹਾ ਕਿ ਗੁਰੂ ਸਾਹਿਬਾਨ ਨੇ ਭਗਤਾਂ (ਫਰੀਦ—ਕਬੀਰ) ਦੇ ਮਾਮਲੇ ਵਿਚ ਕੀਤਾ ਹੈ। ਇਹਨਾਂ ਪਉੜੀਆਂ ਦੇ ਕਰਤੇ ਬਾਰੇ ਨਿਰਣੈ ਲੈਣ ਤੋਂ ਪਹਿਲਾਂ ਇਹਨਾਂ ਦਾ ਬਾਣੀ—ਪਾਠ ਪੇਸ਼ ਕਰਨਾ ਉਚਿਤ ਮਾਲੂਮ ਹੁੰਦਾ ਹੈ :—

ਏਹੁ ਸਾਚਾ ਸੋਹਿਲਾ ਸਾਚੇ ਘਰ ਗਾਵਹੁ
ਗਾਵਹੁ ਤ ਸੋਹਿਲਾ ਘਰ ਸਾਚੈ ਜਿਥੈ ਸਦਾ ਸਚੁ ਧਿਆਵਹਿ।
ਸਚੋ ਧਿਆਵਹਿ ਜਾ ਤੁਧ ਭਾਵੈ ਗੁਰਮੁਖਿ ਜਿਨਾ ਬੁਝਾਵਹੇ
ਇਹੁ ਸਚੁ ਸਭਨਾ ਕਾ ਖਸਮ ਹੈ ਜਿਸ ਬਖਸੇ ਸੋ ਜਨ ਪਾਵਹੇ।
ਕਹੈ ਨਾਨਕ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥

ਅਨੰਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ।
ਪਾਰਬ੍ਰਹਮ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ।
ਦੂਖ ਰੋਗ ਸੰਤਾਪ ਉਤਰੇ ਸੁਣੀ ਸਾਚੀ ਬਾਣੀ।
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ।
ਸੁਣਤੇ ਪੁਨੀਤ ਕਹਤੇ ਪਵਿਤ ਸਤਿਗੁਰੁ ਰਹਿਆ ਭਰਪੂਰੇ।
ਬਿਨਵੰਤਿ ਨਾਨਕੁ ਗੁਰਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥

ਇਹਨਾਂ ਦੋਹਾਂ ਪਉੜੀਆਂ ਦੇ ਰਚਨਾ-ਪਾਠ ਤੋਂ ਇਹ ਤੱਥ ਉਭਰ ਕੇ ਸਾਮ੍ਹਣੇ ਆ ਜਾਂਦਾ ਹੈ ਕਿ ਇਹਨਾਂ ਦੀ ਰਚਨਾ-ਸ਼ੈਲੀ ਪਹਿਲੀਆਂ ਅਠੱਤੀ ਪਉੜੀਆਂ ਤੋਂ ਅਲੱਗ ਨਹੀਂ। ਨਾਲੇ, ਇਕ ਸ਼ੰਕਾ ਸਹਿਜੇ ਹੀ ਪੈਦਾ ਹੁੰਦਾ ਹੈ, ਮਹਲਾ ੩ ਨੇ ਇਸ ਬਾਣੀ-ਰਚਨਾ ਨੂੰ ਅਧੂਰਾ ਕਿਉਂ ਛੱਡਿਆ ? ਥੀਮ ਦੇ ਪਖੋਂ ਉਨਤਾਲੀਵੀਂ ਪਉੜੀ 'ਸਾਚਾ ਸੋਹਿਲਾ' ਨੂੰ ਦ੍ਰਿੜ੍ਹ ਕਰਾਉਂਦੀ ਹੈ। ਠੀਕ ਇਹ ਉਸੇ ਭਾਵ ਦਾ ਪੁਨਰ ਦੁਹਰਾਉ ਹੈ, ਜਿਸ ਨੂੰ ਮਹਿਲਾ ੩ ਨੇ ਸੋਲਵੀਂ ਪਉੜੀ ਵਿਚ 'ਏਹੁ ਸੋਹਿਲਾ ਸਬਦ ਸੁਹਾਵਾ' ਕਹਿ ਕੇ ਉਚਾਰਨ ਕੀਤਾ ਹੈ। ਇਸੇ ਤਰ੍ਹਾਂ ਚਾਲੀਵੀਂ ਪਉੜੀ ਗੁਰੂ ਚਰਣਾਂ ਨੂੰ 'ਅਨਹਦ ਵਾਜੇ' ਨਾਲ ਉਪਮਾ ਕੇ ਵਡਿਆਉਂਦੀ ਹੈ। ਇਸੇ ਤਰ੍ਹਾਂ ਦੇ ਸੰਬੋਧ ਦੀ ਪੇਸ਼ਕਾਰੀ ਮਹਲਾ ੩ ਨੇ ਪਉੜੀ ਅੰਕ ੭ ਵਿਚ ਕੀਤੀ ਹੈ। ਦੂਸਰੇ ਸ਼ਬਦਾਂ ਵਿਚ 'ਅਨੰਦ ਸੁਣਹੁ ਵਡਭਾਗੀਓ' ਵਾਲੇ ਸੰਬੋਧ ਦੀ ਪੇਸ਼ਕਾਰੀ ਅਨੰਦੁ ਅਨੰਦੁ ਸਭ ਕੋ ਕਹੈ ਅਨੰਦ ਗੁਰੂ ਤੇ ਜਾਣਿਆ ਦੀ ਪਉੜੀ ਵਿਚ ਹੋ ਚੁਕੀ ਹੈ। ਜ਼ਾਹਿਰ ਹੈ, ਇਹ ਦੋਵੇਂ ਪਉੜੀਆਂ ਪੂਰਬੋਕਤ ਸੰਬੋਧ



Digitized by Panjab Digital Library | www.panjabdigilib.org

ਦਾ ਹੀ ਪੁਨਰ-ਉਚਾਰ ਹਨ। ਇਹ ਨਾ ਤਾਂ ਥੀਮ ਵਿਚਲੇ ਕਿਸੇ ਨੁਕਤੇ ਨੂੰ ਵਿਸਤਾਰ-ਦੀਆਂ ਹਨ ਤੇ ਨਾ ਹੀ ਕੋਈ ਨਵਾਂ ਤੱਤ ਜੋੜਦੀਆਂ ਹਨ। ਸਹਿਜ-ਸਾਦਗੀ ਕਾਰਣ, ਸ਼ੰਕਾ ਸਮਾਧਾਨ ਦੀ ਤਾਂ ਇਸ ਰਚਨਾ ਵਿਚ ਗੁੰਜ਼ਾਇਸ਼ ਹੀ ਨਹੀਂ। ਸੰਰਚਨਾ ਦੇ ਪੱਖੋਂ ਵੀ ਇਹ ਦੋਵੇਂ ਪਦ ਬਾਕੀ ਅਠਤੀਆਂ ਨਾਲੋਂ ਵਖਰਤਾ ਨਹੀਂ ਰੱਖਦੇ। ਭਾਵੇਂ ਸਿੱਖ ਰਵਾਇਤ ਦੀ ਸਵੀਕ੍ਰਿਤੀ ਇਸ ਤੱਥ ਨੂੰ ਪ੍ਰਾਪਤ ਹੈ। ਪਰ ਤਾਂ ਵੀ ਇਸ ਨੂੰ ਸਵੀਕਾਰ ਕਰਨੋਂ ਸੰਕੋਚ ਹੋ ਰਿਹਾ ਹੈ।

ਆਦਿ ਗ੍ਰੰਥ ਦੀ ਸਪਾਦਕੀ-ਜੁਗਤ ਦੇ ਨੇਮ ਅਨੁਸਾਰ ਮਹਲਾ-ਸੰਕੇਤ ਦੀ ਅਣਹੋਂਦ ਕਰਕੇ ਇਹਨਾਂ ਦੋਹਾਂ ਪਉੜੀਆਂ ਨੂੰ ਮਹਲਾ ੩ ਦੁਆਰਾ ਉਚਰਿਤ ਸਵੀਕਾਰ ਕਰਨਾ ਹੀ ਉਚਿਤ ਮਾਲੂਮ ਹੁੰਦਾ ਹੈ।

**ਆਨੰਦੁ-ਸੰਬੋਧ** (concept)

'ਅਨੰਦੁ' ਦਾ ਵਸਤੂ ਅਧਿਅਨ ਕਰਨ ਤੋਂ ਪਹਿਲਾਂ ਇਸ ਰਚਨਾ ਦੀ ਮੂਲ ਇਕਾਈ ਆਨੰਦੁ ਦਾ ਵਿਸ਼ਲੇਸ਼ਣ ਕਰ ਲੈਣਾ ਉਚਿਤ ਹੁੰਦਾ ਹੈ। ਆਚਾਰੀਆ ਨੇ ਆਨੰਦ ਦੀਆਂ ਵਖੋ ਵੱਖ ਲੱਸਾਂ ਉਪਰ ਆਪਣਾ ਧਿਆਨ ਕੇਂਦਰਿਤ ਕਰਦੇ ਹੋਏ ਚਾਰ ਪ੍ਰਕਾਰੀ ਆਨੰਦ ਨੂੰ ਸਵੀਕਾਰ ਕੀਤਾ ਹੈ :

ਵਸਤੂ ਆਨੰਦ
ਕਾਵਿ ਜਾਂ ਕਲਾ ਆਨੰਦ
ਬੋਧਿਕ ਆਨੰਦ
ਅਧਿਆਤਮਕ ਆਨੰਦ

ਅਨੁਭਵ ਦਾ ਅਰਥ ਹੈ, ਵਾਸਤਵਿਕ ਜਗਤ ਦੇ ਕਿਸੇ ਵੇਰਵੇ ਨੂੰ ਮਹਿਸੂਸ ਕਰਨਾ ਜਾਂ ਉਸ ਦੀ ਗਹਿਰਾਈ ਵਿਚ ਜਾਣਾ ਆਦਿ। ਅਨੁਭਵ ਭਾਵਾਤਮਕ ਵੀ ਹੋ ਸਕਦਾ ਹੈ ਤੇ ਬੌਧਿਕ ਵੀ। ਧਾਰਮਕ ਅਨੁਭਵ ਇਕ ਤਰ੍ਹਾਂ ਦਾ ਅੰਤਿਕ ਭਾਵਾਤਮਕ (Inner emotional) ਅਨੁਭਵ ਹੁੰਦਾ ਹੈ। ਅਨੁਭਵ ਆਨੰਦ ਦੀ ਬੁਨਿਆਦ ਹੈ। ਬਾਅਦ ਵਿਚ ਇਸੇ ਉਪਰ ਆਨੰਦ ਦੀ ਉਸਾਰੀ ਹੁੰਦੀ ਹੈ। ਦੂਸਰੇ ਸ਼ਬਦਾਂ ਵਿਚ ਆਨੰਦ-ਪ੍ਰਾਪਤੀ ਲਈ ਅਨੁਭਵ ਇਕ ਮਾਧਿਅਮ ਹੈ, ਇਕ ਸਾਧਨ ਹੈ, ਇਕ ਜੁਗਤ ਹੈ।

---

1. ਫਰੀਦ ਕੋਟ ਦਾ ਟੀਕਾ ਸਭ ਤੋਂ ਵਧ ਪ੍ਰਮਾਣਿਕ ਮੰਨਿਆ ਜਾਂਦਾ ਹੈ ਪਰ ਉਹ ਵੀ ੩੯, ੪੦ ਪਉੜੀ ਨੂੰ ਕ੍ਰਮਵਾਰ ਮਹਲਾ ੪ ਤੇ ਮਹਲਾ ੫ ਉਚਰਿਤ ਮੰਨਦਾ ਹੈ। ਗਿਆਨੀ ਬਦਨ ਸਿੰਘ, ਪੰਨਾ 1894—1895.



Digitized by Panjab Digital Library | www.panjabdigilib.org

ਆਨੰਦ ਆਪਣੇ ਆਪ ਵਿਚ ਸੰਜੁਗਤੀ ਮੂਲਕ ਸਥਿਤੀ ਹੈ ਜਿਥੇ ਮਾਨਣਹਾਰ ਉਸ ਦੇ ਕਾਰਣ ਤੋਂ ਅਵੇਸਲਾ ਕੇਵਲ ਰਸੀਆ ਹੀ ਹੁੰਦਾ ਹੈ। ਆਨੰਦ ਸਾਧਾਰਣ ਖੁਸ਼ੀ, ਪ੍ਰਸੰਨਤਾ ਤੇ ਖੇੜੇ ਦੇ ਭਾਵ ਤੋਂ ਕਿਤੇ ਉਚੇਰੀ ਅਵਸਥਾ ਦਾ ਨਾਮ ਹੈ। ਇਹ ਤਿੰਨੇ ਸ਼ਬਦ ਮਨ ਦੀ ਉਸ ਅਵਸਥਾ ਨਾਲ ਸੰਬੰਧਿਤ ਹਨ ਜੋ ਛਿਣ ਭੰਗਰੀ ਹੁੰਦੀ ਹੈ। ਵਿਹਾਰ ਵਿਚ ਮਨੁੱਖ ਨੂੰ ਸਭ ਤੋਂ ਵੱਧ ਆਨੰਦ ਭਾਵਨਾ-ਸੰਸਾਰ ਵਿਚੋਂ ਮਿਲਦਾ ਹੈ। ਕਿਸੇ ਹੱਸਦੇ ਚਿਹਰੇ ਨੂੰ ਵੇਖ ਕੇ ਚੇਹਰੇ ਉਪਰ ਖੁਸ਼ੀ ਦਾ ਪ੍ਰਭਾਵ ਆ ਜਾਂਦਾ ਹੈ ਪਰ ਅੱਖ ਦੇ ਫੋਰ ਵਿਚ ਹੀ ਗੁਆਚ ਵੀ ਜਾਂਦਾ ਹੈ। ਅਜੇਹੀ ਖੁਸ਼ੀ ਭਾਵਨਾਤਮਕ ਅਨੰਦ ਤੋਂ ਵੀ ਕਿਤੇ ਪਿਛੇ ਰਹਿ ਜਾਂਦੀ ਹੈ। ਤਾਂ ਕੀ ਭਾਵਨਾਤਮਕ ਅਤੇ ਵਸਤੂ ਆਨੰਦ ਸਹਿ ਧਰਮੀ ਹਨ ? ਉੱਤਰ ਹੋਵੇਗਾ ਹਾਂ। ਮਨੁਖ ਕੋਈ ਵਸਤੂ ਜਾਂ ਪਦਾਰਥ ਚਾਹੁੰਦਾ ਹੈ, ਸੋ ਮਿਲ ਜਾਂਦਾ ਹੈ। ਅਜਿਹੇ ਛਿਣ ਖੁਸ਼ੀ ਰਤਾ ਕੁ ਵਧੇਰੇ ਵਕਫੇ ਵਿਚ ਫੈਲ ਜਾਂਦੀ ਹੈ। ਕੀ ਇਸੇ ਨੂੰ ਵਸਤੂ ਆਨੰਦ ਕਿਹਾ ਜਾ ਸਕਦਾ ਹੈ ? ਉੱਤਰ ਹੋਵੇਗਾ ਨਹੀਂ। ਅਸਲ ਵਿਚ ਮਨ ਇੱਛਤ ਵਸਤੂ ਦੀ ਪ੍ਰਾਪਤੀ ਉਪਰੰਤ ਭੋਗ ਵਿਚੋ ਪ੍ਰਾਪਤ ਸੁਆਦ ਨੂੰ ਵਸਤੂ ਆਨੰਦ ਕਿਹਾ ਜਾਂਦਾ ਹੈ। ਇਸ ਆਨੰਦ ਦੀ ਉਮਰ ਵਸਤੂ ਦੇ ਮਾਨਣ ਤਕ ਹੀ ਸੀਮਤ ਹੁੰਦੀ ਹੈ ਤੇ, ਬਸ।

ਕਾਵਿ ਆਨੰਦ ਵਸਤੂ ਆਨੰਦ ਤੋਂ ਵਖਰੀ ਤਰ੍ਹਾਂ ਦਾ ਆਨੰਦ ਹੈ। ਕਾਵਿ ਵਿਚ ਵਾਸਤਵਿਕ ਵਸਤੂ ਨਹੀਂ ਹੁੰਦੀ ਸਗੋਂ ਉਸ ਦੇ ਅਨੁਕਰਣ ਤੋਂ ਉਪਜਣ ਵਾਲਾ ਭੌਤਿਕ ਆਨੰਦ ਹੀ ਹੁੰਦਾ ਹੈ। ਅਰਸਤੂ ਨੇ ਇਸ ਦੀ ਵਿਆਖਿਆ ਕਰਦੇ ਹੋਏ ਇਸ ਨੂੰ ਇਕ ਵਿਸ਼ੇਸ਼ ਪ੍ਰਕਾਰ ਦੀ ਪਛਾਣ ਦਾਂ ਆਨੰਦ ਕਿਹਾ ਹੈ। ਇਸ ਪਛਾਣ ਦਾ ਆਧਾਰ ਕਲਪਨਾ ਹੁੰਦੀ ਹੈ। ਇਸ ਨੂੰ ਪ੍ਰਤੱਖ ਇੰਦ੍ਰੀ ਆਨੰਦ ਵੀ ਨਹੀਂ ਕਿਹਾ ਜਾ ਸਕਦਾ। ਕਵੀ ਆਪਣੀ ਕਲਪਨਾ ਤੇ ਅਨੁਭਵ ਦੇ ਸਹਾਰੇ ਇਕ ਅਜਿਹਾ ਬਿੰਬ ਪੇਸ਼ ਕਰਦਾ ਹੈ ਜਿਸ ਨਾਲ ਪਾਠਕ ਇਕ ਸਾਂਝ ਬਣਾਂਦਾ ਹੈ ਤੇ ਇਹੀ ਸਾਂਝ ਹੀ ਪਛਾਣੂ ਆਨੰਦ ਦਾ ਸਿਰਜਨ ਕਰਦੀ ਹੈ। ਇਹ ਆਨੰਦ ਇੰਦ੍ਰੀਆਂ ਦੇ ਸਾਖਿਆਤ ਅਨੁਭਵ ਤੋਂ ਵਖਰਾ ਹੁੰਦਾ ਹੈ ਤੇ ਕਾਵਿ-ਸ਼ਿਲਪ ਦੇ ਪ੍ਰਭਾਵ ਤੋਂ ਵੀ। ਸੰਖੇਪ ਵਿਚ, ਕਾਵਿ ਦਾ ਆਨੰਦ ਨਾਂ ਤਾਂ ਪ੍ਰਤੱਖ ਇੰਦਰੀ ਆਨੰਦ ਹੈ ਤੇ ਨਾ ਹੀ ਕਾਲਪਨਿਕ। ਇਹ ਤਾਂ ਪਛਾਣ ਦਾ ਆਨੰਦ ਹੈ, ਜਿਸ ਦਾ ਆਧਾਰ ਕਲਪਨਾ ਤੇ ਭਾਵ ਦੀ ਸੰਜੁਗਤ ਇਕਾਈ ਹੁੰਦੀ ਹੈ। ਇਹ ਆਨੰਦ ਪ੍ਰਤੱਖ ਇੰਦ੍ਰਆਵੀ ਮਾਨਸਿਕ ਆਨੰਦ ਨਾਲੋਂ ਵਧੇਰੇ ਸੂਖਮ ਹੁੰਦਾ ਹੈ।

ਬੁਧੀ ਦਾ ਧਰਮ ਹੈ ਨਿਖੇੜਾ ਕਰਨਾ। ਇਹੀ ਨਿਖੇੜਾ ਬਿਰਤੀ ਹੀ ਸਾਨੂੰ ਗਿਆਨ ਵਿਸ਼ੇਸ਼ ਨਾਲ ਜੋੜਦੀ ਹੈ। ਗਿਆਨ ਦਾ ਸਾਮਾਨਿਆ ਅਰਥ ਹੈ, ਅਗਿਆਤ ਵਸਤੂ ਦਾ ਬੋਧ। ਇਸ ਦੀ ਯਾਤਰਾ ਪੂਰਬ ਦੇਖੀ ਵਸਤੂ ਵਲ ਨਹੀਂ ਹੁੰਦੀ ਸਗੋਂ ਵਸਤੂ ਵਿਸ਼ੇਸ਼



Digitized by Panjab Digital Library | www.panjabdigilib.org

ਨੂੰ ਨਿਬੇੜਨ ਵਲ ਹੁੰਦੀ ਹੈ। ਕੁਲ ਮਿਲਾ ਕੇ, ਇਹ ਪਛਾਣ ਤੋਂ ਵਖਰੀ ਤਰ੍ਹਾਂ ਦਾ ਆਨੰਦ ਹੈ। ਸਾਧਾਰਣ ਤੌਰ ਤੇ ਵਾਸਤਵਿਕ ਡਿੱਠੀ ਵਸਤੂ ਨਾਲ ਸਿਆਣ ਪੈਦਾ ਹੁੰਦੀ ਹੈ। ਕਾਵਿ ਕਿਰਤ ਇਸੇ ਦਾ ਪੁਨਰ ਨਿਰਮਾਣ ਕਰਕੇ ਕਾਵਿ-ਆਨੰਦ ਦਾ ਸਿਰਜਨ ਕਰਦੀ ਹੈ। ਬੌਧਿਕ ਆਨੰਦ ਵਿਚ ਵਸਤੂ ਵਿਸ਼ੇਸ਼ ਦੇ ਨਿੱਕੇ ਨੰਨੇ ਵੇਰਵਿਆਂ ਨਾਲ ਸਾਂਝ ਪੈਣ ਉਪਰੰਤ ਬੌਧਿਕਾਨੰਦ ਉਦੈ ਹੁੰਦਾ ਹੈ। ਕਾਵਿ-ਆਨੰਦ ਜੇ ਕਲਪਨਾ ਦਾ ਆਨੰਦ ਹੈ ਤਾਂ ਬੌਧਿਕ ਆਨਦ ਵੇਰਵੇ ਤੇ ਵਿਸ਼ਲੇਸ਼ਣ ਦਾ ਆਨੰਦ ਹੈ। ਵਸਤੂ ਵਿਸ਼ੇਸ਼ ਦੇ ਬਰੀਕ ਤੋਂ ਬਰੀਕ ਵੇਰਵਿਆਂ ਦਾ ਗਿਆਨ ਇਕ ਖਾਸ ਤਰ੍ਹਾਂ ਦੀ ਪ੍ਰਕਾਸ਼ ਸਥਿਤੀ ਪੈਦਾ ਕਰਦਾ ਹੈ। ਪ੍ਰਚੰਡ ਗਿਆਨ-ਸਥਿਤੀ ਦੀ ਪ੍ਰਤੀਤੀ ਹੀ ਬੌਧਿਕ ਆਨੰਦ ਦੀ ਸਥਿਤੀ ਹੈ।

ਅੰਤ ਵਿਚ ਅਧਿਆਤਮਕ ਆਨੰਦ ਬਾਰੇ ਵਿਚਾਰ ਕਰਨੀ ਜੋਗ ਪ੍ਰਤੀਤ ਹੁੰਦੀ ਹੈ, ਅਧਿ ਦਾ ਸੰਧੀ ਅਵਛੇਦ ਰੂਪ ਹੈ ਅ+ਧਿ, ਇਥੇ ਅ ਦਾ ਅਰਥ ਹੈ ਰਹਿਤ ਤੇ ਧਿ ਦਾ ਅਰਥ ਹੈ ਬੁੱਧੀ। ਇਸੇ ਦਾ ਅਨਵੈ ਵਿਤਰੇਕ ਵਿਧੀ ਰਾਹੀਂ ਅਰਥ ਬਣਦਾ ਹੈ : ਬੱਧੀ ਤੋਂ ਰਹਿਤ। ਬੁੱਧੀ ਲੌਕਿਕ ਵਿਸ਼ਿਆਂ ਦਾ ਅਸਵਾਦਨ ਕਰਦੀ ਹੈ ਪਰ ਅਧਿਆਤਮਕ ਆਨੰਦ ਬੁੱਧੀ ਦਾ ਵਿਸ਼ਾ ਹੀ ਨਹੀਂ। ਇਹ ਨਿਪਟ ਪ੍ਰਤੀਤੀ ਦੀ ਵਸਤ ਹੈ। ਇਹ ਆਨੰਦ ਸਾਧਾਰਣ ਕਰਮ, ਧਰਮ, ਸਾਧਨ, ਸੁੱਚ, ਸੰਜਮ, ਤਪ ਤੇ ਯੱਗ ਆਦਿ ਤੋਂ ਉਚੇਰੀ ਵਸਤੂ ਹੈ। ਭਾਰਤੀ ਧਰਮਾਂ ਵਿਚ ਆਨੰਦ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਇਥੇ ਕੁਝ ਆਚਾਰੀਆ ਦੀ ਦ੍ਰਿਸ਼ਟੀ ਜਾਣਨੀ ਸੰਗਤ ਹੈ।

**ਉਪਨਿਸ਼ਦ ਅਨੁਸਾਰ :**

ਭਾਰਤੀ ਅਧਿਆਤਮਕ ਚਿੰਤਨ ਵਿਚ ਆਨੰਦ ਦਾ ਸੰਬੋਧ (concept) ਬਹੁਤ ਹੀ ਪੁਰਾਣਾ ਤੇ ਮਹੱਤਵਪੂਰਣ ਹੈ। ਤੈਤੱਰੀਯ ਉਪਨਿਸ਼ਦ ਵਿਚ ਅੰਕਿਤ ਬ੍ਰਹਮ ਸੂਤਰ (ਅੰਕ 12 ਤੋਂ 19) ਇਸ ਉਪਰ ਭਰਵੀਂ ਵਿਚਾਰ ਕਰਦੇ ਹਨ। ਇਸ ਅਨੁਸਾਰ ਸਾਰੇ ਜੀਵ ਆਨੰਦ ਵਿਚ ਹੀ ਪੈਦਾ ਹੁੰਦੇ, ਆਨੰਦ ਵਿਚ ਵਿਚਰਦੇ ਤੇ ਮਰ ਜਾਂਦੇ ਹਨ। ਇਸ ਤੋਂ ਛੁੱਟ ਬ੍ਰਹਮ ਜਗਤ ਦਾ ਮੂਲ ਕਾਰਣ, ਆਧਾਰ ਅਤੇ ਸੰਘਾਰ ਕ ਹੋਣ ਕਰਕੇ ਹੀ ਵਿਸਮੈ-ਰੂਪ ਹੈ। ਇਹ ਸਾਰੀ ਕਿਰਿਆ ਅਨੰਦਿਤ ਕਰਨ ਵਾਲੀ ਹੈ। ਨਿਸ਼ਚੇ ਹੀ ਬ੍ਰਹਮ ਅਤੇ ਆਨੰਦ ਪ੍ਰਯਾਇਵਾਚੀ ਹਨ।

**ਵੇਦਾਂਤ ਅਨੁਸਾਰ :**

ਵੰਨਸਵੰਨ ਪਾਸਾਰ ਦੇ ਪਿਛੋਂ ਇਕੋ ਸ਼ਕਤੀ ਨੂੰ ਅਨੁਭਵਣਾ ਆਨੰਦ ਹੈ। ਸ਼ੰਕਰ ਨੇ ਸ਼ੰਕਰਭਾਸ਼ ਵਿਚ ਸਰਵੱਗ ਦੇ ਦੋ ਅਰਥ ਕੀਤੇ ਹਨ। ਪਹਿਲਾ, ਸਭ ਕੁਝ ਜਾਨਣ ਵਾਲਾ ਤੇ ਦੂਜਾ, ਗਿਆਨ-ਸਰੂਪ। ਵੇਦਾਂਤ ਅਨੁਸਾਰ ਗਿਆਨ ਹੀ ਸਾਧਨ ਹੈ, ਗਿਆਨ ਹੀ ਸਿੱਧ ਹੈ। ਬ੍ਰਹਮ ਦਾ ਸਰਬ ਸ੍ਰੇਸ਼ਟ ਲੱਛਣ ਹੈ ਹੀ ਗਿਆਨ-ਸਰੂਪਤਾ।



Digitized by Panjab Digital Library | www.panjabdigilib.org

ਵੇਦਾਂਤੀਆਂ ਅਨੁਸਾਰ ਪ੍ਰਕਰਣ ਬਦਲਣ ਨਾਲ ਹੀ ਆਨੰਦ ਦੀ ਬਹੁਰੰਗਤਾ ਹੋਂਦ ਵਿਚ ਆਉਂਦੀ ਹੈ। ਫ਼ਰਕ ਕੇਵਲ ਆਨੰਦ ਦੀ ਮਾਤਰਾ ਦਾ ਹੁੰਦਾ ਹੈ। ਆਨੰਦ ਦਾ ਅਭਾਵ ਕਦੇ ਨਹੀਂ ਹੁੰਦਾ। ਬ੍ਰਹਮਾਨੰਦ ਨੂੰ ਨਿਆਇ ਪੂਰਬਕ ਸਮਝਣ ਲਈ ਉਨ੍ਹਾਂ ਨੇ ਪੰਜ ਕੋਸ਼ਾਂ ਦਾ ਜ਼ਿਕਰ ਕੀਤਾ ਹੈ। ਕੋਸ਼ ਫਿਲਾਸਫੀ ਇਕ ਵਖਰੇ ਲੇਖ ਦੀ ਮੰਗ ਕਰਦੀ ਹੈ। ਹਾਲ ਦੀ ਘੜੀ ਏਨਾ ਜਾਣਨਾ ਹੀ ਕਾਫੀ ਹੈ ਕਿ ਪਰਮ ਆਨੰਦ ਨੂੰ ਜਾਣਨ ਵਾਲਾ ਨਾ ਤੇ ਇਹ ਕਹਿ ਸਕਦਾ ਹੈ ਕਿ ਮੈਂ ਜਾਣਦਾ ਹਾਂ ਤੇ ਨਾ ਹੀ ਇਹ ਕਿ ਮੈਂ ਨਹੀਂ ਜਾਣਦਾ। ਪਰਮ ਆਨੰਦ-ਰੂਪ ਪਰਮੇਸ਼ਰ ਸਾਰੇ ਜੀਵਾਂ ਦੀ ਉਤਪਤੀ, ਇਸਥਤੀ ਤੇ ਪ੍ਰਲੈ ਦਾ ਕਾਰਣ ਹੈ। ਉਹ ਬ੍ਰਹਿਮੰਡ ਅਤੇ ਜੀਵ ਵਿਚ ਸਮਾਨ ਜੋਤ ਕਰਕੇ ਵਿਆਪਕ ਹੈ। ਜਿਹੜਾ ਜੀਵ ਇਸ ਤਤ ਨੂੰ ਜਾਣ ਲੈਂਦਾ ਹੈ, ਉਹ ਵਰਤਮਾਨ ਸਰੀਰ ਤੋਂ ਅਲੱਗ ਹੋ ਕੇ ਪਰਮਾਨੰਦ-ਰੂਪ ਬ੍ਰਹਮ ਵਿਚ ਹੀ ਅਭੇਦ ਹੋ ਜਾਂਦਾ ਹੈ।

**ਰਸ ਆਚਾਰੀਆ ਅਨੁਸਾਰ :**

ਆਨੰਦ-ਸੰਬੰਧ ਬਾਰੇ ਜਿਥੇ ਦਾਰਸ਼ਨਿਕ ਚਿੰਤਕਾਂ ਨੇ ਵਿਸ਼ੇਸ਼ ਧਿਆਨ ਦਿੱਤਾ ਹੈ ਉਥੇ ਰਸਾਚਾਰੀਆ ਵੀ ਪਿੱਛੇ ਨਹੀਂ ਰਹੇ। ਰਸਾਚਾਰੀਆਂ ਨੇ ਰਸ ਅਨੁਭੂਤੀ ਲਈ ਦੋ ਤੱਤ ਸਵੀਕਾਰ ਕੀਤੇ ਹਨ: ਪਹਿਲਾ ਚਿੱਤ, ਦੂਸਰਾ ਚੇਤੰਨ। ਪਹਿਲੇ ਦਾ ਸਬੰਧ ਚਿੱਤ ਦੀਆਂ ਬਿਰਤੀਆਂ ਨਾਲ ਹੈ। ਦੂਜੇ ਦਾ ਬ੍ਰਹਮ ਨਾਲ। ਸਾਮਾਨਯ ਰਸ ਕਵੀ ਦਾ ਮੂਲਾਧਾਰ ਚਿੱਤ ਬਿਰਤੀਆਂ ਹਨ ਤੇ ਅਧਿਆਤਮੀ ਲਈ ਸੁਗਲਾ ਬ੍ਰਹਿਮੰਡ ਪਾਸਾਰ। ਅਚਰਜ ਤਾਂ ਇਹ ਹੈ, ਰਸਾਚਾਰੀਆ ਵੀ ਕਾਵਿ ਰਸ ਨੂੰ ਬ੍ਰਹਮ ਸਹੋਦਰ ਮੰਨਦੇ ਹਨ। ਕਾਵਿ ਜਗਤ ਵਿਚ ਰਸ ਪ੍ਰਤੀਤੀ ਵਿਸ਼ੇਸ਼ ਦੇ ਅਰਥ ਰੱਖਦਾ ਹੈ। ਪਰ ਅਧਿਆਤਮ ਜਗਤ ਵਿਚ ਰਸ ਗਿਆਨ ਵਿਸ਼ੇਸ਼ ਦੀ ਅਨੁਭੂਤੀ ਦਾ ਲਖਾਇਕ ਹੈ। ਸੰਖੇਪ ਵਿਚ, ਬ੍ਰਹਮ ਗਿਆਨ ਦੀ ਪ੍ਰਕ੍ਰਿਤੀ ਹੈ ਹੀ ਆਨੰਦ ਰੂਪ।[1] ਬ੍ਰਹਮ ਗਿਆਨ ਦੀ ਪ੍ਰਤੀਤੀ ਦਾ ਅਰਥ ਹੀ ਦੁੱਖ-ਬੋਧ ਤੋਂ ਮੁਕਤ ਹੋਣਾ ਹੈ। ਮੋਟੇ ਤੌਰ ਤੇ ਦੋ ਪ੍ਰਕਾਰੀ ਦੁੱਖ ਮੰਨੇ ਗਏ ਹਨ। ਪਹਿਲੇ, ਉਹ ਜੋ ਲੌਕਿਕ ਹਨ। ਦੂਜੇ, ਉਹ ਜੋ ਲੋਕੋਤਰ ਜਿਹਾ ਕਿ ਜਮਦੂਤ ਨਰਕ ਆਦਿ ਦਾ ਡਰ। ਬ੍ਰਹਮ ਗਿਆਨ ਦੋਹਾਂ ਤਰ੍ਹਾਂ ਦੇ ਦੁੱਖਾਂ ਤੋਂ ਅਭੈ ਕਰਦਾ ਹੈ। ਦੁਨਿਆਵੀ ਪਦਾਰਥ ਖੁਸ਼ੀ ਦਾ ਸਾਧਨ ਹਨ ਤੇ ਬ੍ਰਹਮ ਗਿਆਨ ਆਨੰਦ ਦਾ।

ਆਨੰਦ ਸਾਹਿਬ ਦਾ ਜੇ ਥੀਮਕ ਅਧਿਐਨ ਕੀਤਾ ਜਾਵੇ ਤਾਂ ਇਸ ਦੀ ਬੀਜ ਇਕਾਈ ਭਾਵੇਂ ਆਨੰਦ ਹੀ ਹੈ ਪਰ ਅਨਹਤ ਨਾਦ ਅਤੇ ਅੰਮ੍ਰਿਤ ਵੀ ਉਪ ਇਕਾਈਆਂ ਦੇ ਰੂਪ ਵਿਚ ਇਸ ਰਚਨਾ ਵਿਚੋਂ ਉਭਰਦੀਆਂ ਹਨ। ਅਨਹਦ ਨਾਦ ਦਾ ਮੂਲ ਸੰਬੰਧ

---

1. T.M.P. Mahadevan, the Philosophy of Advaita, Page 275.



Digitized by Panjab Digital Library | www.panjabdigilib.org

ਜੋਗਮਤ ਨਾਲ ਮੰਨਿਆ ਗਿਆ ਹੈ ਤੇ ਅੰਮ੍ਰਿਤ ਦਾ ਪ੍ਰਾਣ ਨਾਲ। ਇਥੇ ਇਹਨਾਂ ਦੋਹਾਂ ਇਕਾਈਆਂ ਬਾਰੇ ਵਿਚਾਰ ਕਰ ਲੈਣੀ ਉਚਿਤ ਮਾਲੂਮ ਹੁੰਦੀ ਹੈ। ਇਹ ਧਿਆਨ ਰਹੇ ਇਥੇ ਅਨਹਦ ਨਾਦ ਦਾ ਸ਼ਾਸਤਰੀ ਅਧਿਐਨ ਨਹੀਂ ਕੀਤਾ ਜਾ ਰਿਹਾ ਸਗੋਂ ਅਨਹਤ ਨਾਦ ਦਾ ਜੋ ਸੰਬੰਧ ਆਨੰਦ-ਸੰਬੋਧ ਨਾਲ ਜੋੜਿਆ ਗਿਆ ਹੈ। ਉਸ ਉਪਰ ਹੀ ਧਿਆਨ-ਕੇਂਦਰਿਤ ਕੀਤਾ ਗਿਆ ਹੈ।

ਗੁਰੂ ਅਮਰਦਾਸ ਆਨੰਦ-ਸੰਬੋਧ ਬਾਰੇ ਕਿਸੇ ਵਾਦਵਿਵਾਦ ਵਿਚ ਨਹੀਂ ਪਏ ਪਰ ਉਹਨਾਂ ਨੇ ਆਨੰਦ-ਰਚਨਾ ਦੀ ਸਿਰਜਣਾ ਕਰਦੇ ਸਮੇਂ ਜੋਗਮਤ ਦੀ ਪਰਿਭਾਸ਼ਕ ਸ਼ਬਦਾਵਲੀ ਨੂੰ ਸੰਚਾਰ ਦਾ ਮਾਧਿਅਮ ਬਣਾਇਆ ਹੈ। ਪੰਚ ਸ਼ਬਦ, ਪੰਚ ਧੁਨ ਵਾਜੈ, ਅਨਹਤ ਬਾਣੀ, ਪਉਣ ਦਾ ਵਾਜਾ, ਆਦਿ ਸ਼ਬਦਾਂ ਦਾ ਪ੍ਰਯੋਗ ਆਨੰਦ ਦੀ ਮੰਗਲਮਈ ਅਵਸਥਾ ਦੇ ਲਈ ਨਿਰੂਪਣ ਲਈ ਕੀਤਾ ਹੈ। ਬਹੁਤ ਥਾਈ ਅਨਹਤ ਨੂੰ ਆਨੰਦਮਈ ਅਵਸਥਾ ਦੀ ਪੇਸ਼ਕਾਰੀ ਲਈ ਵਰਤਿਆ ਹੈ। ਸਾਮਾਨਿਆ ਜੀਵਨ ਵਿਧੀ ਵਿਚ ਖੁਸ਼ੀ ਪ੍ਰਾਪਤ ਕਰਨ ਦੇ ਅਨੇਕਾਂ ਸਾਧਨ ਹਨ ਪਰ ਖੁਸ਼ੀ ਦੇ ਮੌਕੇ ਦਾ ਜਸ਼ਨ ਆਮ ਤੌਰ ਤੇ ਵਾਜੇ ਦੀ ਧੁਨ ਨਾਲ ਹੀ ਮਨਾਇਆ ਜਾਂਦਾ ਹੈ। ਇੰਞ ਮਾਲੂਮ ਹੁੰਦਾ ਹੈ, ਗੁਰੂ ਅਮਰਦਾਸ ਜੀ ਨੇ ਆਤਮਕ ਆਨੰਦ ਨੂੰ ਵਖਰਿਆਣ ਕਾਰਣ ਹੀ ਇਸ ਦਾ ਸੰਬੰਧ ਅਨਹਤ ਨਾਦ ਨਾਲ ਜੋੜਿਆ ਹੈ ਜੋ ਜੋਗਮਤ ਦਾ ਪ੍ਰਾਣ-ਤੱਤ ਹੈ।

ਅਨਹਤ ਨਾਦ ਬਾਕੀ ਦੇ ਸਾਰੇ ਨਾਦਾਂ ਨਾਲੋਂ ਸੂਖਮ ਅਤੇ ਉਤਮ ਗਿਣਿਆ ਗਿਆ ਹੈ। ਨਿਰਘੰਟੂ ਵਿਚ ਉਸਤਤ ਕਰਨ ਜੋਗ ਵਾਕ ਨੂੰ ਨਾਦ ਕਿਹਾ ਗਿਆ ਹੈ। ਸੰਗੀਤ ਵਿਚ ਨਾਦ ਦਾ ਅਰਥ ਇਸ ਤੋਂ ਵਖਰਾ ਹੈ। ਇਥੇ 'ਨਾ' ਦਾ ਅਰਥ ਹੈ ਪ੍ਰਾਣ ਤੇ 'ਦ' ਦਾ ਅਰਥ ਹੈ ਅਗਨੀ ਅਥਵਾ ਸਰੀਰ ਦੀ ਅਗਨੀ ਤੋਂ ਜੋ ਸਵਰ ਉਪਜੇ ਉਹ ਨਾਦ ਹੈ। ਵਿਧੀ ਵਿਸ਼ੇਸ਼ ਨਾਲ ਕੀਤਾ ਅਭਿਆਸ ਨਾਦ ਨੂੰ ਅਨਹਤ ਵਿਚ ਬਦਲ ਦੇਂਦਾ ਹੈ। ਆਮ ਤੌਰ ਤੇ ਸੰਗੀਤ ਰਸ ਸਾਜ਼ ਦੀ ਸੰਗਤ ਨਾਲ ਪ੍ਰਾਪਤ ਕੀਤਾ ਜਾਂਦਾ ਹੈ ਜੋ ਬਿਨਾਂ ਕਿਸੇ ਸਾਜ਼ ਉਪਰਿ ਚੋਟ ਕੀਤਿਆਂ ਪੈਦਾ ਹੋਵੇ ਉਹ ਅਨਹਤ ਰਸ ਹੈ। ਇੰਜ ਮਾਲੂਮ ਹੁੰਦਾ ਹੈ ਕਿ, ਸਾਮਾਨਿਅ ਸੰਗੀਤ ਦਾ ਅਧਿਆਤਮੀਕਰਣ ਕਰਕੇ ਨਾਦ ਤੋਂ ਅਨਹਤ ਬਣਾ ਲਿਆ ਗਿਆ ਹੈ। ਇਕ ਉਹ ਆਨੰਦ ਹੈ ਜੋ ਸੰਗੀਤ ਸਾਜ਼ ਤੇ ਸੁਰਾਂ ਰਾਹੀਂ ਪ੍ਰਾਪਤ ਹੁੰਦਾ ਹੈ। ਦੂਜਾ, ਉਹ ਜਿਸ ਵਿਚ ਸੰਗੀਤਕ ਸੁਰਾਂ ਦੀ ਲੋੜ ਨਹੀਂ ਪੈਂਦੀ। ਇਹ ਆਤਮ ਸੰਗੀਤ ਹੈ ਜੋ ਕੰਨਾਂ ਦਾ ਵਿਸ਼ਾ ਨਹੀਂ। ਚਿੱਤ ਦੀ ਇਕਾਗਰਤਾ ਨਾਲ ਅਭਿਆਸੀ ਯੋਗੀ ਸੁਣਦਾ ਹੈ ਤੇ ਨਾਮ-ਰਸੀਆ ਵੀ। ਤਾਂ ਸੁਆਲ ਪੈਦਾ ਹੁੰਦਾ ਹੈ, ਗੁਰੂ ਅਮਰਦਾਸ ਨੇ ਅਨੇਕ ਵਾਰ ਪੰਜ ਸ਼ਬਦ, ਪੰਜ ਧੁਨਾਂ ਦੇ ਵਜਣ ਦਾ



Digitized by Panjab Digital Library | www.panjabdigilib.org

ਜ਼ਿਕਰ ਕੀਤਾ ਹੈ। ਇਹਨਾਂ ਉਪਰ ਵਿਚਾਰ ਕਰਨ ਤੋਂ ਪਹਿਲਾਂ ਪੰਕਤੀਆਂ ਵਾਚਣੀਆਂ ਉਚਿਤ ਹਨ :

(ੳ) ਸਤਿਗੁਰ ਤ ਪਾਇਆ ਸਹਜ ਸੇਤੀ
ਮਨ ਵਜੀਆ ਵਧਾਈਆ । (੧)

(ਅ) ਨਾਮ ਜਿਨਕੈ ਮਨ ਵਸਿਆ
ਵਾਜੇ ਸਬਦ ਘਨੇਰੇ । (੩)

(ੲ) ਵਾਜੇ ਪੰਚ ਸਬਦ ਤਿਤੁ ਘਰ ਸਭਾਗੇ
ਘਰ ਸੁਭਾਗੇ ਸਬਦ ਵਾਜੇ ਕਲਾ ਚਿਤ ਕਰ ਧਾਰੀਆ
... ... ... ... ...
ਕਹੈ ਨਾਨਕ ਤਹ ਸੁਖ ਹੋਆ
ਤਿਤੁ ਘਰ ਅਨਹਦ ਵਾਜੇ (੫)

(ਸ) ਅਨਹਤ ਬਾਣੀ ਗੁਰ ਸਬਦ ਜਾਣੀ
ਹਰ ਨਾਮ ਹਰਿ ਰਸਿ ਭੋਗੋ (੩੪)

(ਹ) ਬਿਨਵੰਤਿ ਨਾਨਕ ਗੁਰ ਚਰਣ ਲਾਗੇ
ਵਾਜੇ ਅਨਹਤ ਤੂਰੇ (੪੦)

ਉਪਰੋਕਤ ਪੰਕਤੀਆਂ ਦੇ ਪਾਠ ਤੋਂ ਇਹ ਤੱਥ ਉੱਭਰ ਕੇ ਸਾਹਮਣੇ ਆ ਜਾਂਦਾ ਹੈ ਕਿ ਅਨਹਤ ਦੀ ਅਵਸਥਾ ਪੰਜ ਪ੍ਰਕਾਰੀ ਧੁਨਾਂ ਤੋਂ ਬਾਅਦ ਆਉਂਦੀ ਹੈ। ਇਥੇ ਇਹਨਾਂ ਪੰਜਾਂ ਨੂੰ ਜਾਨਣਾ ਸੰਗਤ ਪ੍ਰਤੀਤ ਹੁੰਦਾ ਹੈ।

(ੳ) ਤੱਤ : ਤੰਤੀ ਸਾਜ਼ ਜੇਹਾ ਕਿ ਸਿਤਾਰ, ਰਬਾਬ, ਤਾਨਪੂਰਾ ਆਦਿ
(ਅ) ਵਿੱਤ : ਚਮੜੇ ਨਾਲ ਮੜੇ ਹੋਏ ਸਾਜ਼ ਜੇਹਾ ਕਿ ਢੋਲ, ਤਬਲਾ, ਮ੍ਰਿਦੰਗ ਆਦਿ
(ੲ) ਘਨ : ਧਾਤੂ ਤੋਂ ਬਣੇ ਹੋਏ ਸਾਜ਼ ਜੇਹਾ ਕਿ ਛੈਣੇ ਘੰਟੀਆਂ ਆਦਿ
(ਸ) ਨਾਦ : ਘੜੇ ਦੇ ਪੁਲਾੜ ਚੋਂ ਹੱਥ ਨਾਲ ਪੈਦਾ ਹੋਣ ਵਾਲਾ ਸੰਗੀਤ
(ਹ) ਸੁਖਰ : ਫੂਕ ਨਾਲ ਵਜਣ ਵਾਲੇ ਸਾਜ਼ ਜੇਹਾ ਕਿ ਨਫੀਰੀ, ਬੰਸਰੀ ਆਦਿ।

ਸਪਸ਼ਟ ਹੈ, ਗਾਇਨ ਵਾਦਨ, (ਵਜਾਣਾ) ਤੇ ਲੈਅ ਦੇ ਸੁਮੇਲ ਤੋਂ ਸੰਗੀਤ ਦੀ ਮਧੁਰਤਾ ਦੇ ਅਨੁਭਵ ਨਾਲ ਚਿੱਤ ਟਿਕਾਉ ਵਿਚ ਆ ਜਾਂਦਾ ਹੈ। ਅਸਲ ਵਿਚ ਇਹ ਬਾਹਰੀ ਸੰਗੀਤ ਰੂਪਕ ਮਾਤ੍ਰ ਹਨ। ਵਸਤੂ-ਤਥ ਨੂੰ ਸਮਝਣ ਦੇ ਉਪਕਰਣ ਮਾਤ੍ਰ। ਪੰਜ ਤਰ੍ਹਾਂ ਦਾ ਸੰਗੀਤ ਜਾਂ ਨਾਦ ਜਾਂ ਸਬਦ ਵਾਸਤਵਿਕ ਹੈ ਪਰ ਅਨਹਤ ਆਤਮਕ। ਸੰਗੀਤ



Digitized by Panjab Digital Library | www.panjabdigilib.org

ਦਾ ਪ੍ਰਭਾਵ ਟਿਕਾਊ ਵਾਲਾ ਹੈ। ਸੰਗੀਤ ਦੀ ਯਾਤਰਾ ਬਾਹਰ ਤੋਂ ਅੰਦਰ ਵਲ ਦੀ ਹੈ। ਵਸਤੂ ਮੂਰਤ ਤੋਂ ਅਮੂਰਤ ਹੋਣ ਦੀ। ਸਾਜ਼ਾਂ ਨਾਲ ਵਜਾਇਆ ਤੇ ਸੁਰੀਲੀ ਆਵਾਜ਼ ਵਿਚ ਗਾਇਆ ਸੰਗੀਤ ਆਪਣੇ ਅੰਤਿਮ ਰੂਪ ਵਿਚ ਕੇਵਲ ਇਕਾਰ ਰ ਕਰਨ ਵਾਲਾ ਪ੍ਰਭਾਵ ਹੀ ਹੁੰਦਾ ਹੈ, ਜਿਸ ਨੂੰ ਕੇਵਲ ਮਾਣਿਆ ਜਾ ਸਕਦਾ ਹੈ। ਇਹ ਪ੍ਰਭਾਵ ਆਪਣੀ ਪ੍ਰਕ੍ਰਿਤੀ ਵਿਚ ਸੁਖਾਤਮਕ ਹੁੰਦਾ ਹੈ। ਨਾਮ ਅਭਿਆਸੀ ਨੂੰ ਸੰਗੀਤ ਤੋਂ ਵੀ ਉਚੇਰਾ ਆਨੰਦ ਪ੍ਰਾਪਤ ਹੁੰਦਾ ਹੈ। ਇਹ ਪ੍ਰਭੂ ਨੂੰ ਅਨੁਭਵ ਸਿੱਧ ਕਰ ਲੈਣ ਉਪਰੰਤ ਵਾਸਤਵਿਕ ਸੰਗੀਤਾਨੰਦ ਤੋਂ ਅਗਲੇਰੀ ਵਿਕਸਤ ਅਵਸਥਾ ਅਨਹਤ ਨੂੰ ਪ੍ਰਾਪਤ ਹੋ ਜਾਂਦੇ ਹਨ। ਜਿਥੇ ਪਹੁੰਚ ਕੇ ਸਾਰਾ ਬ੍ਰਹਿਮੰਡ ਸੰਗੀਤਰਸ ਵਿਚ ਬੰਨ੍ਹਿਆ ਪ੍ਰਤੀਤ ਹੁੰਦਾ ਹੈ। ਮਨ ਸਦਾ ਵਿਗਾਸ (ਖੁਸ਼ੀ) ਅਤੇ ਚਾਉ ਭਰਪੂਰ ਅਵਸਥਾ ਵਿਚ ਰਹਿੰਦਾ ਹੈ। ਯੋਗੀ ਦੀ ਇਸ ਭਾਵਨ-ਦਸ਼ਾ ਨੂੰ ਦਸਮ ਦੁਆਰ ਵਿਚ ਪਹੁੰਚਣ ਦਾ ਨਾਮ ਦਿੱਤਾ ਗਿਆ ਹੈ। ਜਿਥੇ ਉਹ ਆਤਮਕ ਤੌਰ ਤੇ ਅਜਿਹੇ ਸੰਗੀਤ ਰਸ ਨਾਲ ਜੁੜ ਜਾਂਦਾ ਹੈ ਜੋ ਆਪਣੀ ਪ੍ਰਕਿਰਤੀ ਵਿਚ ਰਸ-ਭਿਨਾਂ ਤੇ ਅਨਾਹਤ ਹੁੰਦਾ ਹੈ। ਗੁਰੂ ਅਮਰਦਾਸ ਸਭ ਤੋਂ ਉਚੇਰੇ ਆਤਮ ਸੰਗੀਤ ਨੂੰ ਅਨਹਤ ਬਾਣੀ ਗੁਰ ਸ਼ਬਦ ਜਾਣੀ (੩੩) ਕਹਿਕੇ ਵਡਿਆਉਂਦੇ ਹਨ। ਗੁਰਬਾਣੀ—ਮੈਂ ਬਹੁਤ ਵਾਰ ਬਿਨਾਂ ਸੰਕੋਚ ਕੀਤਿਆਂ ਆਪਣਾ ਮਤਲਬ ਦਾ ਇਜ਼ਹਾਰ ਕਰ ਜਾਂਦੀ ਹੈ :

**ਬਿਨਵੰਤਿ ਨਾਨਕ ਗੁਰਚਰਣ ਲਾਗੇ**
**ਵਾਜੇ ਅਨਹਦ ਤੂਰੇ** (੪੦)

ਸਤਿਗੁਰੂ ਦੇ ਚਰਨਾਂ ਨਾਲ ਜੁੜਨਾ ਹੀ ਅਨਹਦ ਨਾਦ ਨੂੰ ਸੁਣਨਾ ਹੈ। ਲੌਕਿਕ ਖੁਸ਼ੀ ਦੇ ਸਮਾਗਮ ਉਤੇ ਸ਼ਾਮਲ ਹੋਣ ਵਾਲੇ ਵਿਅਕਤੀ ਆਪਣੀ ਖੁਸ਼ੀ ਦਾ ਪ੍ਰਗਟਾ 'ਵਧਾਈ' ਦੇ ਕੇ ਕਰਦੇ ਹਨ। ਇਹ ਵਧਾਈ ਲੈਣ ਵਾਲੇ ਤੇ ਦੇਣ ਦੋਹਾਂ ਵਿਅਕਤੀਆਂ ਲਈ ਸੁਖਾਵੀਂ ਹੁੰਦੀ ਹੈ। ਇਹ ਤਾਂ ਸੀ ਇਕ ਉਦਾਹਰਣ। ਦੂਸਰੇ ਪਾਸੇ, ਜਿਹਨਾਂ ਨੂੰ ਦੈਵ-ਸੁਖ ਦੀ ਪ੍ਰਾਪਤੀ ਹੁੰਦੀ ਹੈ ਉਹਨਾਂ ਦੀ ਇਸ ਆਨੰਦਾਤਮਕ ਅਵਸਥਾ ਵਿਚ ਪਰਾਸਰੀਰਕ ਸ਼ਕਤੀਆਂ ਨੂੰ ਵੀ ਸ਼ਾਮਲ ਅਨੁਭਵਿਆ ਜਾਂਦਾ ਹੈ। ਹੋਰ ਤਾਂ ਹੋਰ ਰਾਗ (ਸੰਗੀਤ) ਰਤਨ (ਰਾਗ ਦੇ ਪੁੱਤਰ) ਪਰੀਆਂ (ਰਾਗਾਂ ਦੀਆਂ ਪਤਨੀਆਂ) ਵੀ ਮਹਿਮਾ ਭਰੇ ਬੋਲ ਉਚਾਰ ਕੇ ਪ੍ਰਤੀਤ ਕੀਤੇ ਜਾਂਦੇ ਹਨ। ਸਾਡੇ ਲੋਕ ਵਿਸ਼ਵਾਸ ਵਿਚ ਪਰੀ ਇਕ ਉਹ ਸ਼ਕਤੀ ਹੈ ਜਿਸ ਨਾਲ ਮਨੁੱਖ ਦਾ ਸੁਖਾਤਮਕ ਰਿਸ਼ਤਾ ਹੈ। ਲੌਕਿਕ ਖੁਸ਼ੀ ਦੇ ਸਮਾਗਮ ਉਪਰ ਪ੍ਰਸੰਨਤਾ ਦਾ ਜਸ਼ਨ ਵਾਜੇ ਵਜਾ ਕੇ ਮਨਾਇਆ ਜਾਂਦਾ ਹੈ। ਇਹ ਧਾਰਮਿਕ ਬਿਰਤੀ ਦਾ ਕਮਾਲ ਹੈ ਕਿ ਦੁਨਿਆਵੀ ਵਾਜਿਆਂ ਦਾ ਅਧਿਆਤਮੀਕਰਣ ਕਰਕੇ ਪੰਜ ਪ੍ਰਕਾਰੀ ਸੰਗੀਤ ਦਾ ਸੰਬੰਧ ਅਨਹਤ ਨਾਦ ਨਾਲ ਜੋੜ ਕੇ 'ਨਾਮ ਜਿਨ ਕੇ ਮਨ ਵਸਿਆ ਵਾਜੇ ਸਬਦ ਘਨੇਰੇ' ਕਹਿ ਕੇ ਉਪਮਾਇਆ ਗਿਆ ਹੈ। ਸੰਖੇਪ ਵਿਚ, ਆਨੰਦ ਸਾਹਿਬ ਵਿਚ ਜੋਗ ਮਤ ਦੇ ਇਹ ਸ਼ਬਦ



Digitized by Panjab Digital Library | www.panjabdigilib.org

ਅਲੰਕਾਰ ਵਜੋਂ ਵਰਤੇ ਗਏ ਹਨ। ਪਰ ਇਹ ਧਿਆਨ ਰਹੇ, ਗੁਰੂ ਜੀ ਦਾ ਆਪਣਾ ਮਤ ਹਰ ਹਾਲ ਵਿਚ ਅਡੋਲ ਅਤੇ ਦ੍ਰਿੜ੍ਹ ਹੈ।

**ਮਿਥਿਹਾਸ ਅਨੁਸਾਰ**

ਹੁਣ ਅੰਮ੍ਰਿਤ-ਸੰਬੋਧ ਬਾਰੇ ਹਲਕੀ ਜਿਹੀ ਵਿਚਾਰ ਕਰਨੀ ਉਚਿਤ ਹੈ। ਅੰਮ੍ਰਿਤ ਦਾ ਸੰਬੋਧ ਨਾ ਕੇਵਲ ਹਿੰਦੂ ਧਰਮ ਵਿਚ ਸਗੋਂ ਸਾਮੀ ਧਰਮਾਂ ਵਿਚ ਵੀ ਮੌਜੂਦ ਹੈ। ਇਸਾਈ ਮਤ ਵਿਚ ( Baptism ) ਦਾ ਸੰਬੋਧ ਵੇਖਿਆ ਜਾਂਦਾ ਹੈ। ਭਾਰਤੀ ਮਿਥਿਹਾਸ ਅਨੁਸਾਰ ਇਕ ਵੇਰਾਂ ਦੇਵਤਿਆਂ ਨੇ ਸਮੁੰਦਰ ਨੂੰ ਰਿੜਕਿਆ ਤੇ ਜੋ ਚੌਦ੍ਹਾਂ ਰਤਨ (ਵਸਤੂਆਂ) ਪ੍ਰਾਪਤ ਹੋਏ ਉਹਨਾਂ ਵਿਚੋਂ ਅੰਮ੍ਰਿਤ ਇਕ ਸੀ। ਅੰਮ੍ਰਿਤ ਅਜੇਹਾ ਪਾਣੀ ਸੀ ਜਿਸ ਦੇ ਪੀਣ ਨਾਲ ਮ੍ਰਿਤੂ ਨਹੀਂ ਸੀ ਹੁੰਦੀ। ਬਾਅਦ ਵਿਚ ਸਮੇਂ ਨਾਲ ਇਹ ਸਿੱਖ ਧਰਮ ਵਿਚ ਵੀ ਇਕ ਰਤਨ ਵਾਂਗ ਸਾਹਮਣੇ ਆਈ। ਅਸਲ ਵਿਚ ਇਹ ਇਕ ਸੰਬੋਧ ਹੈ ਜਿਸ ਦੀ ਪਰਿਕਲਪਨਾ ਅਮਰਾਨੰਦ ਦੇ ਰੂਪ ਵਿਚ ਹੋਈ ਲਗਦੀ ਹੈ। ਇਹ ਇਕ ਅਮੂਰਤ ਸੰਕਲਪ ਹੈ। ਇਸ ਦਾ ਮੂਲ ਭਾਵ ਹੈ, ਮ੍ਰਿਤੂ ਦੇ ਭੈਅ ਤੋਂ ਮੁੱਕਤ ਹੋਣਾ। ਇਸ ਦੇ ਅਮਰਤੱਵ ਨੂੰ ਧਿਆਨ ਵਿਚ ਰੱਖਦੇ ਹੋਏ ਰਿਖੀ ਮੁਨੀ ਇਸ ਨੂੰ ਪ੍ਰਾਪਤ ਕਰਨਾ ਲੋੜਦੇ ਸਨ :

**ਸੁਰ ਨਰ ਮੁਨਿ ਜਨ ਅੰਮ੍ਰਿਤ ਖੋਜਦੇ**
**ਸੁ ਅੰਮ੍ਰਿਤ ਗੁਰ ਤੇ ਪਾਇਆ।** (੧੩)

ਗੁਰੂ ਅਮਰਦਾਸ ਜੀ ਇਸ ਲੋਕ ਵਿਸ਼ਵਾਸ ਦੇ ਭਰਮ ਨੂੰ ਤੋੜਦੇ ਹਨ। ਅੰਮ੍ਰਿਤ ਪਦਾਰਥ ਨਹੀਂ। ਅੰਮ੍ਰਿਤ ਤਾਂ ਨਾਮ-ਰਸ ਹੈ ਜਿਸ ਦੇ ਪੀਣ ਨਾਲ ਲਬ, ਲੋਭ, ਅਹੰਕਾਰ ਖ਼ਤਮ ਹੋ ਜਾਂਦੇ ਹਨ। ਸਤਿਗੁਰੂ ਦੀ ਰਜ਼ਾ ਚੰਗੀ ਲਗਣ ਲਗ ਪੈਂਦੀ ਹੈ। ਅੰਮ੍ਰਿਤ ਦੀ ਤਲਾਸ਼ ਵਸਤੂ-ਰੂਪ ਵਿਚ ਨਾ ਕਰੋ। ਇਹ ਨਿਪਟ ਹਰਿ ਨਾਮ ਜਾਪਣ ਨਾਲ ਹੀ ਪ੍ਰਾਪਤ ਹੁੰਦਾ ਹੈ। ਗੁਰਮਤਿ ਵਿਚ ਅੰਮ੍ਰਿਤ ਪਾਰਬ੍ਰਹਮ ਦਾ ਵੀ ਪਰਿਆਇ ਹੈ। ਕੇਵਲ ਪਾਰਬ੍ਰਹਮ ਹੀ ਅਜਿਹਾ ਹੈ ਜਿਸ ਨੂੰ ਮਰਣ ਨਹੀਂ ਵਿਆਪਦਾ। ਜੋ ਜੰਮਦਾ ਨਹੀਂ ਉਸ ਦਾ ਮਰਨ ਕੈਸਾ? ਉਹ ਆਪ ਅਮਰ ਹੈ ਤੇ ਆਤਮਾਂ ਨੂੰ ਅਮਰਤੱਵ ਪ੍ਰਦਾਨ ਕਰ ਸਕਦਾ ਹੈ। ਉਸ ਦਾ ਨਾਮ ਹੀ ਅੰਮ੍ਰਿਤ ਹੈ। ਤੀਸਰੇ ਪਾਤਸ਼ਾਹ ਨੇ "ਕਹੈ ਨਾਨਕ ਅੰਮ੍ਰਿਤ ਨਾਲ ਸੁਣਹ" ਕਹਿ ਕੇ ਨਾਮ ਅਤੇ ਅੰਮ੍ਰਿਤ ਵਿਚ ਅਭੇਦਤਾ ਸਥਾਪਿਤ ਕਰ ਦਿੱਤੀ ਹੈ।

ਅਨੰਦੁ ਰਚਨਾ ਦੀ ਬੀਜ ਤੇ ਉਪਇਕਾਈਆਂ ਜਾਣਨ ਤੋਂ ਬਾਅਦ ਅਨੰਦੁ-ਸੰਬੋਧ ਪ੍ਰਤੀ ਗੁਰੂ ਅਮਰਦਾਸ ਜੀ ਦੀ ਵਿਲੱਖਣ ਦ੍ਰਿਸ਼ਟੀ ਜਾਨਣੀ ਸੰਗਤ ਹੈ।



Digitized by Panjab Digital Library | www.panjabdigilib.org

4

## ਵਿਲੱਖਣ ਦ੍ਰਿਸ਼ਟੀ

ਗੁਰੂ ਅਮਰਦਾਸ ਜੀ ਨੇ ਅਨੰਦ ਦੀ ਪਰਿਭਾਸ਼ਾ ਨਹੀਂ ਕੀਤੀ। ਅਨੰਦੁ ਬਾਣੀ ਦੀ ਆਰੰਭਿਕ ਪੰਕਤੀ ਹੈ :

"ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ"

ਇਹ ਪੰਕਤੀ ਸਹਿਜੇ ਹੀ ਸਪਸ਼ਟ ਕਰ ਦੇਂਦੀ ਹੈ ਕਿ ਇਸ ਦੇ ਰਚੈਤਾ ਅਨੰਦਿਤ ਅਵਸਥਾ ਦਾ ਜ਼ਿਕਰ ਕਰ ਰਹੇ ਹਨ। ਰਚਣਹਾਰ ਨਾ ਤਾਂ ਸੰਬਾਦ ਰਚਾਉਂਦੇ ਹਨ ਤੇ ਨਾ ਹੀ ਵਾਦਵਿਵਾਦ ਵਿਚ ਪਰਿਵਿਰਤ ਹੁੰਦੇ ਹਨ। ਕੇਵਲ ਇਕ ਪੰਕਤੀ ਰਾਹੀਂ ਆਪਣਾ ਮਤ ਸਪਸ਼ਟ ਕਰ ਦੇਂਦੇ ਹਨ।

"ਸਿੰਮ੍ਰਿਤ ਸਾਸਤ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ।
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ।"

ਇਸ ਰਚਨਾ ਪਾਠ ਦੀ ਪਹਿਲੀ ਪੰਕਤੀ ਪੁਸਤਕ-ਮੁਖ ਵੈਦਿਕ ਪੱਧਤੀ ਨੂੰ ਨਕਾਰਦੀ ਹੈ ਤੇ ਦੂਸਰੀ ਆਪਣੇ ਮਤ ਦਾ ਇਜ਼ਹਾਰ ਕਰਦੀ ਹੈ ਭਾਵ ਗੁਰੂ-ਮੁਖ ਪਧੱਤੀ ਦੀ ਪੁਸ਼ਟੀ ਕਰਦੀ ਹੈ। ਇਥੇ ਇਸ ਤੱਥ ਨੂੰ ਰਤਾ ਕੁ ਨਿਖੇੜਨਾ ਉਚਿਤ ਹੈ। ਗੁਰਮਤਿ ਦੀ ਚਿੰਤਨ-ਵਿਧੀ ਗੁਰੂ-ਮੁਖ ਹੈ। ਗੁਰਬਾਣੀ ਸਾਹਿਤ ਤੋਂ ਪਹਿਲਾਂ ਦੋ ਚਿੰਤਨ-ਵਿਧੀਆਂ ਬੜੀਆਂ ਸਪਸ਼ਟ ਵਿਖਾਈ ਦਿੰਦੀਆਂ ਹਨ 1 :—

(1) ਗਿਆਨ-ਮੁਖ ਚਿੰਤਨ ਵਿਧੀ। ਇਸ ਦੇ ਅੰਤਰਗਤ ਵੈਦਿਕ ਤੇ ਵੈਦਾਂਤਕ ਸਾਹਿਤ ਆ ਜਾਂਦਾ ਹੈ। ਇਸੇ ਨੂੰ ਵੈਦਿਕ ਪੱਧਤੀ ਕਿਹਾ ਗਿਆ ਹੈ।

(2) ਗੁਰੂ-ਮੁਖ ਚਿੰਤਨ ਵਿਧੀ। ਇਸ ਦੇ ਅਧੀਨ ਸਿੱਧ, ਨਾਥ, ਸੰਤ ਸਾਹਿਤ ਆ ਜਾਂਦਾ ਹੈ। ਇਸ ਨੂੰ ਅਵੈਦਿਕ ਪੱਧਤੀ ਦਾ ਨਾਮ ਦਿੱਤਾ ਗਿਆ ਹੈ।

ਇਹਨਾਂ ਦੋਹਾਂ ਵਿਧੀਆਂ ਦੀ ਆਪੋ ਆਪਣੀ ਵਖਰਤਾ ਹੈ। ਪਹਿਲੀ ਦਾ ਬਲ ਗਿਆਨ ਉਪਰ ਹੈ ਤੇ ਦੂਜੀ ਦਾ ਅਨੁਭਵ ਉਪਰ। ਇਕ ਤਰ੍ਹਾਂ ਇਹ ਗਿਆਨ ਅਤੇ ਅਨੁਭਵ ਦਾ ਹੀ ਅੰਤਰ ਹੈ।[1] ਗਿਆਨ ਜੋ ਪੁਸਤਕਾਂ ਵਿਚੋਂ ਪ੍ਰਾਪਤ ਹੁੰਦਾ ਹੈ ਤੇ ਅਨੁਭਵ ਜੋ ਗੁਰੂ ਦੇ ਦਸੇ ਮਾਰਗ ਰਾਹੀਂ ਪ੍ਰਾਪਤ ਹੁੰਦਾ ਹੈ।

---

1. ਡਾ: ਹਰਿਭਜਨ ਸਿੰਘ, ਅਧਿਅਨ ਅਤੇ ਅਧਿਆਪਨ, ਪੰਨਾ 139.



Digitized by Panjab Digital Library | www.panjabdigilib.org

ਗੁਰਮਤਿ ਅਚਾਰੀਆਂ ਨੇ ਗੁਰ-ਮੁਖ ਚਿੰਤਨ ਵਿਧੀ ਉਪਰ ਵਧੇਰੇ ਬਲ਼ ਦਿੱਤਾ ਹੈ ਇਸ ਦਾ ਇਹ ਅਰਥ ਕਦਾਚਿਤ ਨਹੀਂ ਕਿ ਗੁਰੂ ਸਾਹਿਬਾਨ ਨੇ ਗਿਆਨ-ਮੁਖ ਚਿੰਤਨ ਵਿਧੀ ਨੂੰ ਅਸਲੋਂ ਹੀ ਨਕਾਰ ਦਿੱਤਾ ਹੈ। ਇਥੇ ਕੇਵਲ ਇਤਨਾ ਹੀ ਨਿਵੇਦਨ ਹੈ ਕਿ ਗੁਰਮਤ ਇਹਨਾਂ ਦੋਹਾਂ ਦਾ ਸੁਮੇਲ ਕਰਦੀ ਹੈ। ਗੁਰੂਬਾਣੀ ਸਾਹਿਤ ਵਿਚ ਤੱਤ ਸਾਰ ਦਾ ਮਹੱਤਵ ਅਨੇਕ ਥਾਈਂ ਬਿਆਨਿਆ ਗਿਆ ਹੈ ਪਰ ਅਸਲ ਗਿਆਨ ਉਹ ਹੈ ਜੋ ਗੁਰੂ ਤੋਂ ਗ੍ਰਹਿਣ ਕੀਤਾ ਜਾਏ। ਦੂਸਰੇ ਸ਼ਬਦਾਂ ਵਿਚ ਗੁਰਮਤ-ਚਿੰਤਨ ਵਿਧੀ ਗਿਆਨ ਅਤੇ ਅਨੁਭਵ ਦਾ ਸਮਤੋਲ ਹੈ ਤੇ ਇਹੀ ਇਸ ਦੀ ਵਿਲੱਖਣਤਾ ਵੀ ਹੈ।

ਉਪਰਲ਼ੀ ਪੰਕਤੀ "ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤ ਸਾਰ ਨ ਜਾਣੀ" ਗੁਰੂ ਤੋਂ ਬਿਨਾਂ ਤੱਤ-ਗਿਆਨ ਜਾਣਿਆ ਹੀ ਨਹੀਂ ਜਾ ਸਕਦਾ ਭਾਵੇਂ ਕੋਈ ਜਿਨਾਂ ਮਰਜ਼ੀ ਸਿੰਮ੍ਰਤੀਆਂ ਤੇ ਸ਼ਾਸਤਰਾਂ ਬਾਰੇ ਵਿਚਾਰ ਕਰ ਲਵੇ। "ਤਤੈ ਸਾਰ ਨ ਜਾਣੀ" ਦਾ ਤੁਕਾਂਗ ਦੋ ਪੰਕਤੀਆਂ ਵਿਚ ਤਿੰਨ ਵੇਰ ਦੁਹਰਾ ਕੇ ਰਚੈਤਾ ਨੇ ਆਪਣੇ ਮਤ ਬਾਰੇ ਸਪਸ਼ਟਤਾ ਦੇ ਦਿੱਤੀ ਹੈ। ਜ਼ਾਹਿਰ ਹੈ, ਰਚਨਾਤਮਕ ਅਨੰਦ-ਸੰਬੋਧ ਜਿਸ ਦਾ ਸੰਬੰਧ ਕੇਵਲ ਗਿਆਨ ਦੇ ਗ੍ਰੰਥਾਂ ਨਾਲ ਹੈ, ਵਲੋਂ ਉਦਾਸੀਨ ਹੀ ਹਨ। ਉਨ੍ਹਾਂ ਦਾ ਮਤ ਹੈ :

(ੳ) ਆਨੰਦੁ ਆਨੰਦੁ ਸਭੁ ਕੋ ਕਹੈ
ਆਨੰਦੁ ਗੁਰੂ ਤੇ ਜਾਣਿਆ (੭)

(ਅ) ਆਨੰਦ ਭਇਆ ਮੇਰੀ ਮਾਏ
ਸਤਿਗੁਰੂ ਮੈ ਪਾਇਆ। (੧)

ਇਥੇ ਇਹ ਧਿਆਨ ਰਹੇ ਆਨੰਦੁ ਬਾਣੀ ਵਿਚ ਗੁਰੂ ਸਤਿਗੁਰੂ, ਪ੍ਰਭੂ, ਹਰਿ ਤੇ ਹਰਿ ਰਸ, ਬ੍ਰਹਮ ਦੇ ਪ੍ਰਯਾਇ ਕਰਕੇ ਹੀ ਵਰਤੇ ਗਏ ਹਨ। 'ਸਤਿਗੁਰੂ ਦੀ ਪ੍ਰਾਪਤੀ ਹੀ ਅਨੰਦ ਹੈ। ਇਥੇ ਆਨੰਦੁ ਸ਼ਬਦ ਅਨੰਦ-ਸੰਬੋਧ ਨਾਲੋਂ ਆਨੰਦ-ਅਵਸਥਾ ਦਾ ਲਖਾਇਕ ਹੈ। ਜੋ ਆਪਣੇ ਆਪ ਵਿਚ ਇਕ ਉਚੇਰੀ ਪ੍ਰਾਪਤੀ ਵੀ ਹੈ। ਗੁਰਮਤ ਆਚਾਰੀਆ ਅਨੰਦਾ-ਤਮਕ ਅਵਸਥਾ ਨੂੰ ਹੀ ਅਭੇਦਤਾ ਦੀ ਅਵਸਥਾ ਮੰਨਦੇ ਹਨ। ਪਰ ਇਹ ਅਵਸਥਾ ਸਤਿਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦੀ। ਸਤਿਗੁਰੂ ਦਾ ਪਿਆਰਾ ਸਿਖ (ਆਵਹੁ ਸਿਖ ਸਤਿਗੁਰ ਕੇ ਪਿਆਰਿਹੁ) ਸਚੀ ਬਾਣੀ ਦਾ ਸਿਮਰਨ ਕਰਕੇ ਹੀ ਸਦੀਵੀ ਆਨੰਦੁ ਦੀ ਪ੍ਰਾਪਤੀ ਕਰਦਾ ਹੈ। ਸਿਧਾਂਤਕ ਸ਼ਬਦਾਂ ਵਿਚ ਆਤਮਾ ਅਤੇ ਪ੍ਰਮਾਤਮਾ ਦੀ ਅਦਵੈਤ ਕਲਪਨਾ ਹੀ

ਗੁਰਮਤਿ ਦਾ ਕੇਂਦਰ-ਬਿੰਦੂ ਹੈ । ਦਰਸ਼ਨ (ਗਿਆਨ) ਸਾਧ ਤੇ ਸਾਧਕ ਦੀ ਗਡਵਡਤਾ ਹੀ ਆਨੰਦ-ਰੂਪ ਸਥਿਤੀ ਹੈ ।

ਇਸ ਰਚਨਾ ਦਾ ਆਰੰਭ ਆਨੰਦਾਤਮਕ ਅਵਸਥਾ ਦੇ ਨਿਰਪਣ ਨਾਲ ਹੁੰਦਾ ਹੈ।

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ ।

ਸਤਿਗੁਰ ਤਾ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ
ਰਾਗ ਰਤਨ ਪਰਿਵਾਰ ਪਰੀਆ ਸਬਦ ਗਾਵਣ ਆਈਆ (੧)

ਤੇ

ਨਾਮ ਜਿਨ ਕੇ ਮਨਿ ਵਸਿਆ ਵਾਜੇ ਸਬਦ ਘਣੇਰੇ (੩)

ਆਨੰਦਮਈ ਅਵਸਥਾ ਦਾ ਅਨੁਭਵ ਕੇਵਲ ਉਸ ਨੂੰ ਹੁੰਦਾ ਹੈ ਜਿਸ ਨੂੰ ਇਹ ਵਿਆਪਦੀ ਹੈ। ਇਸ ਦਾ ਕਥਨ ਨਹੀਂ ਕੀਤਾ ਜਾ ਸਕਦਾ :

ਆਨੰਦ ਆਨੰਦੁ ਸਭ ਕੋ ਕਹੈ
ਆਨੰਦੁ ਗੁਰੂ ਤੇ ਜਾਣਿਆ । (੭)

ਪਰ ਜਾਣਦਾ ਉਹੀ ਹੈ ਜਿਸ ਦਾ ਮਨ ਸਵੱਛ ਹੁੰਦਾ ਹੈ ਤੇ ਨਾਲ ਹੀ ਰਬੀ ਰਜ਼ਾ ਵਿਚ ਵਿਚਰਦਾ ਹੈ ।

ਗੁਰਪਰਸਾਦੀ ਮਨੁ ਭਇਆ ਨਿਰਮਲ,
ਜਿਨਾਂ ਭਾਣਾ ਭਾਵਏ । (੮)

ਇਥੇ ਇਹ ਧਿਆਨ ਰਹੇ ਹੁਕਮ ਵਿਚ ਵਿਚਰਣ ਦਾ ਰਾਜ਼ ਵੀ ਉਹਨਾਂ ਨੂੰ ਹੀ ਸਮਝ ਵਿਚ ਆਉਂਦਾ ਹੈ ਜਿਨ੍ਹਾਂ ਦੇ ਮਸਤਕ ਵਿਚ ਧੁਰ ਤੋਂ ਹੀ ਲਿਖਿਆ ਹੁੰਦਾ ਹੈ :

ਇਹ ਤਿਨ ਕੈ ਮੰਨਿ ਵਸਿਆ ਜਿਨ
ਧੁਰਹੁ ਲਿਖਿਆ ਆਇਆ । (੧੬)

ਜਿਹਨਾਂ ਦੇ ਮਨ ਵਿਚ ਵਸ ਜਾਂਦਾ ਹੈ ਉਹਨਾਂ ਦੇ ਸਾਰੇ ਸ਼ੰਕੇ ਦੂਰ ਹੋ ਜਾਂਦੇ ਹਨ ਤੇ ਉਹਨਾਂ ਨੂੰ ਇਕ ਖਾਸ ਤਰ੍ਹਾਂ ਦਾ ਸਹਿਜ ਪ੍ਰਾਪਤ ਹੋ ਜਾਂਦਾ ਹੈ:

ਕਹੈ ਨਾਨਕ ਗੁਰਪਰਸਾਦਿ ਸਹਜ ਉਪਜੈ,
ਇਹੁ ਸਹਸਾ ਇਵ ਜਾਇ । (੧੮)



Digitized by Panjab Digital Library | www.panjabdigilib.org

ਸਹਿਜ ਆਪਣੇ ਆਪ ਵਿਚ ਸੁਖਾਤਮਕ ਅਨੁਭਵ ਹੈ। ਹਰ ਵੇਲੇ ਚਾਉ ਦੀ ਅਵਸਥਾ ਬਣੀ ਰਹਿੰਦੀ ਹੈ :

ਮਨ ਚਾਉ ਭਇਆ ਪ੍ਰਭ ਆਗਮੁ ਸੁਣਿਆ
ਹਰਿ ਮੰਗਲ ਗਾਉ ਸਖੀ ਗ੍ਰਿਹੁ ਮੰਦਰਿ ਬਣਿਆ
... ... ... ... ... ... ... ...
ਕਹੈ ਨਾਨਕ ਪ੍ਰਭੁ ਆਪਿ ਮਿਲਿਆ
ਕਰਣ ਕਾਰਣ ਜੋਗੋ। (੩੪)

ਸੰਖੇਪ ਵਿਚ, ਇਹ ਰਚਨਾ ਆਨੰਦਮਈ ਅਵਸਥਾ ਦੇ ਨਿਰੂਪਣ ਨਾਲ ਆਰੰਭ ਹੋ ਕੇ ਸਿੱਖ ਲਈ ਸਾਧਨ-ਮਾਰਗ ਦਾ ਨਿਰਦੇਸ਼ ਕਰਦੀ ਹੋਈ ਅਖੀਰ ਸਾਧਕ ਨੂੰ ਆਨੰਦੀ ਵਿਚ ਅਭੇਦ ਹੋਣ ਦੀ ਅਵਸਥਾ ਤਕ ਪਹੁੰਚਾ ਦਿੰਦੀ ਹੈ। ਗੁਰੂ ਦਾ ਸਿਖ, ਸਤਿਗੁਰੂ ਦੀ ਸਚੀ ਬਾਣੀ ਦਾ ਸਿਮਰਨ ਕਰਕੇ ਸਦੀਵੀ ਸੁਖ ਨੂੰ ਪ੍ਰਾਪਤ ਹੁੰਦਾ ਹੈ। ਇਹੀ ਇਸ ਰਚਨਾ ਦਾ ਅਸਲੀ ਮਰਮ ਹੈ। ਇਹੀ ਉਹ ਆਨੰਦ ਹੈ, ਜਿਸ ਦਾ ਜੈਕਾਰ ਆਨੰਦੁ ਬਾਣੀ ਵਿਚ ਕੀਤਾ ਗਿਆ ਹੈ।

**ਸੰਰਚਨਾ ਰਚਨਾ** ੫

ਧਰਮ ਦਾ ਆਧਾਰ ਦਰਸ਼ਨ ਅਤੇ ਕਰਮ ਹੁੰਦਾ ਹੈ। ਦਰਸ਼ਨ ਦਾ ਇਕ ਅੰਗ ਸ਼ੁਧ ਤੱਤ ਨਾਲ ਸੰਬੰਧਿਤ ਹੋਣ ਕਰਕੇ ਫ਼ਲਸਫ਼ਾ ਹੈ। ਦੂਜਾ, ਅੰਗ ਕਰਮ ਨਾਲ ਸਬੰਧਿਤ ਹੋਣ ਕਰਕੇ ਧਰਮ ਹੈ। ਦਰਸ਼ਨ ਸਾਨੂੰ ਕੁਝ ਕੁ ਸੰਬੋਧ ਦੇਂਦਾ ਹੈ ਜਿਨ੍ਹਾਂ ਦੇ ਸਹਾਰੇ ਅਸੀਂ ਜੀਵ ਜਗਤ ਤੇ ਬ੍ਰਹਮ ਨੂੰ ਸਮਝਣ ਬੁਝਣ ਦੇ ਯੋਗ ਹੋ ਜਾਂਦੇ ਹਾਂ। ਧਰਮ ਕਰਮ ਦੇ ਸਹਾਰੇ ਇਹਨਾਂ ਸੰਬੋਧਨਾਂ ਦੇ ਨਾਲ ਨਾਲ ਅਜੇਹਾ ਸਾਧਨ ਹੈ ਜਿਸ ਦੇ ਸਹਾਰੇ ਅਸੀਂ ਜਗਤ ਵਿਚ ਰਹਿਣ ਦੀ ਜੁਗਤ ਸਿਖਦੇ ਹਾਂ। ਇਹੀ ਜੁਗਤ ਵਿਸ਼ੇਸ਼ ਹੀ ਧਰਮ ਨੂੰ ਸੰਪ੍ਰਦਾਇਕਤਾ ਪ੍ਰਦਾਨ ਕਰਦੀ ਹੈ। ਗੁਰੂ ਨਾਨਕ ਚਿੰਤਨ ਵਿਧੀ ਭਾਵੇਂ ਧਰਮ-ਬਾਹਰੀ ਸੀ ਪਰ ਤਾਂ ਵੀ ਇਸ ਵਿਚ ਸੰਪ੍ਰਦਾਇਕ ਅੰਸ਼ ਬੀਜ ਮਾਤ੍ਰ ਵਿਚ ਮੌਜੂਦ ਸਨ।[1] ਗੁਰੂ ਨਾਨਕ ਤੋਂ ਬਾਅਦ ਪਰਵਰਤੀ ਗੁਰੂ ਸਾਹਿਬਨ ਦੇ ਸਾਹਮਣੇ ਇਹ ਸੰਸਥਾ ਨਿਸ਼ਚਿਤ ਨੁਹਾਰ ਲੈ ਚੁੱਕੀ ਸੀ। ਨਤੀਜੇ ਵਜੋਂ, ਗੁਰਬਾਣੀ ਵਿਚ ਸੰਪ੍ਰਦਾਇਕ ਅੰਸ਼ ਆਉਣੇ ਸ਼ੁਰੂ ਹੋ ਗਏ।

---

1. ਅੰਮ੍ਰਿਤ ਵੇਲਾ ਸਚ ਨਾਉ ਵਡਿਆਈ ਵੀਚਾਰੁ।
2. ਗੁਰਮੁਖ ਨਾਮ ਦਾਨ ਇਸਨਾਨ।



Digitized by Panjab Digital Library | www.panjabdigilib.org

ਗੁਰੂ ਸਾਹਿਬਾਨ ਨੇ ਜਿਥੇ ਆਪਣੇ ਦਾਰਸ਼ਨਿਕ ਵਿਚਾਰਾਂ ਦਾ ਸਪਸ਼ਟੀਕਰਣ ਦਿੱਤਾ ਉਥੇ ਸੰਪ੍ਰਦਾਇ ਨੂੰ ਨਾਲੋਂ ਨਾਲ ਮਜ਼ਬੂਤ ਕਰਨ ਦੇ ਵੀ ਉਪਰਾਲੇ ਕੀਤੇ । 'ਆਨੰਦੁ ਸਾਹਿਬ' ਵਿਚ ਇਹ ਦੋਵੇਂ ਤੱਤ ਮੌਜੂਦ ਹਨ । ਇਕ ਪਾਸੇ, ਇਹ ਆਨੰਦ-ਸੰਬੋਧ ਨੂੰ ਗੁਰਮਤਿ ਅਨੁਸਾਰ ਸਪਸ਼ਟ ਕਰਦੀ ਹੈ। ਦੂਜੇ ਪਾਸੇ, ਸੰਸਥਾ ਮੂਲਕ ਬਿਰਤੀ ਨੂੰ ਦ੍ਰਿੜ੍ਹ ਕਰਾਉਂਦੀ ਹੈ।

ਆਨੰਦੁ ਸਾਹਿਬ ਵਿਚ ਸਤਿਗੁਰੂ ਦੀ ਸਿਰਮੌਰਤਾ ਹੈ । ਸਤਿਗੁਰੂ ਰਚਿਤ ਸਚੀ ਬਾਣੀ ਦਾ ਗਾਵਣਹਾਰ ਸਿੱਖ ਹੀ ਹੈ। ਸਿੱਖ ਨੂੰ ਸਚੀ ਬਾਣੀ ਰਾਹੀਂ ਸਚਾ ਉਪਦੇਸ਼ ਦਿਤਾ ਗਿਆ ਹੈ । ਇਹੀ ਉਪਦੇਸ਼ ਹੀ ਆਨੰਦ-ਰੂਪ ਹੈ । ਇਸੇ ਦਾ ਸਹਿਜ ਜੈਕਾਰ ਅਨੰਦੁ ਸਾਹਿਬ ਵਿਚ ਹੋਇਆ ਹੈ ।

ਪਰੰਪਰਾ ਮੁਖਤਾ ਨੇ ਇਸ ਰਚਨਾ ਵਿਚ ਆਪਣਾ ਮਹੱਤਵਪੂਰਣ ਰੋਲ ਅਦਾ ਕੀਤਾ ਹੈ। ਪਰੰਪਰਾ ਦੀ ਨਿਰੰਤਰਤਾ ਭਵਿਖਮੁਖ ਹੁੰਦੀ ਹੈ। ਭਵਿੱਖ ਦੀ ਰਖਿਆ ਕਰਨ ਲਈ ਸਮੇਂ ਦੇ ਰਹਿਬਰਾਂ ਨੇ ਆਪਣੇ ਅਨੁਆਈਆਂ ਨੂੰ ਅਜਿਹੇ ਉਪਦੇਸ਼ ਵੀ ਦਿਤੇ ਹਨ ਜਿਨ੍ਹਾਂ ਦਾ ਸੰਬੰਧ ਸੰਸਥਾ ਦੀ ਦਾਰਸ਼ਨਿਕਤਾ ਨਾਲ ਵੀ ਹੁੰਦਾ ਹੈ ਤੇ ਸਾਮਾਜਿਕਤਾ ਨਾਲ ਵੀ। ਇਕ ਪਾਸੇ, ਇਹ ਰਚਨਾ ਸਿੱਖ ਸੰਗਤ ਨੂੰ ਸੰਬੋਧਿਤ ਹੈ । ਦੂਜੇ ਪਾਸੇ, ਸਚੀ ਬਾਣੀ ਨਾਲ ਜੁੜਨ ਦਾ ਵੀ ਉਪਦੇਸ਼ ਹੈ । ਇਥੇ ਇਹ ਧਿਆਨ ਰਹੇ 'ਆਨੰਦੁ ਸਾਹਿਬ ਵਿਚ ਭਾਵੇਂ ਸੰਪ੍ਰਦਾਇਕ ਸੁਰ ਉਚੇਰਾ ਹੈ ਪਰ ਅਮੂਰਤ ਦਾਰਸ਼ਨਿਕ ਸੰਬੰਧਾਂ ਦੀ ਇਸ ਦੀ ਰਚਨਾ-ਬੁਣਤੀ ਵਿਚ ਨਿਸਚੈ ਹੀ ਗਡਵਡਤਾ ਹੈ। ਇਹ ਗਡਵਡਤਾ ਸੰਪ੍ਰਦਾਇ ਦੀ ਪ੍ਰਾਪਤੀ ਵੀ ਹੈ ਤੇ ਲੋੜ ਵੀ। ਦਾਰਸ਼ਨਿਕ ਸੰਬੰਧ ਬਿਨਾਂ ਸੰਪ੍ਰਦਾਇ ਨਿਰਾ ਸਦਾਚਾਰਕ ਨੇਮਾਂ ਦਾ ਕੋਡ ਬਣ ਕੇ ਰਹਿ ਜਾਂਦੀ ਹੈ ਤੇ ਪ੍ਰਾਪਤੀ ਇਸ ਕਰਕੇ ਕਿ ਅਜਿਹੀ ਰਚਨਾ ਵਿਚ ਦਰਸ਼ਨ ਵਿਸ਼ੇਸ਼ ਦੀ ਆਪਣੀ ਵਖਰੀ ਥਾਂ ਹੁੰਦੀ ਹੈ। ਦੋਹਾਂ ਦੀ ਖੂਬਸੂਰਤੀ ਇਹ ਹੈ, ਦਰਸ਼ਨ ਤੇ ਨੇਮ ਆਪਣੀ ਵਿਲਖਣ ਪਹਿਚਾਣ ਦੇ ਨਾਲ ਨਾਲ ਇਕਰੂਪਤਾ ਨੂੰ ਧਾਰਨ ਕਰ ਲੈਂਦੇ ਹਨ।

ਆਨੰਦੁ ਰਚਨਾ ਅਜਿਹੇ ਕਥਨਾਂ ਨਾਲ ਭਰੀਪੂਰੀ ਹੈ। ਸੰਸਥਾ ਮੂਲਕ ਬਿਰਤੀ ਦੀ ਵਿਲੱਖਣ ਪਹਿਚਾਨ ਇਹ ਹੈ—ਇਸ ਵਿਚ ਸੰਬੋਧਨੀ ਸੁਰ ਵਿਸ਼ੇਸ਼ ਹੁੰਦਾ ਹੈ। ਸੰਬੋਧਨ ਮੁਖਤਾ ਦਾ ਵੱਡਾ ਕਾਰਣ ਆਪਣੇ ਸ੍ਰੋਤਿਆਂ ਨਾਲ ਸਿੱਧਾ ਸੰਬੰਧ ਕਾਇਮ ਕਰਨਾ ਹੁੰਦਾ ਹੈ। ਇਸ ਤਰ੍ਹਾਂ ਵਕਤਾ ਤੇ ਸ੍ਰੋਤਾ ਇਕ ਦੂਜੇ ਨੂੰ ਸਨਮੁੱਖ ਹੋ ਕੇ ਸਫਲ ਸੰਚਾਰ ਦੇ ਸੁਆਮੀ ਬਣਦੇ ਹਨ। ਇਸੇ ਨੁਕਤੇ ਨੂੰ ਧਿਆਨ ਵਿਚ ਰੱਖਦੇ ਹੋਏ ਆਨੰਦ ਸਾਹਿਬ ਵਿਚ ਪੇਸ਼ ਹੋਏ ਸੰਬੋਧਨ ਹਾਜ਼ਰ ਹਨ :



Digitized by Panjab Digital Library | www.panjabdigilib.org

| | | |
|---|---|---|
| (ੳ) | ਕਹੈ ਨਾਨਕ ਸੁਣਹੁ ਸੰਤਹੁ<br>ਸਬਦ ਧਰਹੁ ਪਿਆਰੋ । (੪) | ਪਹਿਲੀ ਪੰਕਤੀ ਦਾ ਅੱਧ ਸੰਬੋਧਨ ਹੈ । ਦੂਜਾ ਤੁਕਾਂਗ ਸੰਬੋਧਨ ਯੁਕਤ ਉਪਦੇਸ਼ ਹੈ । (ਸੰਤ-ਸੰਬੋਧਨ) |
| (ਅ) | ਆਵਹੁ ਸੰਤ ਪਿਆਰਿਹੁ<br>ਅਕਥ ਕੀ ਕਰਹਿ ਕਹਾਣੀ । | ਪੰਕਤੀ ਦਾ ਪਹਿਲਾ ਅਧ ਸੰਬੋਧਨ ਹੈ । ਦੂਜਾ, ਸੰਬੋਧ ਯੁਕਤ ਉਪਦੇਸ਼ (ਸੰਤ-ਸੰਬੋਧਨ) |
| | (੯) | |
| (ੲ) | ਏ ਮਨ ਚੰਚਲਾ<br>ਚਤੁਰਾਈ ਕਿਨੈ ਨ ਪਾਇਆ । | ਉਪਰਲਾ ਪੈਟਰਨ<br>(ਮਨ-ਸੰਬੋਧਨ) |
| | (੧੦) | |
| (ਸ) | ਏ ਮਨ ਪਿਆਰਿਆ<br>ਤੂ ਸਦਾ ਸਚੁ ਸਮਾਲੈ | ਉਹੀ<br>(ਮਨ-ਸੰਬੋਧਨ) |
| | (੧੧) | |
| (ਹ) | ਅਗਮ ਅਗੋਚਰਾ ਤੇਰਾ,<br>ਅੰਤ ਨ ਪਾਇਆ । | ਉਹੀ<br>(ਸਹਿਜ-ਸੰਬੋਧਨ) |
| | (੧੨) | |
| (ਕ) | ਇਹੁ ਸਾਚਾ ਸੋਹਲਾ<br>ਸਾਚੇ ਘਰ ਗਾਵਹੁ (੩੯) | ਪੰਕਤੀ ਦਾ ਪਹਿਲਾ ਅਧ ਕਥਨ ਹੈ ਦੂਜਾ ਅਧ ਉਪਦੇਸ਼ ਹੈ ।<br>(ਸਹਿਜ-ਸੰਬੋਧਨ) |
| (ਖ) | ਆਵਹੁ ਸਿਖ ਸਤਿਗੁਰ ਕੇ ਪਿਆਰਿਹੋ<br>ਗਾਵਹੁ ਸਚੀ ਬਾਣੀ (੨੩) | ਪੰਕਤੀ ਦੇ ਪਹਿਲਾ ਅੱਧ ਵਿਚ ਬੁਲਾਵਾ ਰੂਪ ਸੰਬੋਧਨ ਹੈ ਤੇ ਦੂਜੇ ਵਿਚ ਉਪਦੇਸ਼<br>(ਸਿਖ-ਸੰਬੋਧਨ) |
| (ਗ) | ਏ ਰਸਨਾ ਤੂ ਅਨਰਸਿ ਰਾਚਿ ਰਹੀ<br>ਤੇਰੀ ਪਿਆਸ ਨ ਜਾਏ | ਜੀਭ ਨੂੰ ਸੰਬੋਧਨ ਹੈ ਤੇ ਜੀਭ ਦੀ ਪ੍ਰਕ੍ਰਿਤੀ ਬਾਰੇ ਕਥਨ ਹੈ । |
| | (੩੨) | |
| (ਘ) | ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਧਰੀ<br>ਹਰਿ ਬਿਨੁ ਅਵਰ ਨ ਦੇਖਹੁ ਕੋਈ । | ਸਰੀਰ ਸੰਬੋਧਨ ਤੇ ਉਪਦੇਸ਼ |
| | (੩੩) | |



Digitized by Panjab Digital Library | www.panjabdigilib.org

(ਙ) ਏ ਸਰੀਰਾ ਮੇਰਿਆ ਇਸ ਜਗ ਮਹਿ ਆਇ ਕੈ
ਕਿਆ ਤੁਧ ਕਰਮ ਕਮਾਇਆ ।
(੩੫)

ਸਰੀਰ ਨੂੰ ਸੰਬੋਧਨ ਉਪਰੰਤ ਅਮਲੀ ਕਰਨੀ ਲਈ ਪ੍ਰਸ਼ਨ ਹੈ ।

(ਚ) ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ ।
(੩੬)

ਅੱਖਾਂ ਨੂੰ ਸੰਬੋਧਨ, ਨੇਤ੍ਰ-ਜੋਤ ਬਾਰੇ ਕਥਨ ਉਪਰੰਤ ਉਪਦੇਸ਼ ।

(ਛ) ਏ ਸ੍ਰਵਣਹੁ ਮੈਰਿਹੋ ਸਾਚੈ
ਸੁਨਣੇ ਨੋ ਪਠਾਏ ।
(੩੭)

ਕੰਨਾਂ ਨੂੰ ਸੰਬੋਧਨ ਤੇ ਉਸ ਦੇ ਜ਼ਿੰਮੇ ਲਗੀ ਡਿਊਟੀ ਪ੍ਰਤੀ ਸੁਚੇਤ ਕੀਤਾ ਗਿਆ ਹੈ ।

ਸੰਬੋਧਨ ਉਪਕਰਣ ਉਪਰ ਜੇ ਧਿਆਨ-ਕੇਂਦਰਿਤ ਕੀਤਾ ਜਾਏ ਤਾਂ ਇੰਜ ਮਾਲੂਮ ਹੁੰਦਾ ਹੈ ਰਚਨਹਾਰ ਸੰਬੋਧਨ ਮੁਖਤਾ ਵਿਚ ਵਿਸ਼ਵਾਸ ਵੀ ਰਖਦੇ ਹਨ ਅਤੇ ਉਸ ਤੋਂ ਮੁਕਤ ਵੀ ਹੋਣਾ ਚਾਹੁੰਦੇ ਹਨ । ਪੂਰੀ ਰਚਨਾ ਸੰਬੋਧਨ-ਯੁਕਤ ਨਹੀਂ । ਆਨੰਦੁ ਦੀਆਂ ਚਾਲੀ ਪਉੜੀਆਂ ਵਿਚੋਂ ਬਾਰਾਂ ਪਾਉੜੀਆਂ ਸੰਬੋਧਨ ਵਿਸ਼ੇਸ਼ ਨਾਲ ਯੁਕਤ ਹਨ। ਇਹ ਸੰਬੋਧਨ ਇਕ ਥਾਂ ਉਪਰ ਟਿਕਦਾ ਨਹੀਂ । ਪਰ ਇੰਨਾ ਕੁ ਸਪਸ਼ਟ ਹੀ ਹੈ ਇਸ ਦਾ ਮੂਲ ਸੰਬੰਧ ਸੰਸਥਾ ਦੇ ਅਨੁਆਈਆਂ ਨਾਲ ਹੀ ਹੈ। ਚਾਹੇ ਉਹ ਸੰਬੋਧਨ ਸੰਤ ਹੈ ਜਾਂ ਸਿੱਖ ਨੂੰ ਉਪਦੇਸ਼ ਦੋਹਾਂ ਹਾਲਤਾਂ ਵਿਚ ਇਕੋ ਜਿਹਾ ਹੈ :

(ੳ) **ਆਵਹੁ ਸਿਖ ਸਤਿਗੁਰ ਕੇ ਪਿਆਰਿਹੁ ਗਾਵਹੁ ਸਚੀ ਬਾਣੀ**

ਜਾਂ

(ਅ) **ਆਵਹੁ ਸੰਤ ਪਿਆਰਿਹੁ ਅਕਥ ਕੀ ਕਰਹਿ ਕਹਾਣੀ**

ਕਰਮ-ਜੁਗਤ ਦਾ ਨਿਖੇੜਾ ਵੀ ਸਪਸ਼ਟ ਹੈ : ਅਕਥ ਦੀ ਕਹਾਣੀ ਕਰੀਏ ਤੇ ਸਚੀ ਬਾਣੀ ਗਾਈਏ । ਕਹਾਣੀ ਕਰਨ ਤੇ ਸਚੀ ਬਾਣੀ ਗਾਣ ਦਾ ਸੰਬੰਧ ਵੀ ਸਿੱਖ ਦੀ ਮਾਨ-ਸਿਕਤਾ ਨਾਲ ਹੈ। ਅਗਮ ਅਗੋਚਰ ਦੀ ਵਿਚਾਰ ਵੀ ਕੀਤੀ ਜਾ ਸਕਦੀ ਹੈ ਤੇ ਮਹਿਮਾ ਭਰੇ ਬੋਲ ਵੀ ਗਾਂਵੇ ਜਾ ਸਕਦੇ ਹਨ। ਮਨ ਮਨੁੱਖੀ ਸਰੀਰ ਦਾ ਚਾਲਕ ਹੈ। ਮਨ ਨੂੰ ਜਦੋਂ ਵੀ ਸੰਬੋਧਿਤ ਕੀਤਾ ਗਿਆ ਹੈ ਸਚ ਸਮਾਲਣ ਦੀ ਪ੍ਰੇਰਣਾ ਦਿਤੀ ਗਈ ਹੈ । ਮਨ ਹੀ ਗਿਆਨ ਇੰਦ੍ਰੀਆਂ ਦੀ ਇਕਾਗ੍ਰਤਾ ਦਾ ਸਾਧਨ ਬਣ ਸਕਦਾ ਹੈ। ਰਚੈਤਾ ਨੇ ਮਨ



Digitized by Panjab Digital Library | www.panjabdigilib.org

ਦੇ ਘਰ ਸਰੀਰ ਤੇ ਸਰੀਰ ਦੇ ਅੰਗ ਪ੍ਰਤੀ ਅੰਗ ਦੀ ਵਖੋ ਵੱਖਰੀ ਸੰਵੇਦਨਾ ਨੂੰ ਉਭਾਰਿਆ ਹੈ। ਸਰੀਰ ਸੰਬੋਧਨ ਦੀਆਂ ਪੰਕਤੀਆਂ ਵਿਚੋਂ ਪਉੜੀ ਅੰਕ ਤੇਤੀ (ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ) ਵਿਚ ਸਰੀਰ ਤੇ ਆਤਮਾ ਦੇ ਸੁਮੇਲ ਦਾ ਨਿਰੂਪਣ ਤੱਥ ਦੀ ਪੱਧਰ ਉਪਰ ਕੀਤਾ ਗਿਆ ਹੈ। ਪਰ ਅਗਲੀ ਹੀ ਪਉੜੀ ਵਿਚ ਸਰੀਰ ਨੂੰ ਪ੍ਰਸ਼ਨ-ਚਿੰਨ੍ਹ ਕਰ ਦਿੱਤਾ ਹੈ ਤੇ ਚੰਗੀ ਕਾਰ ਕਮਾਉਣ ਤੇ ਹਰਿ ਨਾਮ ਦੇ ਜਪਣ ਉਪਰ ਬਲ ਦਿੱਤਾ ਹੈ। ਇਸੇ ਤਰ੍ਹਾਂ 'ਏ ਰਸਨਾ ਤੂੰ ਅਨਰਸ ਰਾਚਿ ਰਹੀ' ਵਿਚ ਮਨੁੱਖ ਦੀਆਂ ਸਦਾ ਤੋਂ ਹੀ ਅਤ੍ਰਿਪਤ ਤ੍ਰਿਸ਼ਨਾਵਾਂ ਦਾ ਜ਼ਿਕਰ ਕਰਕੇ ਹਰਿ ਰਸ ਪੀਣ ਦਾ ਸੁਝਾਓ ਦਿੱਤਾ ਹੈ। ਇਹੀ ਉਹ ਉਤਮ ਸਾਧਨ ਹੈ ਜਿਸ ਨਾਲ ਮਨ ਦੀਆਂ ਸਾਰੀਆਂ ਤ੍ਰਿਖਾਂ ਤ੍ਰਿਪਤ ਹੋ ਜਾਂਦੀਆਂ ਹਨ। 'ਏ ਨੇਤ੍ਰਹੁ ਮੇਰਿਹੋ' ਨੂੰ ਹਰ ਹਾਲ ਵਿਚ ਹਰੀ ਦਾ ਰੂਪ ਨਿਹਾਰਣ ਲਈ ਹੀ ਆਦੇਸ਼ ਹੈ। 'ਏ ਸ੍ਰਵਣਹੁ ਮੇਰਿਹੋ' ਨੂੰ ਸਰੀਰ ਲਾ ਕੇ ਬਾਣੀ ਸੁਣਨ ਦਾ ਉਪਦੇਸ਼ ਦਿੱਤਾ ਗਿਆ ਹੈ।

ਸੰਸਥਾ ਮੂਲਕ ਮਾਨਸਿਕਤਾ ਦਾ ਇਕ ਹੋਰ ਉਘਾ ਲੱਛਣ ਹੈ ਆਪਣੇ ਸਿੱਖ ਜਾਂ ਪੈਰੋਕਾਰ ਨੂੰ ਉਹਨਾਂ ਦੇ ਸਾਰੇ ਗੁਣ-ਔਗੁਣਾਂ ਤੋਂ ਜਾਣੂ ਕਰਾਉਣਾ ਜੋ ਸੰਸਥਾ ਦੇ ਨੇਮਾਂ ਦੀ ਉਲੰਘਣਾ ਕਰਦੇ ਹਨ ਤਥਾ ਉਹਨਾਂ ਉਪਰ ਅਮਲ ਕਰਦੇ ਹਨ। ਗੁਰੂ ਦਾ ਸਿੱਖ ਉਹੀ ਹੈ, ਜੋ ਗੁਰੂ ਦੇ ਸਨਮੁਖ ਰਹਿੰਦਾ ਹੈ (21) ਸਨਮੁਖ ਰਹਿਣ ਵਾਲੇ ਦੇ ਗੁਣ ਲੱਛਣਾਂ ਦਾ ਕਥਨ ਵੀ ਇਸੇ ਲਈ ਕੀਤਾ ਜਾਪਦਾ ਹੈ ਕਿ ਸੰਸਥਾ ਦੇ ਪੈਰੋਕਾਰ ਆਪਸ ਵਿਚ ਹੀ ਸ਼ਕ ਦਾ ਸ਼ਿਕਾਰ ਨਾ ਹੋ ਜਾਣ। ਇਸੇ ਤਰ੍ਹਾਂ ਜੋ ਗੁਰੂ ਤੋਂ ਬੇਮੁਖ ਹੋ ਜਾਂਦਾ ਹੈ, ਉਸ ਨੂੰ ਕਿਹੋ ਜਿਹੇ ਆਤਮਕ ਸੰਕਟ ਵਿਚੋਂ ਲੰਘਣਾ ਪੈਂਦਾ ਹੈ (22) ਉਹ ਸਦਾ ਵੰਨ ਸਵੰਨ ਜੂਨਾਂ ਵਿਚ ਜੰਮਦਾ ਮਰਦਾ ਰਹਿੰਦਾ ਹੈ ਤੇ ਕਦੀ ਵੀ ਮੁਕਤ ਅਵਸਥਾ ਨੂੰ ਪ੍ਰਾਪਤ ਨਹੀਂ ਹੁੰਦਾ (22) ਸਨਮੁਖ ਤੇ ਬੇਮੁਖ ਦੇ ਗੁਣ-ਲੱਛਣ ਦੇ ਕਥਨ ਉਪਰੰਤ ਸਤਿਗੁਰੂ ਦੇ ਪਿਆਰੇ ਸਿਖ ਨੂੰ ਸਰਬ ਸ਼ਰੋਮਣੀ ਸਚੀ ਬਾਣੀ ਜੋ ਗੁਰੂ ਦੁਆਰਾ ਉਚਰਿਤ ਹੈ ਪੜ੍ਹਨ ਸੁਣਨ ਤੇ ਦੂਜਿਆਂ ਨੂੰ ਦੱਸਣ (24) ਅਜਿਹੇ ਸਿਖਾਂ ਲਈ ਗੁਰੂ ਦਾ ਸ਼ਬਦ ਹੀ ਹੀਰੇ, ਰਤਨ, ਵਾਂਗ ਅਮੋਲਕ ਹੈ। ਉਸ ਨੂੰ ਹਿਰਦੇ ਵਿਚ ਵਸਾਉਣਾ ਹੀਰੇ ਨੂੰ ਜੜਾਉਣ ਵਾਂਗ ਹੈ। ਜਿਥੇ ਰਚਨਾ ਵਿਚ ਸਿੱਧਾ ਸੰਬੋਧਨ ਪੇਸ਼ ਹੁੰਦਾ ਹੈ ਉਥੇ ਕਦੀ ਕਦੀ ਪ੍ਰੋਖ ਸੰਬੋਧਨ ਵੀ ਰਚਨਾ ਦਾ ਅੰਗ ਬਣਦਾ ਹੈ। ਇਹ ਸਾਚਾ ਸੋਹਿਲਾ ਸਾਰੇ ਘਰ ਗਾਵਹੁ ਇਥੇ ਪ੍ਰੇਰਨਾ ਦੇਣ ਵਾਲਾ ਤੇ ਗੌਣ ਵਾਲਾ ਦੋਵੇਂ ਧਿਰਾਂ ਗਾਇਬ ਹਨ ਪਰ ਤਾਂ ਵੀ ਇਕ ਸਹਿਜ-ਸੰਬੋਧਨ ਇਸ ਰਚਨਾ ਵਿਚ ਵਿਦਮਾਨ ਹੈ। ਕੁਲ ਮਿਲਾਕੇ, ਇਸ ਰਚਨਾ ਦੀ ਮੂਲ ਮਾਨਸਿਕਤਾ ਸੰਸਥਾ ਨਾਲ ਜੁੜੀ ਹੋਣ ਕਰਕੇ ਸਰੋਤੇ ਜਾਂ ਸਿਖ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਸਿੱਖ ਨਾਲ ਸਿੱਧਾ ਸੰਬੰਧ ਜੋੜਨ ਦੀ ਜੁਗਤ ਹੀ ਸਿੱਧਾ-ਸੰਬੋਧਨ ਹੈ। ਪਰ ਇਸ ਰਚਨਾ ਦਾ ਵਡੇਰਾ ਭਾਗ ਸੰਬੋਧਨ ਮੁਕਤ ਹੈ। ਇਸ ਰਚਨਾ ਦੀਆਂ ਅਠਾਈ ਪਉੜੀਆਂ ਕਥਨ ਸ਼ੈਲੀ ਦੀ ਪੱਧਰ ਉਪਰ ਵਿਚਰਦੀਆਂ ਹਨ। ਪਰ ਦੋਹਾਂ ਹਾਲਤਾਂ ਵਿਚ



Digitized by Panjab Digital Library | www.panjabdigilib.org

ਬਾਣੀ ਸੰਚਾਰ ਦਾ ਪ੍ਰਵਾਹ ਬਣਿਆ ਰਹਿੰਦਾ ਹੈ। ਇਸ ਦਾ ਸ੍ਰੋਤੇ ਉਪਰ ਇਕ ਖਾਸ ਤਰ੍ਹਾਂ ਦਾ ਪ੍ਰਭਾਵ ਪੈਂਦਾ ਹੈ। ਉਸ ਨੂੰ ਇਕ ਖਾਸ ਤਰ੍ਹਾਂ ਦੀ ਉਤੇਜਨਾ ਮਿਲਦੀ ਹੈ। ਸੰਬੋਧਨ ਤੇ ਸੰਚਾਰ ਉਵੇਂ ਵੀ ਸਾਡੀ ਰਚਨਾ-ਪਰਕਿਰਿਆ ਵਿਚ ਡੂੰਘੇ ਲਹਿ ਗਏ ਹਨ।

ਹਣੇ ਹੀ ਉਪਰ ਸੰਕੇਤ ਕੀਤਾ ਗਿਆ ਹੈ ਅਨੰਦੁ ਰਚਨਾ ਦਾ ਵਡੇਰਾ ਭਾਗ ਕਥਨ-ਸ਼ੈਲੀ ਨਾਲ ਸੰਬੰਧਿਤ ਹੈ। ਇਥੇ ਹਲਕੀ ਜਿਹੀ ਵਿਚਾਰ ਕਥਨ-ਸ਼ੈਲੀ ਬਾਰੇ ਕਰ ਲੈਣੀ ਸੰਗਤ ਹੈ। ਬਾਣੀ ਆਪਣੀ ਆਪਣੀ ਸਹਿਜ ਪ੍ਰਕਿਰਤੀ ਵਿਚ ਅਨੁਭਵ, ਚਿੰਤਨ ਤੇ ਧਾਰਮਿਕ ਵਿਸ਼ਵਾਸ ਦਾ ਸੁਮੇਲ ਹੈ। ਇਹੀ ਕਾਰਣ ਹੈ, ਇਹ ਧਰਮ ਵਿਸ਼ੇਸ਼ ਦੇ ਅਧਿਆਤਮ ਮੂਲਕ ਪੱਖ ਨੂੰ ਰਹੱਸਾਤਮਕ ਰੰਗਣ ਰਾਹੀਂ ਪੇਸ਼ ਕਰਦੀ ਹੈ ਤੇ ਅਨੇਕ ਵਾਰ ਅਧਿਆਤਮਕ ਸੰਬੋਧਨ ਕਥਨ ਦੀ ਪੱਧਰ ਉਪਰ ਪੇਸ਼ ਹੁੰਦੇ ਹਨ ਤੇ ਸ਼ਾਇਦ ਇਹ ਇਸ ਦੀ ਮਜਬੂਰੀ ਵੀ ਹੈ।

ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ।

ਅੰਤੋ ਨਾ ਪਾਇਆ ਕਿਨੈ ਤੇਰਾ ਆਪਣਾ ਆਪ ਤੂ ਜਾਣਹੇ
ਜੀਅ ਜੰਤ ਸਭਿ ਖੇਲ ਤੇਰਾ ਕਿਆ ਕੋ ਆਖਿ ਵਖਾਣਏ
ਆਖਹਿ ਤ ਵੇਖਹਿ ਸਭੁ ਤੂਹੇ ਜਿਨਿ ਜਗਤ ਉਪਾਇਆ।
ਕਹੈ ਨਾਨਕ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ। (੧੨)

ਇਹ ਰਚਨਾ ਨਿਰੇ ਦਾਰਸ਼ਨਿਕ ਸੰਬੋਧਾਂ ਦੀ ਪੇਸ਼ਕਾਰੀ ਹੀ ਕਥਨ ਦੀ ਪੱਧਰ ਉਤੇ ਨਹੀਂ ਕਰਦੀ ਸਗੋਂ ਉਚੇਰੇ ਮਾਨਵੀਂ ਗੁਣਾਂ ਤੇ ਸਿੱਖ ਦਾ ਸਦਾਚਾਰਕ ਜ਼ਾਬਤਾ ਵੀ ਵਰਣਨ ਵਿਧੀ ਰਾਹੀਂ ਪੇਸ਼ ਕਰਦੀ ਹੈ। ਕੁਝ ਪੰਕਤੀਆਂ ਹਾਜ਼ਰ ਹਨ:

ਬਾਬਾ ਜਿਸ ਤੂ ਦੇਹਿ ਸੋਈ ਜਨ ਪਾਵਹਿ (੮)
ਸੁਰ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ (੧੩)
ਭਗਤਾ ਕੀ ਚਾਲ ਨਿਰਾਲੀ (੧੪)
ਜਿਉ ਤੂ ਚਲਾਵਹਿ ਤਿਵ ਚਲਹ ਸੁਆਮੀ (੧੫)
ਏਹੁ ਸੋਹਿਲਾ ਸਬਦ ਸੁਹਾਵਾ (੧੬)
ਪਵਿਤ ਹੋਏ ਸੇ ਜਨ (੧੭)
ਜੀਅਹੁ ਮੈਲੇ ਬਾਹਰਹੁ ਨਿਰਮਲ (੧੯)
ਜੀਅਹੁ ਨਿਰਮਲ ਬਾਹਰਹੁ ਨਿਰਮਲ (੨੦)
ਜੇ ਕੋ ਸਿਖੁ ਗੁਰੂ ਸੇਤੀ ਸਨਮੁਖ ਹੋਵੈ (੨੧)
ਜੇ ਕੋ ਗੁਰ ਤੇ ਵੇਮੁਖੁ ਹੋਵੈ — (੨੨)



Digitized by Panjab Digital Library | www.panjabdigilib.org

ਆਵਹੁ ਸਿਖ ਸਤਿਗੁਰ ਕੇ ਪਿਆਰਹੁ (੨੩)

ਸਤਿਗੁਰ ਬਿਨਾ ਹੋਰ ਕਚੀ ਹੈ ਬਾਣੀ (੨੪)

ਗੁਰ ਕਾ ਸਬਦ ਰਤੰਨ ਹੈ (੨੫)

ਸਿਵ ਸਕਤ ਆਪ ਉਪਾਇ ਕੈ (੨੬)

ਸਿੰਮ੍ਰਤੁ ਸਾਸਤ ਪੁੰਨ ਪਾਪ ਬੀਚਾਰਦੇ (੨੭)

ਜੈਸੀ ਅਗਨ ਉਦਰ ਮਹਿ (੨੯)

ਹਰ ਆਪ ਅਮੁਲਕ ਹੈ (੩੦)

ਹਰਿ ਰਾਸ ਮੇਰੀ ਮਨ ਵਣਜਾਰਾ (੩੧)

ਮਨ ਚਾਉ ਭਇਆ (੩੪)

ਹਰਿ ਜੀਉ ਗੁਫਾ ਅੰਦਰ ਰਖਕੇ (੩੮)

ਕਿਧਰੇ ਕਿਧਰੇ ਪ੍ਰਸ਼ਨੋਤਰੀ ਸ਼ੈਲੀ ਵੀ ਝਾਵਲਾ ਦੇਂਦੀ ਹੈ ਪਰ ਇਹ ਧਿਆਨ ਰਹੇ ਇਥੇ ਵੀ ਕਥਨ ਦੀ ਪੱਧਰ ਲੁਪਤ ਨਹੀਂ ਹੁੰਦੀ :

(ੳ) **ਸਹਸੇ ਜੀਉ ਮਲੀਣ ਹੈ ਕਿਤੁ ਸੰਜਮ ਧੋਤਾ ਜਾਇ ॥** (੧੮)

(ਅ) **ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੈ**

**ਸੋ ਕਿਉ ਮਨਹੁ ਵਿਸਾਰੀਐ** (੨੮)

ਉਪਰ ਅੰਕਿਤ ਦੂਸਰੀ ਪੰਕਤੀ ਵਿਚ ਪ੍ਰਸ਼ਨ ਹੀ ਪੇਸ਼ ਹੁੰਦਾ ਹੈ, ਉੱਤਰ ਨਹੀਂ। ਅਸਲ ਵਿਚ ਇਸ ਨੂੰ ਸੰਬਾਦੀ ਸ਼ੈਲੀ ਵੀ ਪੂਰੀ ਤਰ੍ਹਾਂ ਨਹੀਂ ਕਿਹਾ ਜਾ ਸਕਦਾ ਹੈ। ਸੰਬਾਦ ਵਿਚ ਦੋਵੇਂ ਧਿਰਾਂ ਸ਼ਾਮਲ ਹੁੰਦੀਆਂ ਹਨ ਪਰ ਇਥੇ ਇਕ ਹੀ ਧਿਰ ਪ੍ਰਸ਼ਨ ਉਠਾਂਦੀ ਹੈ ਤੇ ਆਪ ਹੀ ਉੱਤਰ ਵੀ ਦੇ ਦੇਂਦੀ ਹੈ। ਉਦਾਹਰਣ ਪੇਸ਼ ਹੈ :

**ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇਕੈ**

**ਕਿਆ ਤੁਧ ਕਰਮ ਕਮਾਇਆ**

**ਕਿ ਕਰਮ ਕਮਾਇਆ ਤੁਧ ਸਰੀਰਾ**

**ਜਾ ਤੂ ਜਗ ਮਹਿ ਆਇਆ।**

**ਜਿਨਿ ਹਰਿ ਤੇਰਾ ਰਚਨੁ ਰਚਿਆ**

**ਸੋ ਹਰਮਨ ਨ ਵਸਾਇਆ**

**ਗੁਰ ਪਰਸਾਦੀ ਹਰਿ ਮੰਨਿ ਵਸਿਆ**

**ਪੂਰਬਿ ਲਿਖਿਆ ਪਾਇਆ।** (੩੫)

ਇਸ ਦੇ ਰਚਣਹਾਰ ਸ੍ਰੋਤਾ, ਸੰਬੋਧਨ, ਸੰਚਾਰ, ਕਥਨ, ਸੰਬਾਦ ਵਿਚ ਇਤਨੇ ਗਹਿਰੇ ਖੁਭ ਗਏ ਹਨ ਕਿ ਇਸ ਰਚਨਾ ਵਿਚ ਬਿੰਬ ਅਲੰਕਾਰ ਤੇ ਪ੍ਰਤੀਕ ਦੀ ਵਰਤੋਂ ਅਤਿ ਵਿਰਲੀ



Digitized by Panjab Digital Library | www.panjabdigilib.org

ਹੋਈ ਹੈ। ਸੰਦੇਹ ਨਹੀਂ; ਸ਼ਬਦਾਂ ਅਲੰਕਾਰਾਂ ਵਿਚੋਂ ਅਨੁਪ੍ਰਾਸ ਦੀ ਵਰਤੋਂ ਸੰਘਣੀ ਹੋਈ ਹੈ। ਪਰ ਅਰਥਾਲੰਕਾਰਾਂ ਵਿਚੋਂ ਰੂਪਕ ਉਪਮਾ ਤੇ ਦ੍ਰਿਸ਼ਟਾਂਤ ਆਦਿ ਨਾਲ ਹੀ ਕੰਮ ਸਾਰ ਲਿਆ ਗਿਆ ਹੈ। ਇਥੇ ਅਲੰਕਾਰਕ ਪੰਕਤੀਆਂ ਹਾਜ਼ਰ ਹਨ :

(ੳ) **ਏਹ ਸੋਹਿਲਾ ਸਬਦ ਸੁਹਾਵਾ ਸਬਦੋ ਸਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ॥**

(ਅਨੁਪ੍ਰਾਸ)

(ਅ) **ਗੁਰ ਕਾ ਸਬਦ ਰਤੰਨ ਹੈ ਹੀਰੇ ਜਿਤ ਜੜਾਉ ॥**

(ਰੂਪਕ)

(ੲ) **ਜਸੀ ਅਗਨ ਉਦਰ ਮਹਿ ਤੈਸੀ ਬਾਹਰ ਮਾਇਆ ॥**

(ਦ੍ਰਿਸ਼ਟਾਂਤ)

ਇਸ ਦਾ ਇਹ ਅਰਥ ਕਦਾਚਿਤ ਨਹੀਂ ਕਿ ਇਸ ਦੇ ਰਚੈਤਾ ਕਾਵਿ-ਜੁਗਤਾਂ ਪ੍ਰਤੀ ਸੁਚੇਤ ਨਹੀਂ। ਇਥੇ ਇਤਨਾ ਹੀ ਕਹਿਣਾ ਬਣਦਾ ਹੈ ਗੁਰੂ ਅਮਰਦਾਸ ਅਲੰਕਾਰ ਮੁਖ ਨਹੀਂ ਸਨ। ਅਨੁਭਵ ਦਾ ਸਹਿਜ ਪ੍ਰਗਟਾ ਇਹਨਾਂ ਦੀ ਰਚਨਾ ਦਾ ਮੀਰੀ ਗੁਣ ਹੈ। ਹੋਰ ਤਾਂ ਹੋਰ ਦਾਰਸ਼ਨਿਕ ਸੰਬੋਧ ਦੀ ਪੇਸ਼ਕਾਰੀ ਸਮੇਂ ਵੀ ਸਹਿਜ-ਸਾਧਾਰਣ ਪ੍ਰਗਟਾ-ਸ਼ਕਤੀ ਆਪਣੇ ਆਪ ਵਿਚ ਜਲਾਲਵੰਤ ਹੁੰਦੀ ਹੈ :

**ਸਿਵ ਸਕਤ ਆਪ ਉਪਾਇਕੇ**
**ਕਰਤਾ ਆਪ ਹੁਕਮ ਵਰਤਾਇ** (੨੬)

ਅਚਰਜ ਤਾਂ ਇਹ ਹੈ ਜਦੋਂ ਇਸ ਦੇ ਰਚੈਤਾ ਕਿਸੇ ਤੱਥ ਨੂੰ ਨਕਾਰ ਰਹੇ ਹੋਣ ਉਦੋਂ ਵੀ ਕਿਸੇ ਉਚੇਚ ਦਾ ਸਹਾਰਾ ਨਹੀਂ ਲੈਂਦੇ :

**ਸਿਮਿਤ ਸਾਸਤ ਪੁੰਨ ਪਾਪ ਬੀਚਾਰਦੇ**
**ਤਤੈ ਸਾਰ ਨ ਜਾਣੀ ॥**
**ਤਤੈ ਸਾਰ ਨ ਜਾਣੀ ਗੁਰੂ ਬਾਝਹੁ**
**ਤਤੈ ਸਾਰ ਨਾ ਜਾਣੀ ॥** (੨੭)

ਇਸ ਰਚਨਾ ਵਿਚ ਪ੍ਰਤੀਕ ਵਰਤੋਂ ਵੀ ਬੜੀ ਵਿਰਲੀ ਹੈ। ਹਰਿ, ਹਰਿ ਰਸ, ਗੁਰ, ਸਤਿਗੁਰ, ਪ੍ਰਭ ਆਦਿ ਪ੍ਰਤੀਕਾਂ ਦਾ ਪ੍ਰਯੋਗ ਹੀ ਇਸ ਰਚਨਾ ਦਾ ਸ਼ਿੰਗਾਰ ਹਨ। ਇਹ ਸਾਰੇ ਦੇ ਸਾਰੇ ਅਮੂਰਤ 'ਅਮਾਨਵੀ ਧਿਰ ਨਾਲ ਸੰਬੰਧਿਤ ਹਨ। ਗੁਰਮਤਿ ਸਾਹਿਤ ਦਾ ਆਪਣਾ ਵਿਲੱਖਣ ਪ੍ਰਤੀਕ 'ਧਨ-ਪਿਰ' ਹੈ ਜੋ ਪਰੰਪਰਾ ਤੋਂ ਸਰਬ ਪ੍ਰਵਾਣਿਤ ਰਿਹਾ ਹੈ, ਉਸ ਦਾ ਵੀ ਇਸ ਰਚਨਾ ਵਿਚ ਅਭਾਵ ਹੈ। ਧਿਆਨ ਰਹੇ ਗੁਰੂ ਅਮਰਦਾਸ



Digitized by Panjab Digital Library | www.panjabdigilib.org

ਜੀ ਨੇ 'ਧਨ-ਪਿਰ' ਪ੍ਰਤੀਕ ਦਾ ਪ੍ਰਯੋਗ ਆਪਣੀਆਂ ਹੋਰ ਰਚਨਾਵਾਂ ਵਿਚ ਕੀਤਾ ਵੀ ਹੈ। ਇਹੀ ਹਾਲ ਮਿੱਥ ਪ੍ਰਯੋਗ ਦਾ ਹੈ। ਕੇਵਲ ਇਕ ਪੰਕਤੀ 'ਸੁਰ ਨਰ ਮੁਨਿ ਜਨ ਅੰਮ੍ਰਿਤ ਖੋਜਦੇ' ਹੀ ਇਸ ਜੁਗਤ ਵਲ ਸੰਕੇਤ ਕਰਦੀ ਹੈ। ਆਦਿ ਗ੍ਰੰਥ ਦੀ ਬਾਣੀ-ਰਚਨਾ-ਵਿਧੀ ਅਨੁਸਾਰ ਇਸ ਰਚਨਾ ਵਿਚ ਰਹਾਉ ਦਾ ਪ੍ਰਯੋਗ ਨਹੀਂ ਕੀਤਾ ਗਿਆ ਜਿਸ ਦਾ ਇਕ ਹੀ ਭਾਵ ਹੋ ਸਕਦਾ ਹੈ—ਪੂਰੀ ਰਚਨਾ ਨੂੰ ਇਕਾਗਰ ਚਿੱਤ ਹੋ ਕੇ ਪੜ੍ਹਿਆ ਜਾਏ ਤੁਕ ਦੇ ਪੱਖੋਂ ਵੀ ਵੰਨ-ਸਵੰਨਤਾ ਨਜ਼ਰ ਨਹੀਂ ਆਉਂਦੀ। ਦੋ ਤਰ੍ਹਾਂ ਦੀ ਲੈਅ ਦਾ ਪ੍ਰਯੋਗ ਕੀਤਾ ਗਿਆ ਹੈ। ਰਚਨਾ ਦੀਆਂ ਕੁਲ ਚਾਲੀ ਪਉੜੀਆਂ ਵਿਚੋਂ ਤੇਤੀ ਪਉੜੀਆਂ ਪੰਜ ਤੁਕੀਆਂ ਹਨ ਤੇ ਸਤ ਪਉੜੀਆਂ ਛੇ ਤੁਕੀਆਂ। ਤੁਕਾਂਗ ਦਾ ਦੁਹਰਾਉ ਇਸ ਰਚਨਾ ਦਾ ਸ਼ਿੰਗਾਰ ਹੈ। ਇਸੇ ਵਿਧੀ ਨਾਲ ਹੀ ਵਧੇਰੇ ਕਰਕੇ ਅਨੁਪ੍ਰਾਸ ਪੈਦਾ ਕੀਤਾ ਗਿਆ ਹੈ। ਛੰਦ ਦੀ ਦ੍ਰਿਸ਼ਟੀ ਤੋਂ ਇਹ ਰਚਨਾ ਪਉੜੀ ਛੰਦ ਵਿਚ ਰਚੀ ਗਈ ਹੈ। ਭਾਈ ਕਾਹਨ ਸਿੰਘ ਨੇ ਗੁਰਛੰਦ ਦਿਵਾਕਾਰ ਵਿਚ ਪਉੜੀ ਦੇ 30 ਭੇਦ ਮੰਨੇ ਹਨ। ਛੰਦ ਦ੍ਰਿਸ਼ਟੀ ਤੋਂ ਅਨੰਦੁ ਬਾਣੀ ਇਕ ਵਖਰੇ ਖੋਜ ਪੱਤਰ ਦੀ ਮੰਗ ਕਰਦੀ ਹੈ। ਹਾਲ ਦੀ ਘੜੀ ਇਨ੍ਹਾਂ ਸੰਕੇਤ ਹੀ ਕਾਫੀ ਹੈ ਕਿ ਛੰਦ-ਲੈਅ ਦੀ ਦ੍ਰਿਸ਼ਟੀ ਤੋਂ ਇਹ ਪਉੜੀ ਚਾਲ ਨੂੰ ਰੂਪਮਾਨ ਕਰਦੀ ਹੈ।

ਆਨੰਦੁ ਬਾਣੀ ਦੀ ਭਾਸ਼ਾ ਬੁਣਤੀ ਵਿਚ ਪਰੰਪਰਾਗਤ ਸ਼ਬਦਾਵਲੀ ਦਾ ਪ੍ਰਯੋਗ ਵਧੇਰੇ ਹੈ। ਇਸ ਰਚਨਾ ਦੀ ਬਣਤਰ ਇਕਹਿਰੀ ਹੈ। ਇਕੋ ਧਿਰ ਨੂੰ ਅਮੂਰਤ ਸੰਬੋਧਾਂ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ; ਅਗਮ, ਅਗੋਚਰ, ਅਕਥ ਅਲਖ, ਗੁਰੂ, ਸਤਿਗੁਰ, ਪ੍ਰਭ ਪਾਰਬ੍ਰਹਮ, ਅਮੁਲਕ ਕਰਣਕਾਰਣ, ਸੁਆਮੀ, ਹਰਿ, ਹਰਿ ਰਸਿ ਆਦਿ ਕਿਧਰੇ ਕਿਧਰੇ ਇਸੇ ਭਾਵ ਨੂੰ ਪੇਸ਼ ਕਰਨ ਲਈ ਆਮ ਮੁਹਾਵਰੇ ਦੇ ਸ਼ਬਦਾਂ ਦਾ ਪ੍ਰਯੋਗ ਵੀ ਹੋਇਆ ਹੈ ਜਿਹਾ ਕਿ ਸਾਚੇ ਸਾਹਿਬਾ, ਖਸਮ ਆਦਿ। ਇਸੇ ਤਰ੍ਹਾਂ ਪਰੰਪਰਾਗਤ ਸ਼ੈਲੀ ਦੇ ਕੁਝ ਹੋਰ ਸ਼ਬਦ ਵੀ ਪੇਸ਼ ਹੋਏ ਹਨ। ਹੁਕਮ, ਮਾਇਆ ਮੋਹਣੀ, ਅੰਮ੍ਰਿਤ, ਪੰਚ ਦੂਤ, ਪੰਚ ਵਾਜੇ, ਦਹਦਿਸ ਭਾਣਾ ਆਦਿ। ਦੂਜੀ, ਧਿਰ ਮਾਨਵੀ ਹੈ। ਉਸ ਲਈ ਸਿਖ, ਸੰਤ, ਗੁਰਮੁਖ, ਕੁਟੰਬ, ਮਾਤਾ ਪਿਤਾ, ਬੇਮੁਖ ਆਦਿ ਦਾ ਪ੍ਰਯੋਗ ਦਿਖਾਈ ਦੇਂਦਾ ਹੈ। ਇਨ੍ਹਾਂ ਵਿਚੋਂ ਪਹਿਲੇ ਤਿੰਨ ਸ਼ਬਦ ਸੰਸਥਾ ਮੂਲਕ ਬਿਰਤੀ ਦੇ ਲਖਾਇਕ ਹਨ ਤੇ ਪਿਛਲੇ ਤਿੰਨ ਗੌਣ ਰੂਪ ਵਿਚ ਵਰਤੇ ਗਏ ਹਨ। ਕੁਲ ਮਿਲਾਕੇ, ਇਸ ਬਾਣੀ ਦਾ ਰਜਿਸਟਰ ਗੁਰੂ ਸੰਸਥਾ ਮੂਲਕ ਹੈ। ਇਸ ਵਿਚ ਸਾਧ ਭਾਖਾ ਦੇ ਸ਼ਬਦ; ਨਿਰਮਲ, ਸ਼ਬਦ ਵਾਣੀ, ਸਤਿਗਰੂ ਸੋਹਲਾ ਆਦਿ ਦਾ ਪ੍ਰਯੋਗ ਵੀ ਹੈ ਤੇ ਅੰਗੀਕਾਰ, ਕਿਲਵਿਖ, ਪੁਨੀਤ, ਪਵਿਤ, ਨਿਰਮਲ, ਉਦਰ ਸੰਤਾਪ ਦਾ ਵੀ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ, ਇਸ ਰਚਨਾ ਵਿਚੋਂ ਪ੍ਰਤੀਬਿੰਬਤ ਸਥਿਤੀ-ਮੰਡਲ ( Milieu ) ਦਾ ਇਕ ਆਪਣਾ ਹੀ ਘੇਰਾ ਹੈ। ਪਾਠਕ ਇਕ ਖ਼ਾਸ ਤਰ੍ਹਾਂ



Digitized by Panjab Digital Library | www.panjabdigilib.org

ਦੇ ਮਹੌਲ ਨਾਲ ਪਰਿਚਤ ਹੁੰਦਾ ਹੈ। ਇਹ ਫੈਲਾਓ ਸੰਸਥਾ ਤੋਂ ਸੰਸਥਾ ਤਕ ਹੈ । 'ਹਰਿ' ਜਿਸ ਦਾ ਆਦਿ ਬਿੰਦੂ ਹੈ। ਇਹ ਆਦਿ-ਬਿੰਦੂ ਹੀ ਵਿਸਮੈ ਕਰਨ ਵਾਲੀ ਸਥਿਤੀ ਹੈ। 'ਅਨੰਦੁ ਭਇਆ ਮੇਰੀ ਮਾਇ ਸਤਿਗੁਰੂ ਮੈਂ ਪਾਇਆ'' ਇਸ ਵਿਚ ਸੋਗੀ ਭਾਵਾਂ ਨੂੰ ਆਉਣ ਦੀ ਇਜਾਜ਼ਤ ਹੀ ਨਹੀਂ, ਪੂਰੀ ਰਚਨਾ ਇਕ ਆਨੰਦਤਾਮਕ ਵਾਯੂਮੰਡਲ ਉਸਾਰਦੀ ਹੈ । ਇਸ ਵਿਚ ਪੰਜ ਸ਼ਬਦਾਂ ਦੇ ਸੁਭਾਗੇ ਵਾਜੇ ਵਜਦੇ ਹਨ। ਵਾਧਾਈਆਂ ਮਿਲਦੀਆਂ ਹਨ। ਰਾਗ, ਰਤਨ ਤੇ ਪਰੀਆਂ ਸ਼ਬਦ ਗਾਉਣ ਆਉਂਦੀਆਂ ਹਨ। ਸੁਹਾਵੇ ਸੋਹਲੇ ਪੜ੍ਹੇ ਜਾਂਦੇ ਹਨ। ਮੰਗਲ-ਗਾਇਨ ਹੁੰਦਾ ਹੈ। ਅਨਹਦ ਦੇ ਵਾਜੇ ਤੂਰੇ (ਵਜਦੇ) ਜਾਂਦੇ ਹਨ।' ਰਚਨਾ ਆਨੰਦਾਤਿਮਕ ਸਥਿਤੀ ਤੋਂ ਉੱਭਰਦੀ ਹੈ ਤੇ ਅਨੰਦਾਤਮਕ ਸਥਿਤੀ ਵਿਚੋਂ ਵਿਚਰ ਕੇ ਅਨੰਦ ਉਪਰ ਹੀ ਸਮਾਪਤ ਹੋ ਜਾਂਦੀ ਹੈ।

ਬਾਣੀ ਅਸਲ ਵਿਚ ਬਾਣੀਕਾਰਾਂ ਦਾ ਅਨੁਭਵ ਵੀ ਹੈ ਤੇ ਅਨੁਭਵ ਦਾ ਕਥਨ ਵੀ ਇਸ ਰਚਨਾ ਵਿਚ ਅਨੰਦੁ ਦਾ ਅਨੁਭਵ ਪੇਸ਼ ਹੋਇਆ ਹੈ ਤੇ ਅਨੁਭਵ ਦਾ ਪ੍ਰਗਟਾ ਬਹੁਤ ਹੀ ਵਿਰਲਾ ਹੈ । ਇਸੇ ਕਰਕੇ ਸ਼ਿਲਪ ਜੁਗਤਾਂ ਨੂੰ ਵਧੇਰੇ ਸਥਾਨ ਨਹੀਂ ਮਿਲਿਆ। ਅਨੁਭਵ ਦੇ ਪ੍ਰਗਟਾਵੇ ਲਈ ਜਿਸ ਤਰ੍ਹਾਂ ਦੀ ਸ਼ਿਲਪ ਨਿਪੁੰਨਤਾ ਦੀ ਲੋੜ ਹੁੰਦੀ ਹੈ ਉਸ ਦੀ ਪੇਸ਼ਕਾਰੀ ਲਗਭਗ ਅਨੰਦੁ ਵਿਚ ਵਿਰਲੀ ਹੈ। ਅਨੰਦੁ ਬਾਣੀ ਦਾ ਨਕਸ਼ ਅਨੁਭਵ ਵਾਲਾ ਹੈ। ਅਨੁਭਵ ਦੇ ਪ੍ਰਗਟਾਵੇ ਵਾਲਾ ਨਹੀਂ :

"ਆਨੰਦੁ ਅਨੰਦ ਸਭ ਕੋ ਕਹੈ ਅਨੰਦੁ ਗੁਰੂ ਤੇ ਜਾਣਿਆ"

ਇਥੇ ਅਨੰਦੁ ਦੀ ਅਵਸਥਾ ਅਨੰਦ-ਸੰਬੋਧ ਤੇ ਅਨੰਦੁ ਨੂੰ ਜਨਾਉਣ ਵਾਲੀ ਧਿਰ ਤਿੰਨੇ ਇਕ ਦੂਜੇ ਵਿਚ ਓਤਪੋਤ ਹਨ। ਇਹੀ ਪ੍ਰਮਾਣਿਕ ਅਨੁਭੂਤੀ ਦੀ ਪਛਾਣ ਵੀ ਹੈ। ਅਨੰਦੁ ਬਾਣੀ ਦਾ ਅਤਿਅੰਤ ਨਿਖੜਵਾਂ ਗੁਣ ਇਹ ਹੈ, ਇਹ ਭਾਵਿਤ ਕਰਦਾ ਹੈ, ਪ੍ਰਭਾਵਿਤ ਨਹੀਂ। ਚਾਉ, ਪੈਦਾ ਕਰਦਾ ਹੈ, ਉਤੇਜਨਾ ਨਹੀਂ। ਇਹ ਬਾਣੀ ਸਾਨੂੰ ਝੰਜੋੜਦੀ ਹੈ, ਕੁਝ ਕੁਝ । ਕਰਨ ਲਈ ਪ੍ਰੇਰਿਤ ਹੁੰਦੇ ਹਾਂ ਤੇ ਤੇ ਝਟ ਹੀ ਆਪਣੀ ਸੰਸਥਾ ਨਾਲ ਜੁੜ ਜਾਂਦੇ ਹਾਂ। ਇਹ ਬਾਣੀ ਸ਼ੁਧ ਪ੍ਰੇਰਨਾ ਦੀ ਬਾਣੀ ਹੈ। ਇਹ ਕਿਸੇ ਵਿਲੱਖਣ ਪ੍ਰਤੀਕ, ਬਿੰਬ, ਅਲੰਕਾਰ ਆਦਿ ਦਾ ਸ੍ਰਿਜਨ ਨਹੀਂ ਕਰਦੀ ਸਗੋਂ ਸਾਡੀ ਚੇਤਨਾ ਨੂੰ ਬਾਰਬਾਰ ਕੁਰੇਦਣ ਦੀ ਬਜਾਇ ਸਹਿਜ ਸਾਧਾਰਣ ਅਵਸਥਾ ਵਿਚ ਪਹੁੰਚਾ ਦਿੰਦੀ ਹੈ। ਆਨੰਦ ਸਾਨੂੰ ਜਾਗ੍ਰਿਤ ਕਰਦਾ ਹੈ। ਕਰਮ ਲਈ ਪ੍ਰੇਰਦਾ ਹੈ। ਤੇ, ਅਜਿਹਾ ਉਦਮ ਹੀ ਆਨੰਦ ਦਾ ਸੋਮਾ ਹੈ । ਕੁਲ ਮਿਲਾ ਕੇ, ਗੁਰੂ ਅਮਰ ਦਾਸ ਜੀਵਨ ਦੇ ਕਿਰਿਆਵੰਤ ਪੱਖ ਰਾਹੀਂ , ਆਨੰਦ ਪ੍ਰਾਪਤੀ ਦਾ ਰਾਹ ਸੁਝਾਉਂਦੇ ਹਨ। ਇਹ ਰਾਹ ਪੁਸਤਕੀ-ਵਿਧੀ ਉਪਰ ਆਧਾਰਤ ਨਹੀਂ। ਇਹੀ ਇਸ ਵਿਚਲੇ ਆਨੰਦੁ ਦਾ ਰਾਜ਼ ਵੀ ਹੈ। ਗੁਰੂ-ਵਿਹੂਣਾ—ਅਨੰਦ-ਅਨੰਦੁ ਨਹੀਂ, ਪੁਸਤਕੀ ਸੰਬੋਧ ਹੈ । ਗੁਰੂ ਪ੍ਰਾਪਤੀ ਹੀ ਅਸਲ ਆਨੰਦੁ ਹੈ।



Digitized by Panjab Digital Library | www.panjabdigilib.org

ਅਨੰਦੁ ਬਾਣੀ ਦੀ ਰਚਨਾ-ਬੁਣਤੀ ਵਿਚ ਦਾਰਸ਼ਨਿਕ ਸੰਬੋਧ ਸੰਪ੍ਰਦਾਇਕ ਅੰਸ਼ ਤੇ ਕਾਵਿ ਜੁਗਤਾਂ ਦੀ ਗਡਵਡਤਾ ਹੈ। ਆਨੰਦ, ਅਨਹਤ ਨਾਦ ਤੇ ਅੰਮ੍ਰਿਤ ਆਦਿ ਇਕਾਈਆਂ ਜਿਥੇ ਕਥਨ ਸ਼ੈਲੀ ਰਾਹੀਂ ਰੂਪਮਾਨ ਹੋਈਆਂ ਹਨ ਉਥੇ ਸੰਪ੍ਰਦਾਇਕ ਅੰਸ਼ ਸੰਬੋਧਨੀ ਸੁਰ ਵਿਚ ਪ੍ਰਤੀਬਿੰਬਤ ਹੋਇਆ ਹੈ ਪਰ ਇਹ ਵੀ ਉਪਰ ਸੰਕੇਤਿਕ ਇਕਾਈਆਂ ਨੂੰ ਹੀ ਦ੍ਰਿੜ੍ਹ ਕਰਾਉਂਦਾ ਹੈ। ਬਾਣੀਕਾਰਾਂ ਲਈ ਕਾਵਿ ਕਲਾ ਦੁਜੈਲੀ ਵਸਤੂ ਹੈ। ਉਹਨਾਂ ਦੀ ਰਚਨਾ ਦੇ ਪ੍ਰੇਰਕ-ਹੇਤੂ ਉਹਨਾਂ ਦਾ ਪਰੰਪਰਿਕ ਅਨੁਭਵ ਹੀ ਹੈ। ਅਨੁਭਵ ਦੇ ਪ੍ਰਗਟਾਵ ਲਈ ਕਾਵਿ-ਜੁਗਤਾਂ ਦੀ ਲੋੜ ਪੈਂਦੀ ਹੈ। ਉਪਰ ਸੰਕੇਤ ਕੀਤਾ ਜਾ ਚੁੱਕਾ ਹੈ ਅਨੰਦੁ ਸਾਹਿਬ ਵਿਚ ਅਨੰਦੁ ਦਾ ਪ੍ਰਗਟਾ ਨਹੀਂ, ਅਨੰਦੁ ਦਾ ਅਨੁਭਵਸਿਧ ਕਥਨ ਹੈ। ਇਸੇ ਲਈ ਪ੍ਰਤੀਕ , ਅਲੰਕਾਰ ਤੇ ਛੰਦ ਆਦਿ ਕਾਵਿ-ਸੰਦਾਂ ਦੀ ਵਰਤੋਂ ਵਿਰਲੀ ਹੋਈ ਹੈ। ਬਾਣੀ ਸਾਹਿਤ ਦੀ ਮਹਾਨਤਾ ਦਾ ਰਾਜ਼ ਸਾਹਿਤਕਤਾ ਨਾਲੋਂ ਉਸਦੀ ਅਧਿਆਤ-ਮਿਕਤਾ ਵਿਚ ਹੈ। ਇਸੇ ਤੱਥ ਦਾ ਜੈਕਾਰ ਅਨੰਦੁ-ਬਾਣੀ ਵਿਚ ਹੋਇਆ ਹੈ।



Digitized by Panjab Digital Library | www.panjabdigilib.org

# ਗੁਰੂ ਅਮਰਦਾਸ ਜੀ ਦੀ ਕਾਵਿ ਸ਼ੈਲੀ

— ਡਾ. ਗੁਰਚਰਨ ਸਿੰਘ

**ਵਲਿਖਣਤਾ :**

ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਦੂਜੇ ਉੱਤਰ-ਅਧਿਕਾਰੀ ਤੇ ਗੁਰਮਤਿ ਦੀ ਪਰੰਪਰਾ ਦੇ ਤੀਜੇ ਗੁਰੂ ਗੁਰੂ ਅਮਰਦਾਸ ਜੀ ਕਈ ਪੱਖਾਂ ਤੋਂ ਅਲੌਕਿਕ ਸ਼ਖ਼ਸੀਅਤ ਦੇ ਮਾਲਕ ਸਨ। ਜਿਥੇ ਬਾਕੀ ਤਕਰੀਬਨ ਸਾਰੇ ਗੁਰੂ ਸਾਹਿਬਾਂ ਨੇ ਗੁਰੂ ਘਰ ਵਿਚ ਰਹਿੰਦਿਆਂ, ਉਸ ਵਾਤਾਵਰਣ ਵਿਚ ਬੌਧਿਕ ਨਸ਼ੋਨੁਮਾ ਪਾਈ, ਆਪ ਇਕ ਸਾਧਾਰਨ ਵਿਅਕਤੀ ਦੀ ਉਮਰ ਤਕ ਅਰਥਾਤ 61 ਸਾਲਾਂ ਦੀ ਆਯੂ ਤਕ ਗੁਰੂ ਘਰ ਤੋਂ ਬਿਲਕੁਲ ਬੇਖਬਰ ਇਕ ਵੈਸ਼ਨਵ ਭਗਤ ਰਹੇ ਜੋ ਲਗਾਤਾਰ ਵੀਹ ਬਾਈ ਸਾਲ ਕੀਰਤਨ ਕਰਦੇ ਸੰਗ ਨਾਲ ਹਰਿਦੁਆਰ ਆਦਿ ਚੌਕੀਆਂ ਕਰਨ ਜਾਂਦੇ ਸਨ ਤਾਂ ਜੋ ਮਨ ਦੀ ਸ਼ਾਂਤੀ, ਅਡੋਲਤਾ ਅਤੇ ਜੀਵਨ ਸੱਚ ਦੀ ਪ੍ਰਾਪਤੀ ਹੋ ਸਕੇ। ਐਨੀ ਵਡੇਰੀ ਉਮਰ ਵਿਚ ਗੁਰੂ ਘਰ ਨਾਲ ਸੰਪਰਕ ਵਿਚ ਆ ਕੇ ਆਪ ਗੁਰਗੱਦੀ ਦਾ ਭਾਰ ਚੁੱਕਣ ਦੇ ਯੋਗ ਸਮਝੇ ਗਏ।

ਵਿਸ਼ਵ ਸਾਹਿਤ ਵਿਚ ਇਹ ਵਲਿਖਣਤਾ ਵੀ ਗੁਰੂ ਅਮਰਦਾਸ ਜੀ ਨੂੰ ਹੀ ਪ੍ਰਾਪਤ ਹੈ ਕਿ ਉਨ੍ਹਾਂ ਨੇ 73 ਸਾਲ ਦੀ ਆਯੂ ਦੇ ਲਗਭਗ ਕਾਵਿ-ਰਚਨਾ ਕਰਨੀ ਸ਼ੁਰੂ ਕੀਤੀ ਤੇ ਉਸ ਉਮਰ ਵਿਚ ਆ-ਕੇ ਮਹਾਨ ਸਾਹਿਤ ਦੀ ਰਚਨਾ ਕੀਤੀ ਜਦੋਂ ਸਾਧਾਰਨ ਵਿਅਕਤੀ ਸਤਰ੍ਹਿਆ ਬਤਰ੍ਹਿਆ ਸਮਝਿਆ ਜਾਂਦਾ ਹੈ ਅਤੇ ਉਸ ਤੋਂ ਕਿਸੇ ਸਾਰਥਕਤਾ ਤੇ ਨਿਆਏ ਪੂਰਬਕਤਾ ਦੀ ਆਸ ਨਹੀਂ ਕੀਤੀ ਜਾਂਦੀ।

ਬੁਢਾਪਾ ਆਮ ਕਰਕੇ ਨਿਰਾਸਾਜਨਕ, ਥੱਕਿਆ ਥੱਕਿਆ, ਉਦਾਸੀਨਤਾ ਤੇ ਉਪਰਾਮਤਾ ਭਰਿਆ ਹੁੰਦਾ ਹੈ, ਜੀਵਨ ਦੇ ਸੰਘਰਸ਼ ਵਿਚ ਵਡੇਰੀ ਉਮਰ ਤੇ ਆ ਕੇ ਵਿਅਕਤੀ ਅੰਤ ਨੂੰ ਨੇੜੇ ਵੇਖ ਜੀਵਨ ਵਿਚ ਰੁਚੀ ਗੁਆ ਬੈਠਦਾ ਹੈ। ਖੀਣ ਹੋਈਆਂ ਸਰੀਰਕ, ਮਾਨਸਕ ਤੇ ਬੌਧਿਕ ਸ਼ਕਤੀਆਂ ਵਡੇਰੀ ਉਮਰ ਵਿਚ ਵਿਅਕਤੀ ਨੂੰ ਦੁਖੀ ਤੇ ਉਪਰਾਮਚਿਤ ਕਰ ਦਿੰਦੀਆਂ ਹਨ। ਉਹ ਕੇਵਲ ਘੜੀਆਂ ਹੀ ਗਿਣਦਾ ਹੈ। ਪਰ ਗੁਰੂ ਅਮਰਦਾਸ ਜੀ



Digitized by Panjab Digital Library | www.panjabdigilib.org

ਨੇ 73 ਸਾਲ ਦੀ ਉਮਰ ਤੋਂ ਆਰੰਭ ਕਰ 95 ਸਾਲ ਦੀ ਉਮਰ ਤਕ ਨਾ ਕੇਵਲ ਆਪਣੇ ਜੀਵਨ ਨੂੰ ਅਰਥਭੂਰ ਤੇ ਲੋਕ ਕਲਿਆਣ ਹਿੱਤ ਲਾਂਦਿਆ ਤਕੜੀ ਘਾਲਣਾ ਘਾਲੀ ਸਗੋਂ ਢੇਰ ਸਾਰੀ ਕਵਿਤਾ ਰਚੀ—ਜੋ ਅਨੰਦ ਤੇ ਹੁਲਾਸਮਈ ਆਸ਼ਾਵਾਦੀ ਕਵਿਤਾ ਹੈ। ਉਸ ਵਿਚ "ਅਜੇ ਸੁ ਰੱਬ ਨਾ ਬਹੁੜਿਓ" ਵਾਲਾ ਕੋਈ ਝੋਰਾ ਨਹੀਂ ਸਗੋਂ "ਅਨੰਦ ਭਇਆ ਮੇਰੀ ਮਾਏ" ਤੇ "ਸਗਲ ਮਨੋਰਥ ਪੂਰੇ" ਵਾਲੀ ਸੰਤੁਸ਼ਟ ਤੇ ਤ੍ਰਿਪਤ ਅਵਸਥਾ ਝਲਕਦੀ ਹੈ। ਇਹ ਸੰਤੁਸ਼ਟਤਾ ਤੇ ਤ੍ਰਿਪਤੀ ਹੀ ਅਧਿਆਤਮ ਪਾਂਧੀ ਤੇ "ਸੱਚ" ਦੀ ਖੋਜ ਕਰਦੇ ਅਭਿਲਾਸ਼ੀ ਨੂੰ ਪ੍ਰੇਰਣਾ ਉਤਸ਼ਾਹ ਤੇ ਹਲਾਸ਼ੇਰੀ ਦਿੰਦੀ ਹੈ। "ਕਾਲੀ ਧੌਲੀ ਸਾਹਿਬ ਏਕ ਹੈ"—ਕਿਸੇ ਉਮਰ ਵਿਚ ਵੀ ਵਿਅਕਤੀ ਪਛੜਿਆ ਹੋਇਆ ਨਹੀਂ ਸਿਰਫ ਗਤੀ-ਸ਼ੀਲ ਹੋਣ ਦੀ ਲੋੜ ਹੈ। ਮਨ ਵਿਚ ਇਕ ਫੈਸਲਾ ਕਰਕੇ ਦ੍ਰਿੜ ਸੰਕਲਪ ਨਾਲ ਇਸ ਮਾਰਗ ਵਲ ਮੂੰਹ ਫੇਰਨ ਦੀ ਆਵਸ਼ਕਤਾ ਹੈ। "ਚਿਤ ਕਰੇ" ਦੀ ਗੱਲ ਹੈ। ਲੰਘ ਚੁੱਕੇ ਸਮੇਂ ਦੇ ਝੋਰੇ ਵਿਚ ਹੀ ਬਾਕੀ ਸਮਾਂ ਗਵਾਣ ਦਾ ਕੋਈ ਲਾਭ ਨਹੀਂ। ਇਸ ਸੰਸਾਰ ਨੂੰ ਨਿਰਾ ਮੋਹ ਮਾਇਆ ਦਾ ਜਾਲ ਸਮਝਣਾ ਵੀ ਆਪ ਅਨੁਸਾਰ ਜੀਵ ਦੀ ਭੁੱਲ ਹੈ। "ਇਹ ਵਿਸਰੀਆ ਗੰਦਭਲਾ" ਦਾ ਹੀ ਸਥਾਨ ਨਹੀਂ ਇਹ "ਹਰਿ ਕਾ ਰੂਪ" ਹੈ।[1] ਇਹ ਮਨੁੱਖਾ ਸਰੀਰ ਵੀ ਕੇਵਲ ਦ੍ਵੈਤ ਦਾ ਲਖਾਇਕ ਹੀ ਨਹੀਂ, ਇਹ 'ਹਰਿਮੰਦਰ'[2] ਹੈ। ਲੋੜ ਕੇਵਲ ਸਮੱਰਥ ਗੁਰੂ—ਪੱਥ-ਪ੍ਰਦਰਸ਼ਕ-ਦੀ ਹੈ ਜੋ ਇਸ ਅਸਲੀਅਤ ਦਾ ਗਿਆਨ ਕਰਵਾ ਸਕੇ ਜੋ ਅਗਿਆਨਤਾ ਤੇ ਭਰਮ ਦੇ ਪੜਦੇ ਨੂੰ ਪਾੜ ਕੇ ਦਿਬ-ਦ੍ਰਿਸ਼ਟੀ ਦੇ ਸਕੇ।

ਜਿਸ ਉਮਰ ਵਿਚ ਆ ਕੇ ਸਾਧਾਰਨ ਵਿਅਕਤੀ ਕੰਮ ਕਾਜ ਛੱਡ ਕੇ ਨਿਕਾਰਾ ਹੋ ਕੇ ਬਹਿ ਜਾਂਦਾ ਹੈ, ਆਪ ਨੇ ਗੁਰ-ਗੱਦੀ ਦੀ ਵੱਡੀ ਜ਼ੁਮੇਵਾਰੀ ਨੂੰ ਸੰਭਾਲਿਆ ਤੇ ਪੂਰਨ ਜੁਗਤ ਤੇ ਸਫਲਤਾ ਨਾਲ ਨਿਭਾਇਆ। ਬਾਈ ਮੰਜੀਆਂ ਦਾ ਸੰਗਠਨ ਕਰ, ਖਡੂਰ ਸਾਹਿਬ ਵਿਚ ਬਾਉਲੀ ਸਾਹਿਬ ਦੀ ਸਥਾਪਨਾ ਕਰ, ਵਿਸਾਖੀ ਆਦਿ ਤਿਉਹਾਰਾਂ ਤੇ ਸੰਗਤਾਂ ਦੇ ਇਕੱਠ ਦੀ ਪਰੰਪਰਾ ਤੋਰ, ਲੰਗਰ ਵਿਚ ਪੰਗਤ ਦੀ ਲੀਹ ਚਲਾ, ਆਪ ਨੇ ਕਈ ਨਿਗਰ ਕਦਮ ਚੁੱਕ ਕੇ ਗੁਰਮਤਿ ਦੀ ਨੀਂਹ ਨੂੰ ਹੋਰ ਵੀ ਪੱਕਿਆਂ ਕੀਤਾ ਤੇ ਇਸ ਦੇ ਸੰਗਠਨ ਨੂੰ ਇਕ ਨਵੀਂ ਦਿਸ਼ਾ ਦਿਤੀ।

ਗੁਰੂ ਅਮਰਦਾਸ ਜੀ ਨੂੰ ਹੀ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਪਹਿਲੇ ਵਿਆਖਿਆਕਾਰ ਹੋਣ ਦਾ ਵੀ ਮਾਨ ਪ੍ਰਾਪਤ ਹੈ।[3] ਆਪ ਨੇ ਨਾ ਕੇਵਲ ਭਗਤ ਦੀ ਬਾਣੀ ਦਾ ਮੁੱਢਲਾ ਸੰਪਾਦਨ ਹੀ ਕੀਤਾ ਤੇ ਬਾਬਾ ਫਰੀਦ ਆਦਿ ਭਗਤਾਂ ਦੀ ਬਾਣੀ ਦੇ ਅਸਪਸ਼ਟ ਭਾਵਾਂ ਨੂੰ ਗੁਰਮਤਿ ਦੀ ਦ੍ਰਿਸ਼ਟੀ ਤੋਂ ਸਪਸ਼ਟ ਕੀਤਾ[4] ਸਗੋਂ ਗੁਰਬਾਣੀ ਨੂੰ ਇਕਠਿਆਂ ਅਥਵਾ ਸੰਪਾਦਨ[5] ਕਰਨ ਦਾ ਮੁੱਢਲਾ ਯਤਨ ਵੀ ਆਪ ਹੀ ਨੇ ਕੀਤਾ ਜੋ ਸਾਡੇ ਤਕ ਬਾਬਾ



Digitized by Panjab Digital Library | www.panjabdigilib.org

ਮੋਹਨ ਜੀ ਦੀਆਂ ਪੋਥੀਆਂ ਦੇ ਰੂਪ ਵਿਚ ਉਪਲਬਧ ਹੈ ਤੇ ਜਿਸ ਨੇ ਗੁਰੂ ਅਰਜਨ ਸਾਹਿਬ ਦੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸਮੇਂ ਮਹਾਨ ਸਹਾਇਤਾ ਦਿਤੀ ਮੰਨੀ ਜਾਂਦੀ ਹੈ ।[6]

ਗੁਰੂ ਅਮਰਦਾਸ ਜੀ ਇਕ ਮਹਾਨ ਰਹਸਵਾਦੀ, ਆਤਮਕ-ਗਿਆਨ ਵੇਤਾ, ਸੰਤ, ਗੁਰੂ, ਕਵੀ ਤੇ ਸਮਾਜ ਸੁਧਾਰਕ ਸਨ । ਆਪ ਨੇ ਬੜੀ ਲੰਮੀ ਤੇ ਕਠਨ ਸਾਧਨਾ ਉਪਰੰਤ ਜੀਵਨ-ਸੱਚ ਨੂੰ ਪ੍ਰਾਪਤ ਕੀਤਾ ਸੀ । ਗੁਰਮਿਤ ਦੀ ਪਰੰਪਰਾ ਵਿਚ ਜਿਥੇ ਆਪ ਦੇ ਪੂਰਬਵਰਤੀ ਗਰੂ ਅੰਗਦ ਦੇਵ ਜੀ ਨੂੰ "ਹੁਕਮ ਮੰਨਣ" ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਆਪ 'ਸੇਵਾ' ਤੇ 'ਘਾਲਣਾਂ' ਦਾ ਆਦਰਸ਼ ਬਣੇ । 61 ਸਾਲਾਂ ਦੀ ਉਮਰ ਤੋਂ ਸ਼ੁਰੂ ਕਰ 73 ਸਾਲਾਂ ਦੀ ਉਮਰ ਤਕ ਆਪਨੇ 12 ਸਾਲ ਗੁਰੂ ਘਰ ਦੀ ਨਿਰੰਤਰ ਅਤੁੱਟ ਸੇਵਾਂ ਕੀਤੀ । "ਨਿਥਾਵਾਂ" ਕਹਾਇਆ ਪਰ ਆਪਣੀ ਘਾਲ ਨਾ ਛੱਡੀ ਤੇ "ਨਿਥਾਵਿਆਂ ਦਾ ਥਾਂ, ਨਿਆਸਰਿਆਂ ਦਾ ਆਸਰਾ" ਹੋਣ ਦਾ ਵਰ ਗੁਰੂ ਅੰਗਦ ਸਾਹਿਬ ਤੋਂ ਪ੍ਰਾਪਤ ਕੀਤਾ ।[7] ਜੀਵਨ ਦੀ ਇਸੇ ਕਟਣ-ਘਾਲਣਾ, ਲੰਮੇਂ ਜੀਵਨ ਸੰਘਰਸ਼ ਤੋਂ ਪਰਾਪਤ ਅਨੁਭਵ ਦੀ ਵਿਸ਼ਾਲਤਾ, ਦੀਰਘਤਾ, ਬਜ਼ੁਰਗੀ ਤੇ ਅਮੀਰੀ ਨੇ ਹੀ ਆਪ ਦੀ ਬਾਣੀ ਨੂੰ ਉੱਚੇ ਕਾਵਿ ਦਾ ਸਰੂਪ ਦਿਤਾ ।

**ਗੁਰੂ ਸਾਹਿਬ ਦੀ ਕਾਵਿ ਸ਼ੈਲੀ :**

ਸਮੁੱਚੇ ਤੌਰ ਤੇ ਵੇਖਿਆਂ ਆਪ ਦੀ ਕਾਵਿ ਸ਼ੈਲੀ ਸੰਖੇਪਤਾ, ਸਾਦਗੀ ਤੇ ਰਸਕਤਾ ਦੇ ਗੁਣਾਂ ਵਾਲੀ ਹੈ । ਵੱਡੇ ਤੋਂ ਵੱਡੇ, ਕਠਿਨ ਤੋਂ ਕਠਿਨ, ਡੂੰਘੇ ਤੇ ਸੂਖਮ ਰਹਿਸਮਈ ਅਨੁਭਵ ਨੂੰ ਆਪ ਅਤਿ ਸਾਦੇ ਜਿਹੇ ਸੁਨਿਸਚਿਤ ਤੇ ਰਸਗੁੱਧੇ ਰੂਪ ਵਿਚ ਕਹਿ ਜਾਂਦੇ ਹਨ । ਆਪ ਦੀ ਰਚਨਾ ਵਿਚ 'ਜੀਵਨ ਸਚ' ਬੜੇ ਸਪੱਸ਼ਟ ਰੂਪ ਵਿਚ ਰੂਪਮਾਨ ਹੋਇਆ ਮਿਲਦਾ ਹੈ । ਭਾਵੇਂ ਪ੍ਰਗਟਾ ਵਿਚ ਕੋਈ ਚੰਚਲਤਾ ਤੇ ਸ਼ੋਖੀ ਨਹੀਂ ਪਰ ਪ੍ਰੇਮ-ਮੁਗਧ ਮਨ ਵਿਚੋਂ ਨਿਕਲੇ ਹੋਏ ਬੋਲ ਬੇਰਸ ਵੀ ਤਾਂ ਨਹੀਂ ਹੋ ਸਕਦੇ ? ਪ੍ਰਗਟਾ ਵਿਚਲੀ ਸੰਜੀਦਗੀ ਤੇ ਸੰਜਮ ਅਨੋਖੀ ਧੂਹ ਭਰੀ ਹੈ ਤੇ ਇਸ ਆਕਰਸ਼ਨ ਦਾ ਇਕ ਆਧਾਰ ਇਸ ਵਿਚਲੀ ਨਿਮਰਤਾ ਤੇ ਮਿਠਾਸ ਹੈ । ਆਪ ਦੀ ਸਿਖਿਆ ਵੀ ਵਿਅਕਤੀ ਨੂੰ ਚੁਭਵੀਂ ਨਹੀਂ ਲਗਦੀ ਕਿਉਂਕਿ ਇਸ ਵਿਚ ਜੀਵਨ-ਤੱਤ ਦਾ ਗਿਆਨ ਬੜੇ ਸੁਹਿਰਦ ਤੇ ਹਮ-ਦਰਦੀ ਭਰੇ ਲਹਿਜੇ ਵਿਚ ਕਰਵਾਇਆ ਗਿਆ ਹੈ ।

**"ਏ ਮਨ ਚੰਚਲਾ, ਚਤੁਰਾਈ ਕਿਨੈ ਨ ਪਾਇਆ**
**ਚਤੁਰਾਈ ਨ ਪਾਇਆ ਕਿਨੈ ਤੂ, ਸੁਣਿ ਮੰਨ ਮੇਰਿਆ ।........**

(ਆਦਿ ਗ੍ਰੰਥ—ਪੰਨਾ 918)

**"ਏ ਮਨ ਪਿਆਰਿਆ ਤੂ ਸਦਾ ਸਚ ਸਮਾਲੇ,**
**ਏਹ ਕੁਟੰਬ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ।"**

(ਆਦਿ ਗ੍ਰੰਥ—ਪੰਨਾ 918)



Digitized by Panjab Digital Library | www.panjabdigilib.org

ਆਪ ਜੀ ਦੀ ਸ਼ੈਲੀ ਵਿਚ ਸਾਹਿਜ ਭਾਵਕਤਾ ਹੈ। ਸੰਤ ਕਵੀਆਂ ਵਾਂਗ ਹੀ ਆਪ ਦੀ ਕਵਿਤਾ ਵੀ "ਸਹਿਜ ਕਾਵਿ" ਦੀ ਵੰਡ ਵਿਚ ਆਉਂਦੀ ਹੈ।[8] ਕਾਵਿ-ਰਚਨਾ ਆਪ ਦਾ ਉਦੇਸ਼ ਨਹੀਂ ਸੀ ਸਗੋਂ ਵਿਗਸਤ ਸ੍ਵੈ ਅਭਿਵਿਅਕਤੀ ਦਾ ਇਕ ਸਾਧਨ ਮਾਤਰ ਸੀ, ਇਹ ਕਾਵਿ ਆਪੇ ਦੇ ਨਿਰਮਲ ਤੇ ਉਦਾਤ ਸ੍ਵਰੂਪ ਦਾ ਸਹਿਜ-ਰੂਪ ਵਿਚ ਉਪਜਿਆ ਸ਼ਾਬਦਿਕ ਰੂਪ ਹੈ ਜੋ ਰਾਗਮਈ, ਦਰਵਤ ਤੇ ਆਨੰਦਮਈ ਅਵਸਥਾ ਦਾ ਪ੍ਰਗਟਾ ਹੋਣ ਕਰਕੇ ਅਤਿ ਉੱਚਾ ਕਾਵਿ ਹੋ ਨਿਬੜਦਾ ਹੈ। ਇਸ ਵਿਚ ਕਲਾ ਦਾ ਪ੍ਰਦਰਸ਼ਨ ਨਹੀਂ ਸਗੋਂ ਬ੍ਰਿਹੋਂ ਕੁੱਠੇ, ਦੀਰਘ ਘਾਲਣਾ, ਵਿਚੋਂ ਲੰਘ ਕੇ ਨਿਰਮਲ ਤੇ ਸ਼ੁੱਧ ਹੋ ਚੁੱਕੇ ਆਪੇ ਦਾ ਨਿਰਛੱਲ ਤੇ ਨਿਸ਼ਕਪਟ ਪ੍ਰਗਟਾ ਹੈ। ਇਸ ਵਿਚ ਕਿਸੇ ਓਪਰੇਪਨ ਜਾਂ ਬਨਾਵਟ ਦੀ ਝਲਕ ਨਹੀਂ ਪੈਂਦੀ। ਇਸ ਵਿਚ ਅਲੰਕਾਰ, ਪ੍ਰਤੀਕ, ਬਿੰਬ, ਆਦਿ ਕਾਵਿ ਸ਼ੈਲੀ ਦੀਆਂ ਯੁਕਤੀਆਂ ਨੂੰ ਸੁਚੇਤ ਰੂਪ ਵਿਚ ਨਹੀਂ ਵਰਤਿਆ ਗਿਆ ਸਗੋਂ ਉਹ ਉਸ ਅਨੁਭਵ ਦਾ ਹੀ ਸਰੂਪ ਹਨ ਜਿਸ ਨੂੰ ਪ੍ਰਗਟਾਣ ਦਾ ਪ੍ਰਯਾਸ ਇਸ ਕਾਵਿ ਵਿਚ ਕੀਤਾ ਗਿਆ ਹੈ। ਭਾਵ-ਸੰਚਾਰ ਦੀ ਭਾਵਨਾ ਦੇ ਨਾਲ ਇਹ ਸਭ ਕੁਝ ਆਪ-ਮੁਹਾਰਾ ਆ ਗਿਆ ਹੈ। ਇਸੇ ਲਈ ਇਸ ਕਾਵਿ ਵਿਚ ਪ੍ਰੇਰਨਾ ਤੇ ਉਤਸ਼ਾਹ ਦੇਣ ਦੀ ਸਮਰਥਾ ਹੈ ਤੇ ਕੇਵਲ ਕਲਾ-ਕੌਸ਼ਲਤਾ ਜਾਂ ਕਲਾ ਪ੍ਰਬੀਨਤਾ ਦੀ ਪਰਦਰਸ਼ਨੀ ਨਹੀਂ। ਇਸ ਵਿਚ ਪ੍ਰਥਮਤਾਭਾਵ ਸੰਚਾਰ ਅਥਵਾ ਸ੍ਵੈ-ਵਿਅਕਤੀ ਨੂੰ ਦਿਤੀ ਗਈ ਹੈ ਕਲਾ ਨੂੰ ਨਹੀਂ। ਕਲਾ ਸੁਹਜ ਤਾਂ ਨਿਰ-ਉਚੇਚ ਰੂਪ ਵਿਚ ਇਸ ਵਿਚ ਪ੍ਰਵੇਸ਼ ਕਰਦਾ ਹੈ।

ਆਪ ਜੀ ਦੇ ਕਾਵਿ ਸਿਧਾਂਤ ਦਾ ਬੁਨਿਆਦੀ ਤੱਤ "ਬਾਣੀ ਗੁਰੂ" ਹੈ।[9] ਪ੍ਰਗਟਾਏ ਜਾਣ ਵਾਲੇ ਅਨੁਭਵ ਤੇ ਨਿਜੀ ਜੀਵਨ ਤੇ ਆਧਾਰਤ ਹੋਣ ਕਰਕੇ ਤੇ ਉਸ ਦੀ ਸਪਸ਼ਟਤਾ ਕਾਰਣ, ਆਪ ਦੀ ਰਚਨਾ ਵਿਚ ਮਜ਼ਮੂਨ ਉਸਾਰੀ ਕਮਾਲ ਦੀ ਹੈ। ਹਰ ਰਚਨਾ ਵਿਚ ਇਕ ਵਿਸ਼ੇ ਨੂੰ ਅਥਵਾ ਵਿਚਾਰ ਦੇ ਇਕ ਪੱਖ ਨੂੰ ਲਿਆ ਹੈ। ਕਾਵਿ ਵਿਸ਼ੇਸ਼ ਨੂੰ ਇਸ ਇਕ ਵਿਸ਼ੇ ਤੇ ਕੇਂਦਰਤ ਕਰਨ ਕਰਕੇ ਹੀ ਆਪਦੇ ਹਰ ਕਾਵਿ ਵਿਚ ਪ੍ਰਭਾਵ ਦੀ ਇਕਾਗਰਤਾ ਹੈ ਅਤੇ ਆਪ ਦੀ ਹਰ ਬਾਣੀ, ਸ਼ਬਦ, ਅਸ਼ਟਪਦੀ, ਸਲੋਕ, ਆਦਿ ਦਾ ਨਿਸ਼ਚਤ ਸਿਰਲੇਖ ਦਿਤਾ ਜਾ ਸਕਦਾ ਹੈ। ਹੋਰ ਕਿਸੇ ਗੁਰੂ ਸਾਹਿਬ ਦੀ ਸਮੁੱਚੀ ਰਚਨਾ ਬਾਰੇ ਸ਼ਾਇਦ ਹੀ ਇੰਝ ਕਿਹਾ ਜਾ ਸਕਦਾ ਹੋਵੇ।[10] ਆਪਣੇ ਆਪੇ ਦੇ ਸਰਲ, ਸਪਸ਼ਟ ਸੰਜਮਮਈ ਤੇ ਯੁਕਤੀ ਪੂਰਬਕ ਬਿਆਨ ਨੇ ਹੀ ਸ਼ਾਇਦ ਡਾ: ਮੋਹਨ ਸਿੰਘ ਨੂੰ ਇਸ ਕਾਵਿ ਵਿਚੋਂ ਵਾਰਤਕ ਨੂੰ ਨਿਖਰਦਿਆਂ ਵਖਾਇਆ ਹੈ।[11] ਇਹ ਕਾਵਿ ਸੱਚ ਦੇ ਢੂੰਡਾਊ, ਮੰਜ਼ਲ ਦੇ ਪਾਂਧੀ ਸ਼ਾਂਤੀ ਤੇ ਟਿਕਾਉ ਦੇ ਕਿਸੇ ਅਭਿਆਗਤ ਦੇ ਅਨੁਭਵਾਂ ਦਾ ਪ੍ਰਗਟਾ ਨਹੀਂ ਸਗੋਂ ਸੱਚ ਨੂੰ ਪ੍ਰਾਪਤ ਮੰਜ਼ਲ ਤੇ ਪੁੱਜ ਚੁਕੇ ਪੂਰਨ ਅਸਥਿਰਤਾ ਵਿਚ ਸ਼ਾਂਤ, ਅਡੋਲਚਿੱਤ ਤੇ ਤ੍ਰਿਪਤ ਤੇ ਸੰਤੁਸ਼ਟ ਆਤਮਾ



Digitized by Panjab Digital Library | www.panjabdigilib.org

ਦੀ ਅਭਿਵਿਅਕਤੀ ਹੈ । ਇਸੇ ਕਰਕੇ ਇਸ ਕਾਵਿ ਵਿਚ ਦ੍ਵੰਦ ਦੀ ਕਿਤੇ ਕੋਈ ਝਲਕ ਨਹੀਂ ਦਿਸਦੀ । ਇਹ ਕਾਵਿ ਇਕਾਗਰ ਤੇ ਸੰਗਠਤ ਆਪੇ ਦਾ ਪ੍ਰਗਟਾ ਹੋਣ ਕਰ ਕੇ ਹੀ ਪ੍ਰਭਾਵਸ਼ਾਲੀ ਤੇ ਅਥਾਹ ਪ੍ਰੇਰਨਾ ਤੇ ਉਤਸ਼ਾਹ ਭਰਪੂਰ ਹੈ ।

**ਰਚਨਾ :**

ਗੁਰੂ ਅਮਰਦਾਸ ਜੀ ਦੀ ਕਾਵਿ-ਰਚਨਾ ਅਕਾਰ ਦੇ ਪੱਖ ਤੋਂ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਗੁਰੂ ਸਾਹਿਬਾਨ ਤੇ ਭਗਤ ਕਵੀਆਂ ਦੀ ਰਚਨਾ ਵਿਚ ਤੀਜੇ ਸਥਾਨ ਤੇ ਆਉਂਦੀ ਹੈ। ਗੁਰੂ ਨਾਨਕ ਤੇ ਗੁਰੂ ਅਰਜਨ ਸਾਹਿਬ ਤੋਂ ਬਾਦ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੀ ਸਭ ਤੋਂ ਵੱਧ ਰਚਨਾ ਹੈ। ਇਸ ਰਚਨਾ ਦਾ ਰਾਗ-ਕ੍ਰਮ ਅਥਵਾ ਕਾਵਿ-ਭੇਦ ਅਨੁਸਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ ।

| | ਰਾਗ | ਪੱਦੇ | ਅਸ਼ਟਪ-ਦੀਆਂ | ਛੰਤ | ਹੋਰ ਬਾਣੀਆਂ | ਸਲੋਕ | ਪਉੜੀਆਂ (ਵਾਰਾਂ ਵਿਚ) |
|---|---|---|---|---|---|---|---|
| 1. | ਸਿਰੀ | 31 | 8 | — | — | 33 | — |
| 2. | ਮਾਝ | — | 32 | — | — | 3 | — |
| 3. | ਗਉੜੀ | 18 | 9 | 5 | — | 7 | — |
| 4. | ਆਸਾ | 13 (ਕਾਫੀ ਸਮੇਤ) | 15 | 2 | ਪੱਟੀ (18 ਪਉੜੀਆਂ) | | |
| 5. | ਗੂਜਰੀ | 7 | 1 | — | — | 44[12] | 22 |
| 6. | ਬਿਹਾਗੜਾ | — | — | — | — | 33 | — |
| 7. | ਵਡਹੰਸ | 9 | 2 | 6 | ਅਲਾਣੀਆਂ (4) | 40 | |
| 8. | ਸੋਰਠ | 12 | 3 | — | — | 48 | — |
| 9. | ਧਨਾਸਰੀ | 9 | — | — | — | — | — |
| 10. | ਸੂਹੀ | — | 4 | 7 | — | 15[13] | 20 |



Digitized by Panjab Digital Library | www.panjabdigilib.org

| | | | | | | | | |
|---|---|---|---|---|---|---|---|---|
| 11. | ਬਿਲਾਵਲ | 6 | ... | 1 | — | [14]ਵਾਰਸਤ (ਦੋ ਸ਼ਬਦ) { ਹਰ ਇਕ ਦੀਆਂ 10 ਪਉੜੀਆਂ ਹਨ } | 24 | — |
| 12. | ਰਾਮਕਲੀ | 1 | ... | 5 | — | ਅਨੰਦ (40 ਪਉੜੀਆਂ)[15] | 24 | 21 |
| 13. | ਮਾਰੂ | 5 | ... | 1 | — | ਸੋਲਹੇ (24) | 15 | 22 |
| 14. | ਭੈਰਉ | 21 | ... | 2 | — | — | — | — |
| 15. | ਬਸੰਤ | 20 | ... | — | — | — | .23 | — |
| 16. | ਸਾਰੰਗ | — | ... | 3 | — | — | 83 | — |
| 17. | ਮਲਾਰ | 13 | ... | 3 | — | — | 27[16] | — |
| 18. | ਪ੍ਰਭਾਤੀ | 7 | ... | 2 | — | — | — | — |
| 19. | ਸਲੋਕ ਵਾਰਾਂ ਤੋ ਵਧੀਕ | — | ... | — | — | — | 68[16]A | — |
| | | | | | | ਲੰਮੀਆਂ ਬਾਣੀਆਂ 4 (82 ਪਉੜੀਆਂ ਸੋਹਲੇ) | | |
| | ਕੁਲ ਜੋੜ : | 172 | ... | 91 | 20 | 24 | 412 | 167 |

**ਕਾਵਿ-ਰੂਪ :**

ਜਿਵੇਂ ਉਪਰੋਕਤ ਵਿਵਰਣ ਤੋਂ ਸਪੱਸ਼ਟ ਹੈ ਕਾਵਿ ਭੇਦ ਅਨੁਸਾਰ ਅਸੀਂ ਇਸ ਸਾਰੀ ਰਚਨਾ ਨੂੰ 6 ਵੰਡੀਆਂ ਵਿਚ ਵੰਡ ਸਕਦੇ ਹਾਂ । (i) ਸ਼ਬਦ ਅਥਵਾ ਪਦੇ ਜਿਨ੍ਹਾਂ ਵਿਚ ਅਸੀਂ ਇਨ੍ਹਾਂ ਦੇ ਦੁਪਦੇ ਤੋਂ ਲੈ ਕੇ ਛੇਪਦੇ ਤਕ ਦੀਆਂ ਰਚਨਾਵਾਂ ਨੂੰ ਸ਼ਾਮਲ ਕਰਦੇ ਹਾਂ। ਇਨ੍ਹਾਂ ਦੀ ਗਿਣਤੀ 172 ਹੈ । (ii) ਅਸਟਪਦੀਆਂ ਵਿਚ ਆਪ ਦੀਆਂ ਅੱਠ ਪਦਿਆਂ ਤੋਂ ਲੈ ਕੇ 34 ਪਦਿਆਂ ਤਕ ਦੀਆਂ ਰਚਨਾਵਾਂ ਹਨ । ਇਹ ਅਸਟਪਦੀਆਂ ਗਿਣਤੀ ਵਿਚ 91 ਹਨ । (iii) ਛੰਤ : ਇਨ੍ਹਾਂ ਵਿਚ ਹੀ ਮਾਰੂ ਰਾਗ ਵਿਚਲੇ ਸੋਹਿਲਿਆਂ ਨੂੰ ਸ਼ਾਮਲ ਕਰ ਲਈਏ ਤਾਂ ਗਿਣਤੀ 44 ਹੋ ਜਾਂਦੀ ਹੈ। (iv) ਵਾਰਾਂ : ਰਾਗ ਗੁਜਰੀ, ਸੂਹੀ, ਰਾਮਕਲੀ ਤੇ ਮਾਰੂ ਵਿਚ ਰਚੀਆਂ ਗਈਆਂ ਆਪਣੀਆਂ 4 ਵਾਰਾਂ ਹਨ । ਇਨ੍ਹਾਂ ਦੀਆਂ ਪਉੜੀਆਂ ਦੀ ਕੁਲ ਸੰਖਿਆ 85 ਹੈ । (v) ਸਲੋਕ : ਸਲੋਕ ਗੁਰੂ ਅਮਰਦਾਸ ਜੀ ਦੀਆਂ ਆਪਣੀਆਂ ਤੇ ਹੋਰ ਗੁਰੂ ਸਾਹਿਬਾਂ ਦੀਆਂ ਵਾਰਾਂ ਦੀਆਂ



Digitized by Panjab Digital Library | www.panjabdigilib.org

ਪਉੜੀਆਂ ਤੋਂ ਪਹਿਲਾਂ ਹਨ । "ਸਲੋਕ ਵਾਰਾਂ ਤੋਂ ਵਧੀਕ" ਸਿਰਲੇਖ ਹੇਠ ਆਉਂਦੇ ਆਪਦੇ 67 ਸਲੋਕਾਂ ਨੂੰ ਰਲਾ ਕੇ ਆਪ ਦੇ ਰਚੇ ਕੁਲ ਸਲੋਕ 412 [16]B ਬਣਦੇ ਹਨ ।

(lvi) ਵਖ ਵਖ ਰਾਗਾਂ ਵਿਚ ਰਚੀਆਂ ਗਈਆਂ ਲੰਮੀਆਂ ਬਾਣੀਆਂ ਵਿਚ ਅਸੀਂ ਆਸਾ ਰਾਗ ਵਿਚ ਆਪ ਦੀ 'ਪੱਟੀ', ਵਡਹੰਸ ਰਾਗ ਵਿਚ 'ਅਲਾਹਣੀਆਂ', ਬਿਲਾਵਲ ਰਾਗ ਵਿਚ 'ਸਤਵਾਰ' ਤੇ ਰਾਗ ਰਾਮਕਲੀ ਵਿਚ 'ਆਨੰਦ' ਨੂੰ ਸ਼ਾਮਲ ਕਰਦੇ ਹਾਂ ।

ਗੁਰੂ ਸਾਹਿਬ ਵਲੋਂ ਵਰਤੇ ਗਏ ਇਹ ਸਾਰੇ ਕਾਵਿ ਭੇਦ ਗੁਰੂ ਸਾਹਿਬ ਦੇ ਸਮਕਾਲੀ ਸਮੇਂ ਦੇ ਲੋਕ-ਪ੍ਰਿਯ ਕਾਵਿ-ਭੇਦ ਸਨ ਅਤੇ ਪੂਰਵ ਵਰਤੀ ਭਗਤ ਕਵੀਆਂ ਅਥਵਾ ਗੁਰੂ ਨਾਨਕ ਸਾਹਿਬ ਵਲੋਂ ਲੋਕਾਂ ਨਾਲ ਇਕ ਭਾਵਕ ਸਾਂਝ ਪਾ ਕੇ ਆਪਣੀ ਗੱਲ ਕਹਿਣ ਲਈ ਸਾਧਨ ਦੇ ਰੂਪ ਵਿਚ ਵਰਤੇ ਗਏ ਸਨ। ਗੁਰੂ ਅਮਰਦਾਸ ਜੀ ਨੇ ਵੀ ਇਨ੍ਹਾਂ ਨੂੰ ਇਸੇ ਉਦੇਸ਼ ਨਾਲ ਵਰਤਿਆ। ਇਨ੍ਹਾਂ ਕਾਵਿ ਭੇਦਾਂ ਨਾਲ ਇਕ ਵਿਸ਼ੇਸ਼ ਪ੍ਰਕਾਰ ਦੇ ਭਾਵ ਸਬੰਧਤ ਸਨ ਅਰਥਾਤ ਇਹ ਦੁਨਿਆਵੀ ਸ੍ਰਿਸ਼ਟਾਚਾਰ ਦੇ ਕਰਮਕਾਂਡ ਦਾ ਇਕ ਅੰਗ ਅਥਵਾ ਪ੍ਰਤੀਕ ਬਣ ਚੁੱਕੇ ਸਨ । ਗੁਰੂ ਸਾਹਿਬ ਨੇ ਇਨ੍ਹਾਂ ਅਨੁਸਾਰ ਸੰਬੰਧਤ ਕਰਮਕਾਂਡ ਦੀ ਅਸਾਰਥਕਤਾ ਤੇ ਅਣਉਚਿੱਤਤਾ ਨੂੰ ਉਘਾੜਿਆ ਹੈ । ਜਿਵੇਂ ਬਿਲਾਵਲ ਰਾਗ ਵਿਚ ਲੀ ਆਪਣੀ ਰਚਨਾ 'ਸਤਵਾਰ' ਵਿਚ ਆਪ ਨੇ ਥਿਤਾਂ ਵਾਰਾਂ ਦੇ ਭਰਮਾਂ ਵਿਚੋਂ ਲੋਕਾਂ ਨੂੰ ਕੱਢਣ ਦਾ ਉਦੇਸ਼ ਮੁਖ ਰਖਿਆ ਹੈ। ਇਹ ਸਭ ਭਰਮ ਫੋਕਟ ਹਨ । ਇਸ ਬਾਰੇ ਗੁਰੂ ਸਾਹਿਬ ਦਾ ਨਿਰਣਾ ਇਨ੍ਹਾਂ ਦੂਹਾਂ ਸ਼ਬਦਾਂ ਦੀਆਂ ਅੰਤਲੀਆਂ ਪਉੜੀਆਂ ਪੱਦਿਆਂ ਵਿਚ ਹੈ ।

"ਪੰਦ੍ਰਹ ਥਿਤੀ ਤੈ ਸਤ ਵਾਰ ।
ਮਾਹਾ ਰੁਤੀ ਆਵਹਿ ਵਾਰ ਵਾਰ ।
ਦਿਨਸੁ ਰੈਣਿ ਤਿਵੈ ਸੰਸਾਰੁ ।

ਆਵਾਗਉਣ ਕੀਆ ਕਰਤਾਰਿ ।
ਨਿਹਚਲੁ ਸਾਚੁ ਰਹਿਆ ਕਲ ਧਾਰਿ ।
ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ । "੧੦੧੨"

(ਆਦਿ ਗ੍ਰੰਥ, ਪੰਨਾ 842)

"ਆਪੇ" ਪੂਰਾ ਕਰੇ ਸੋ ਹੋਇ ।
ਏਹਿ ਥਿਤੀ ਵਾਰ ਦੂਜਾ ਦੋਇ ।
ਸਤਿਗੁਰ ਬਾਝਹੁ ਅੰਧੁ ਗਬਾਰੁ ।
ਥਿਤੀ ਵਾਰ ਸੇਵਹਿ ਮੁਗਧ ਗਵਾਰ ।
ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ।
ਇਕਤੁ ਨਾਮਿ ਸਦਾ ਰਹਿਆ ਸਮਾਇ ॥ "੧੦।੧੨"

(ਆਦਿ ਗ੍ਰੰਥ, ਪੰਨਾ 843)



Digitized by Panjab Digital Library | www.panjabdigilib.org

ਇਸੇ ਰਚਨਾ ਦਾ ਪੂਰਿਕ ਆਪ ਦਾ ਇਕ ਸਲੋਕ ਸਾਰੰਗ ਰਾਗ ਦੀ ਵਾਰ ਮਹਲਾ ੪ ਦੀ 21ਵੀਂ ਪਉੜੀ ਤੋਂ ਪਹਿਲਾਂ ਆਉਂਦਾ ਦੂਜਾ ਸਲੋਕ ਹੈ ।[17] ਇਸ ਵਿਚ ਗੁਰੂ ਜੀ ਨੇ ਨਉਮੀ, ਦਸਮੀਂ, ਇਕਾਦਸੀ ਦੇ ਤੇ ਦੁਆਦਸੀ ਚਹੁੰ ਥਿੱਤਾਂ ਦਾ ਜ਼ਿਕਰ ਕਰ ਸਾਤਵਕ ਰੂਪ ਵਿਚ ਇਨ੍ਹਾਂ ਨੂੰ ਮਨਾਉਣ ਲਈ ਕਿਹਾ ਹੈ । ਇਸੇ ਤਰ੍ਹਾਂ ਆਸਾ ਰਾਗ ਦੀ 'ਪੱਟੀ'[18] ਵਿਚ ਆਪ ਨੇ ਅਮਲਹੀਨ ਸਿਖਿਆ ਦੀ ਨਿਖੇਧੀ ਕੀਤੀ ਹੈ ਤੇ ਇਸ ਬਾਣੀ ਦੇ 'ਰਹਾਉ' ਵਾਲੇ ਪਦੇ ਵਿਚ ਕਿਹਾ ਹੈ :

"ਮਨ ਐਸਾ ਲੇਖਾ ਤੂੰ ਕੀ ਪੜ੍ਹਿਆ ।
ਲੇਖਾ ਦੇਣਾ ਤੇਰੈ ਸਿਰਿ ਰਹਿਆ ॥੧॥ ਰਹਾਉ ॥ "

(ਆਦਿ ਗ੍ਰੰਥ, ਪੰਨਾ 434)

'ਛੰਤ' ਅਥਵਾ 'ਛੰਦ' ਹੁਲਾਸ ਤੇ ਖੁਸ਼ੀ ਦੇ ਭਾਵਾਂ ਨੂੰ ਪ੍ਰਗਟਾਉਂਦਾ ਕਾਵਿ ਰੂਪ ਹੈ । ਗੁਰੂ ਅਮਰਦਾਸ ਜੀ ਨੇ ਵੱਖ ਵੱਖ ਰਾਗਾਂ ਵਿਚਲੇ ਆਪਣੇ 20 ਛੰਤਾਂ ਵਿਚ ਜੀਵ ਦੇ ਪਰਮਾਤਮਾ ਨਾਲ ਮਿਲਾਪ ਦੇ ਆਨੰਦਮਈ ਭਾਵਾਂ ਨੂੰ ਪ੍ਰਗਟਾਇਆ ਹੈ । 'ਛੰਤ' ਦੇ ਵਿਪ੍ਰੀਤ 'ਅਲਾਹਣੀਆਂ' ਪੰਜਾਬ ਦੇ ਲੋਕ ਕਾਵਿ ਦਾ ਸੋਗ ਦੇ ਭਾਵਾਂ ਦਾ ਉਲੇਖ ਕਰਦਾ ਕਾਵਿ-ਰੂਪ ਹੈ । ਮਿਰਤਕ ਸਰੀਰ ਦੁਆਲੇ ਬੈਠ ਕੇ ਜਾਂ ਉਸਦੇ ਮਰਨ ਉਪਰੰਤ ਉਂਝ ਮਿਰਤਕ ਦੇ ਵਿਛੋੜੇ ਵਿਚ ਰੁਦਨ ਕਰਦੀਆਂ ਇਸਤਰੀਆਂ 'ਅਲਾਹੁਣੀਆਂ' ਰਾਹੀਂ ਵਿਛੜੇ ਪ੍ਰਾਣੀ ਦੇ ਗੁਣਾਂ ਦਾ ਸਮਰਨ ਕਰ ਉਸਦੇ ਵਿਛੋੜੇ ਦੇ ਦੁਖ ਨੂੰ ਰੋਂਦੀਆਂ ਅਥਵਾ ਉਸ ਲਈ ਵਿਰਲਾਪ ਕਰਦੀਆਂ ਹਨ । ਗੁਰੂ ਅਮਰਦਾਸ ਜੀ ਨੇ ਵੀ ਅਲਾਹੁਣੀਆਂ ਵਿਚ ਪਤੀ ਪਰਮੇਸ਼ਰ ਦੇ ਗੁਣਾਂ ਦਾ ਚੇਤਾ ਕਰ ਉਸ ਤੋਂ ਵਿਛੜੀ ਜੀਵ ਰੂਪੀ ਪਤਨੀ ਦੇ ਦੁਖਾਂ ਦੀ ਬੜੀ ਹਿਰਦੇਵੇਦਕ ਤਸਵੀਰ ਵਡਹੰਸ ਰਾਗ ਦੀਆਂ ਆਪਣੀਆਂ 4 ਅਲਾਹਣੀਆਂ[19] ਵਿਚ ਪੇਸ਼ ਕੀਤੀ ਹੈ ।

**ਵਿਛੜੀ ਦੀ ਅਵਸਥਾ :**

"ਇਕ ਹੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰ ਨਾਲੇ"
"ਅਵਗਣਵੰਤੀ ਪਿਰੁ ਨ ਜਾਣਹੀ ਮੁਠੀ ਰੋਵੈ ਕੰਤ ਵਿਸਾਰਿ ।"

(ਆਦਿ ਗ੍ਰੰਥ, ਪੰਨਾ 583)



Digitized by Panjab Digital Library | www.panjabdigilib.org

**ਕੰਤ ਦੇ ਗੁਣ :**

> "ਪ੍ਰਭੁ ਸਚੜਾ ਹਰਿ ਸਾਲਾਹੀਐ ਕਾਰਜ ਸਭੁ ਕਿਛੁ ਕਰਣੈ ਜੋਗ"
> "ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ।"
> "ਪ੍ਰਭੂ ਮੇਰਾ ਸਾਹਿਬੁ ਸਭਦੂ ਊਚਾ ਹੈ ਕਿਵ ਮਿਲਾਂ ਪ੍ਰੀਤਮ ਪਿਆਰੇ"
> (ਆਦਿ ਗ੍ਰੰਥ, ਪੰਨਾ 582—584)

ਸਲੋਕਾਂ ਵਿਚ ਜੀਵਨ ਸੱਚ ਨੂੰ ਸਾਰੰਸ਼ ਰੂਪ ਵਿਚ ਪੇਸ਼ ਕੀਤਾ ਹੈ। ਇਨ੍ਹਾਂ ਸਲੋਕਾਂ ਵਿਚ ਸੰਜਮਮਈ ਪ੍ਰਗਟਾ ਸਦਕਾ ਬੜਾ ਸੰਘਣਾਪਨ ਹੈ। ਜੀਵਨ ਦੇ ਨਿਚੋੜ ਦਿਤੇ ਹਨ। ਵਾਰਾਂ ਵਿਚ ਕਾਰਜਸ਼ੀਲਤਾ ਲਈ ਪ੍ਰੇਰਨਾ ਹੁੰਦੀ ਹੈ। ਗੁਰੂ ਅਮਰਦਾਸ ਜੀ ਨੇ ਆਪਣੀਆਂ ਚਹੁੰਆਂ ਵਾਰਾਂ ਵਿਚ ਸ੍ਰਿਸ਼ਟੀ ਰਚਨਾ ਦੇ ਸਿਧਾਂਤ ਨੂੰ ਸਮਝਾ ਕੇ ਮਨੁੱਖ ਨੂੰ ਜੀਵਨ ਦੇ ਮੂਲ ਉਦੇਸ਼ ਲਈ ਨਿਰੰਤਰ ਰੂਪ ਵਿਚ ਯਤਨਸ਼ੀਲ ਰਹਿਣ ਲਈ ਪ੍ਰੇਰਿਆ ਹੈ।

ਆਕਾਰ ਤੇ ਬਣਤਰ ਦੇ ਪੱਖ ਤੋਂ ਗੁਰੂ ਸਾਹਿਬ ਨੇ ਇਨ੍ਹਾਂ ਕਾਵਿ ਭੇਦਾਂ ਵਿਚ ਵਿਵਧਤਾ ਵਖਾਈ ਹੈ। ਆਪ ਜੀ ਦੇ ਪਦਿਆਂ/ਸ਼ਬਦਾਂ ਅਥਵਾ ਅਸ਼ਟਪਦੀਆਂ ਵਿਚ ਪੱਦਿਆਂ ਦਾ ਆਕਾਰ ਇਕ ਤੁੱਕ ਤੋਂ ਲੈ ਕੇ ਚਹੁੰ ਤੁੱਕਾਂ ਤਕ ਦਾ ਹੈ।[20] ਇਸੇ ਤਰ੍ਹਾਂ ਵਾਰਾਂ ਵਿਚ ਪਉੜੀਆਂ ਦੀ ਗਿਣਤੀ ਦੀ ਭਿੰਨਤਾ ਹੈ। ਰਾਗ ਗੂਜਰੀ, ਰਾਗ ਸੂਹੀ, ਰਾਗ ਰਾਮਕਲੀ ਤੇ ਰਾਗ ਮਾਰੂ ਦੀਆਂ ਵਾਰਾਂ ਵਿਚ ਕਰਮਵਾਰ 22, 20, 21 ਤੇ 22 ਪਉੜਆਂ ਹਨ।[20] ਇਨ੍ਹਾਂ ਵਾਰਾਂ ਵਿਚੋਂ ਰਾਗ ਗੂਜਰੀ ਦੀ ਵਾਰ ਵਿਚ ਪਉੜੀਆਂ ਤੋਂ ਪਹਿਲਾਂ ਆਉਂਦੇ ਸਾਰੇ ਸਲੋਕ ਵੀ ਗੁਰੂ ਅਮਰਦਾਸ ਜੀ ਦੇ ਹਨ। ਬਾਕੀ ਵਾਰਾਂ ਵਿਚ ਹੋਰ ਗੁਰੂ ਸਾਹਿਬਾਂ ਦੇ ਵੀ ਸਲੋਕ ਹਨ। ਪਉੜੀਆਂ ਤੇ ਸਲੋਕਾਂ ਦੇ ਆਕਾਰ ਦੀ ਵੀ ਭਿੰਨਤਾ ਹੈ।

> "ਲਾਹੌਰ ਸਹਰੁ ਅੰਮ੍ਰਿਤਸਰ ਸਿਫਤੀ ਦਾ ਘਰੁ।"
> (ਆਦਿ ਗ੍ਰੰਥ, ਪੰਨਾ 1412)

ਤੇ ਬਾਰਾਂ[22] ਤੁਕਾਂ ਦੇ ਵੀ, ਯਾਰਾਂ ਤੁਕਾਂ ਵਾਲੇ ਇਕ ਸਲੋਕ ਦੀ ਉਦਾਹਰਣ:

> "ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ।
> ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ।
> ਜਿਸ ਸਤਿਗੁਰ ਮਿਲੈ ਤਿਸ ਭਾਉ ਪਵੈ ਸਾ ਕੁਲਵੰਤੀ ਨਾਰਿ।
> ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ।
> ਓਹ ਕਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ।
> ਭੈ ਪਇਐ ਮਲ ਕਟੀਐ ਨਿਰਮਲ ਹੋਵੈ ਸਰੀਰ।
> ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ।



Digitized by Panjab Digital Library | www.panjabdigilib.org

"ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ ।
ਐਥੈ ਸੁਖੁ ਵਡਿਆਈਆਂ ਦਰਗਹ ਮੋਖ ਦੁਆਰ ।
ਭੈ ਤੇ ਨਿਰਭਉ ਪਾਈ ਮਿਲਿਐ ਜੋਤੀ ਜੋਤਿ ਅਪਾਰ ।
ਨਾਨਕ ਖਸਮੈ ਭਾਵੈ ਸਾ ਭਲੀ ਜਿਸਨੋ ਆਪੇ ਬਖ਼ਸੇ ਕਰਤਾਰ ।"
(ਆਦਿ ਗ੍ਰੰਥ, ਪੰਨਾ 516)

ਸਲੋਕ ਵਾਰਾਂ ਤੋਂ 'ਵਧੀਕ' ਵਿਚ ਗੁਰੂ ਅਮਰਦਾਸ ਜੀ ਦਾ 51 ਵਾਂ ਸਲੋਕ 12 ਤੁਕਾਂ ਦਾ ਹੈ । ਵਧੇਰੇ ਸਲੋਕ ਦੋ ਤੋਂ ਚਾਰ ਤੁਕਾਂ ਤਕ ਦੇ ਹਨ ।

ਗੁਰੂ ਅਮਰਦਾਸ ਜੀ ਦੇ ਵਰਤੇ ਇਨ੍ਹਾਂ ਕਾਵਿ-ਰੂਪਾਂ ਤੋਂ ਕਈ ਇਤਿਹਾਸਕ ਮਹਾਨਤਾ ਵਾਲੇ ਤੱਥਾਂ ਦਾ ਗਿਆਨ ਹੁੰਦਾ ਹੈ। ਜਿਵੇਂ ਗੁਰੂ ਸਾਹਿਬ ਦੀ ਰਾਗ ਆਸਾ ਵਿਚਲੀ ਪੱਟੀ ਆਕਾਰ ਤੇ ਅੱਖਰਾਂ ਦੀ ਗਿਣਤੀ ਤੇ ਤਰਤੀਬ ਵਜੋਂ ਗੁਰੂ ਨਾਨਕ ਸਾਹਿਬ ਦੇ ਇਸੇ ਰਾਗ ਵਿਚਲੀ[23] ਰਚਨਾ ਨਾਲੋਂ ਵਖਰੀ ਹੈ ਅਤੇ ਪ੍ਰੋ. ਪ੍ਰੀਤਮ ਸਿਘ ਅਨੁਸਾਰ ਇਸ ਵਿਚ ਆਉਂਦਾ ਹੈ। "ਸਿਧੰ ਙਾਇਐ"[24] ਦਾ ਸ਼ਬਦ ਉਸ ਵੇਲੇ ਦੀ ਲੋਕ ਪ੍ਰਚਲਤ ਲਿਪੀ ਵੱਲ ਸੰਕੇਤ ਕਰਦਾ ਹੈ ਰੂ ਜੋ ਅੱਜ ਦੀ ਗੁਰਮੁੱਖੀ ਲਿਪੀ ਦਾ ਪਹਿਲਾ ਰੂਪ ਸੀ ਅਥਵਾ ਜਿਸ ਨੂੰ ਸੁਧਾਰ ਕੇ ਗਕ ਨਾਨਕ ਸਾਹਿਬ ਨੇ ਗਰਮੁੱਖੀ ਨੂੰ ਹੁਣ ਵਾਲਾ ਸਰੂਪ ਦਿੱਤਾ। ਇਸ ਵਿਚ ਗੁਰੂ ਨਾਨ ਸਾਹਿਬ ਵਾਲੀ ਪੱਟੀ ਅਥਵਾ ਅੱਜ ਵਾਲੀ ਗੁਰਮੁਖੀ ਲਿਪੀ ਦੇ ਹੇਠ ਲਿਖੇ ਦਸ ਅਖਰਾਂ ਦੀ ਪਦ-ਰਚਨਾ ਲਈ ਵਰਤੋਂ ਨਹੀਂ ਕੀਤੀ ਗਈ ।

**ਚ, ਞ, ਟ, ਠ, ਡ, ਢ, ਣ, ਫ, ਯ, ਤੇ ੜ ।**

ਸ਼ਾਇਦ ਇਨ੍ਹਾਂ ਅੱਖਰਾਂ ਦੀ "ਸਿਧੰ ਙਾਇਆ' ਲਿਪੀ ਵਿਚ ਅਣਹੋਂਦ ਹੋਵੇ ।

ਇੰਝ ਹੀ ਬਿਲਾਵਲ ਰਾਗ ਦੇ "ਸਤਵਾਰ"[25] ਵਿਚ ਸਿਵਾਏ ਐਤਵਾਰ ਦੇ ਬਾਕੀ ਵਰਤੇ ਗਏ ਦਿਨਾਂ ਦੇ ਨਾਂ ਅਜ ਵਾਲੇ ਹੀ ਹਨ ਜੋ ਇਨ੍ਹਾਂ ਵਾਰਾਂ ਦੇ ਨਾਵਾਂ ਦੀ ਪ੍ਰਾਚੀਨਤਾ ਦੇ ਲਖਾਇਕ ਹਨ । ਐਤਵਾਰ ਲਈ ਇਸ ਰਚਨਾ ਵਿਚ ਵਰਤਿਆ ਗਿਆ ਸ਼ਬਦ 'ਆਦਿਤਵਾਰ' ਹੈ। ਰਾਗ ਗਉੜੀ ਵਿਚ ਕਬੀਰ ਜੀ ਨੇ ਵੀ ਆਪਣੇ 'ਸਤਵਾਰ' ਵਿਚ ਆਦਿਤਵਾਰ' ਹੀ ਵਰਤਿਆ ਹੈ ।

**ਛੰਦ-ਪ੍ਰਬੰਧ :**

ਗੁਰੂ ਅਮਰਦਾਸ ਜੀ ਨੇ ਇਨ੍ਹਾਂ ਕਾਵਿ-ਰੂਪਾਂ ਵਾਂਗੂੰ ਹੀ ਆਪਣੇ ਕਾਵਿ ਲਈ ਵਧੇਰੇ ਲੋਕ-ਪ੍ਰਿਯ ਛੰਦਾਂ ਦੀ ਹੀ ਵਰਤੋਂ ਕੀਤੀ ਹੈ। ਇਨ੍ਹਾਂ ਵਿਚੋਂ ਮੁਖ ਦੋਹਿਰਾ,[26] ਚੌਪਈ,[27] ਦਵਈਆ,[28] ਨਿਸ਼ਾਨੀ ਆਦਿ ਹਨ। ਗੁਰੂ ਦੇ ਬਹੁਤੇ ਸਲੋਕਾਂ ਵਿਚ ਦੋਹਿਰੇ ਛੰਦ ਦੀ ਹੀ ਵਰਤੋਂ ਹੈ :



Digitized by Panjab Digital Library | www.panjabdigilib.org

ਉਦਾਹਰਣ :

"ਦੂਜੈ ਲਗਾ ਬਿਨੁ ਸੇਵਿਐ ਹੁਕਮ ਮੰਨੇ ਦੁਖੁ ਜਾਇ ।
ਆਪੇ ਦਾਤਾ ਸੁਖੈ ਦਾ ਆਪੇ ਦੇਇ ਸਜਾਇ ।
ਨਾਨਕ ਏਵੈ ਜਾਣੀਐ ਸਭੁ ਕਿਛੁ ਤਿਸੈ ਰਜਾਇ ।"

(ਆਦਿ ਗ੍ਰੰਥ, ਪੰਨਾ 1091)

ਗਉੜੀ ਰਾਗ ਦੇ ਪਦਿਆਂ ਵਿਚੋਂ ਚੌਪਈ ਦੀ ਉਦਾਹਰਣ ਵੇਖੋ :

"ਮਨ ਮਾਰੇ ਧਾਤ ਮਰਿ ਜਾਇ ।
ਬਿਨ ਮੂਏ ਕੈਸੇ ਹਰਿ ਪਾਇ ।
ਮਨ ਮਰੈ ਦਾਰੂ ਜਾਣੈ ਕੋਇ ।
ਮਨ ਸਬਦਿ ਮਰੈ ਬੂਝੈ ਜਨ ਸੋਇ ।"

(ਆਦਿ ਗ੍ਰੰਥ, ਪੰਨਾ 159)

ਰਾਗ ਮਲਾਰ ਵਿਚ ਗੁਰੂ ਅਮਰਦਾਸ ਜੀ ਦੀ ਤੀਜੀ ਅਸ਼ਟਪਦੀ ਵਿਚ ਚੌਪਈ ਦੀ ਵਰਤੋਂ ਆਦਰਸ਼ਕ ਰੂਪ ਵਿਚ ਕੀਤੀ ਗਈ ਹੈ (ਪੰਨਾ 1277—78) ਵਾਰਾਂ ਦੀਆਂ ਪਉੜੀਆਂ ਵਿਚ ਵਧੇਰੇ ਕਰਕੇ ਨਿਸ਼ਾਨੀ ਅਥਵਾ ਉਪਮਾਨ ਛੰਦ ਦੀ ਵਰਤੋਂ ਹੈ । ਰਾਗ ਸੂਹੀ ਵਿਚ ਗੁਰੂ ਸਾਹਿਬ ਦੀ ਵਾਰ ਵਿਚ ਇਕ ਨਮੂਨਾ ਵੇਖੋ :

"ਆਪੇ ਆਪਿ ਉਪਾਇਅਨੁ ਆਪਿ ਕੀਮਤਿ ਪਾਈ ।
ਤਿਸ ਦਾ ਅੰਤ ਨ ਜਾਪਈ ਗੁਰ ਸਬਦਿ ਬੁਝਾਈ ।
ਮਾਇਆ ਮੋਹ ਗਬਾਰ ਹੈ ਦੂਜੈ ਭਰਮਾਈ ।
ਮਨਮੁਖ ਠਉਰ ਨ ਪਾਇਨੀ ਫਿਰਿ ਆਵੈ ਜਾਈ ।
ਜੋ ਤਿਸ ਭਾਵੈ ਸੋ ਥੀਐ ਸਭ ਚਲੈ ਰਜਾਈ ।"

(ਆਦਿ ਗ੍ਰੰਥ, ਪੰਨਾ 786)

ਗੁਰੂ ਸਾਹਿਬ ਦੇ ਛੰਦ-ਪ੍ਰਬੰਧ ਬਾਰੇ ਧਿਆਨ ਰੱਖਣ ਯੋਗ ਇਕ ਗੱਲ ਇਹ ਹੈ ਕਿ ਆਪ ਨੇ ਵੀ ਮੱਧ ਕਾਲੀਨ ਸੰਤ, ਭਗਤ, ਤੇ ਗੁਰੂ ਕਵੀਆਂ ਵਾਂਗੂ ਛੰਦਾਂ ਦੀ ਵਰਤੋਂ ਉਨ੍ਹਾਂ ਦੇ ਕਲਾਸੀਕਲ ਅਥਵਾ ਪ੍ਰਮਾਣਿਕ ਰੂਪ ਵਿਚ ਨਹੀਂ ਕੀਤੀ, ਸਗੋਂ ਇਨ੍ਹਾਂ ਨੂੰ ਰਾਗਾਂ ਦੇ ਅਧੀਨ ਕਰਕੇ ਵਰਤਿਆ ਹੈ । ਇਸ ਲਈ ਇਨ੍ਹਾਂ ਦਾ ਕਾਵਿ-ਪਿੰਗਲ ਦੀ ਮਕੈਨਕੀ ਬੰਦਸ਼ ਨੂੰ ਨਹੀਂ ਕਬੂਲਦਾ । ਇਸ ਵਿਚ ਖੁਲ੍ਹਾਂ ਲਈਆਂ ਗਈਆਂ ਹਨ । ਇਨ੍ਹਾਂ ਖੁਲ੍ਹਾਂ ਦਾ ਇਕ ਕਾਰਣ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਅਨੁਸਾਰ ਇਨ੍ਹਾਂ ਦਾ ਲੋਕ



Digitized by Panjab Digital Library | www.panjabdigilib.org

ਕਾਵਿ ਦੇ ਨਿਕਟ ਹੋਣਾ ਹੈ।" ਗੁਰੂ ਨਾਨਕ ਬਾਣੀ ਦਾ ਛੰਦ-ਪ੍ਰਬੰਧ ਬਾਰੇ ਵਿਚਾਰ ਕਰਦਿਆਂ ਸਮੁੱਚੀ ਗੁਰਬਾਣੀ ਦੀ ਛੰਦ ਯੋਜਨਾਂ ਬਾਰੇ ਉਨ੍ਹਾਂ ਦਾ ਮਤਿ ਹੈ :

"ਗੁਰਬਾਣੀ ਉਸੇ ਪ੍ਰਮਾਣਿਕ ਛੰਦ ਪ੍ਰਬੰਧ ਦੇ ਅਨੁਸਾਰ ਰਚੀ ਹੋਈ ਹੈ ਜਿਸ ਅਨੁਸਾਰ ਇਸ ਤੋਂ ਕੋਈ ਪੁਰਾਣੀ ਰਚਨਾ ਜਾਂ ਪਿਛਲੇਰੀ ਕਵਿਤਾ, ਜੇ ਕੁਝ ਭੇਦ ਹੈ ਤਾਂ ਉਹਨਾਂ ਖੁਲ੍ਹਾਂ ਵਿਚ ਜੋ ਛੰਦ-ਪ੍ਰਬੰਧ ਵਿਚ ਰਹਿੰਦੇ ਹੋਏ ਗੁਰਬਾਣੀ ਦੇ ਰਚਤਾ ਮਾਣਦੇ ਹਨ। ਇਕ ਹਦ ਤਕ ਇਹ ਖੁਲ੍ਹਾਂ ਅਸਾਡੇ ਲੋਕ-ਗੀਤਾਂ ਦੇ ਸੁਭਾਵ ਅਨੁਸਾਰ ਹਨ ਤੇ ਇਹ ਗੱਲ ਨਿਸਚਿਤ ਪ੍ਰਤੀਤ ਹੁੰਦੀ ਹੈ ਕਿ ਗੁਰਬਾਣੀ ਦੀਆਂ ਛੰਦਬੰਦੀ ਦੀਆਂ ਖੁਲ੍ਹਾਂ ਲੋਕ ਗੀਤਾਂ ਦੀਆਂ ਖੁਲ੍ਹਾਂ ਹੀ ਹਨ।.........ਛੰਦ ਦੇ ਬੰਧਨਾਂ ਦੀ ਇਸ ਨਰਮੀ ਦਾ ਫਲ ਗੁਰਬਾਣੀ ਦੇ ਸੰਗੀਤਕ ਗੁਣਾਂ ਉਤੇ ਬਹੁਤ ਲਾਭਵੰਦਾ ਹੋਇਆ ਹੈ ਅਤੇ ਇਸ ਦੀ ਰਸਿਕਤਾ ਨਿਸਚੈ ਵਧ ਗਈ ਹੈ।"

(ਪੰਜਾਬੀ ਕਾਵਿ ਸ਼ਿਰੋਮਣੀ—ਪੰਨਾ 65-66)

ਪਰ ਇਸ ਦਾ ਇਹ ਭਾਵ ਹਰਗਿਜ਼ ਨਹੀਂ ਕਿ ਗੁਰੂ ਅਮਰਦਾਸ ਜਾਂ ਹੋਰ ਗੁਰੂ ਕਵੀ ਕਿਸੇ ਰੂਪ ਵਿਚ ਇਨ੍ਹਾਂ ਛੰਦਾਂ ਦੇ ਪ੍ਰਮਾਣਿਕ ਰੂਪ ਅਥਵਾ ਇਨ੍ਹਾਂ ਦੀਆਂ ਪਿੰਗਲ ਵਾਲੀਆਂ ਪਾਬੰਧੀਆਂ ਤੋਂ ਬੇਖਬਰ ਸਨ। ਭਾਵੇਂ ਇਹ ਗੁਰੂ-ਭਗਤ ਕਵੀ ਸੰਤ, ਅਧਿਆਤਮ-ਗਿਆਨ ਦੇ ਵੇਤਾ ਤੇ ਸੁਧਾਰਵਾਦੀ ਪਹਿਲੋਂ ਸਨ ਤੇ ਕਵੀ ਪਿਛੋਂ ਅਤੇ ਸਿਧਾਂਤਕ ਗਿਆਨ ਉਨ੍ਹਾਂ ਜੀਵਨ ਵਿਚ ਕਾਰਜ ਵਿਚ ਵਿਸ਼ਵਾਸ ਰਖਣ ਵਾਲੇ ਮਹਾਂ ਪੁਰਖਾਂ ਲਈ ਬਹੁਤਾ ਮਹੱਤਵ ਨਹੀਂ ਸੀ ਰੱਖਦਾ। ਫਿਰ ਵੀ ਉਨ੍ਹਾਂ ਨੂੰ ਇਕ ਸਿਧਾਂਤਿਕ ਵਿਵਰਣ ਦਾ ਪੂਰਨ ਗਿਆਨ ਤੇ ਅਧਿਕਾਰ ਜ਼ਰੂਰ ਪ੍ਰਾਪਤ ਹੁੰਦਾ ਹੋਵੇਗਾ। ਇਸ ਤੋਂ ਬਿਨਾਂ ਉਹ ਕਰਮਹੀਣ ਥੋਥੇ ਚੁੰਜ-ਗਿਆਨੀਆਂ ਦੇ ਪੋਲ ਨੂੰ ਲੋਕਾਂ ਵਿਚ ਕਿਵੇਂ ਉਘਾੜ ਸਕਦੇ ਸਨ।

**ਰਾਗ**

ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ 17 ਰਾਗਾਂ ਵਿਚ ਰਚੀ ਹੈ।[30] ਰਾਗ ਬਿਹਾਗੜਾ ਵਿਚ ਆਪ ਜੀ ਦੇ ਕੇਵਲ 33 ਸਲੋਕ ਹਨ। ਜੋ ਗੁਰੂ ਰਾਮਦਾਸ ਦੀ ਵਾਰ ਵਿਚ ਉਨ੍ਹਾਂ ਦੀਆਂ ਪਉੜੀਆਂ ਤੋਂ ਪਹਿਲਾਂ ਆਏ ਹਨ। ਇਸ ਲਈ ਇਸ ਰਾਗ ਨੂੰ ਉਨ੍ਹਾਂ ਵਲੋਂ ਵਰਤੇ ਗਏ ਰਾਗਾਂ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ। ਇਹ ਸਾਰੇ ਰਾਗ ਉਹੀ ਹਨ ਜਿਹੜੀ ਗੁਰੂ ਨਾਨਕ ਸਾਹਿਬ ਨੇ ਵੀ ਆਪਣੇ ਰਚਨਾ ਲਈ ਪ੍ਰਵਾਨੇ ਹਨ। ਉਨ੍ਹਾਂ ਨੇ ਇਨ੍ਹਾਂ ਤੋਂ ਇਲਾਵਾ ਤੁਖਾਰੀ ਤੇ ਤਿਲੰਗ ਕੇਵਲ ਦੋ ਰਾਗ ਹੋਰ ਵਰਤੇ ਹਨ। ਇਹ ਸਾਰੇ ਰਾਗ ਗੁਰੂ ਸਾਹਿਬ ਦੇ ਮੁਕਾਬਲੇ ਪੂਰਬਲੇ ਸਮੇਂ ਵਿਚ ਭਗਤ-ਕਵੀਆਂ ਵਲੋਂ ਵਰਤੇ ਜਾਂਦੇ ਰਹੇ ਹਨ ਤੇ ਲੋਕ-ਪ੍ਰਿਯ ਸਨ।



Digitized by Panjab Digital Library | www.panjabdigilib.org

ਗੁਰੂ ਅਮਰਦਾਸ ਜੀ ਵਲੋਂ ਵਰਤੇ ਗਏ ਰਾਗਾਂ ਵਿਚੋਂ ਚਾਰ (ਸੂਹੀ, ਬਿਲਾਵਲ, ਰਾਮਕਲੀ ਤੇ ਪ੍ਰਭਾਤੀ) ਦਿਨ ਦੇ ਪਹਿਲੇ ਪਹਿਰ; ਇਕ (ਸਾਰੰਗ) ਦਿਨ ਦੇ ਦੂਜੇ ਪਹਿਰ; ਪੰਜ (ਸਿਰੀ, ਮਾਝ, ਗਉੜੀ, ਧਨਾਸਰੀ ਤੇ ਮਾਰੂ) ਦਿਨ ਦੇ ਤੀਜੇ ਪਹਿਰ; ਦੋ (ਗੂਜਰੀ ਤੇ ਵਡਹੰਸ) ਦਿਨ ਦੇ ਚੌਥੇ ਪਹਿਰ ਦੇ ਗਾਏ ਜਾਣ ਵਾਲੇ ਹਨ। ਆਸਾ ਤੇ ਭੈਰਉ ਦੋ ਰਾਗ ਅੰਮ੍ਰਿਤ ਵੇਲੇ ਅਥਵਾ ਰਾਤ ਦੇ ਚੌਥੇ ਪਹਿਰ ਦੇ ਹਨ ਤੇ ਸੋਰਠ ਰਾਤ ਦੇ ਤੀਜੇ ਪਹਿਰ ਗਾਏ ਜਾਣ ਵਾਲਾ। ਰਾਗ ਬਸੰਤ ਤੇ ਮਲਾਰ ਅੱਠੇ ਪਹਿਰ ਗਾਏ ਜਾਣ ਵਾਲੇ ਮੰਨੇ ਜਾਂਦੇ ਹਨ।[31]

ਪੁਰਾਣੇ ਸਮੇਂ ਵਿਚ ਭਾਰਤ ਵਿਚ ਸਾਲ ਨੂੰ ਛੇ ਰੁੱਤਾਂ ਵਿਚ ਵੰਡਿਆ ਜਾਂਦਾ ਸੀ ਤੇ ਸ਼ਾਸਤਰੀ ਰਾਗ ਵਿਦਿਆ ਅਨੁਸਾਰ ਵਭਿੰਨ ਰਾਗ ਵੱਖ ਵੱਖ ਮੌਸਮਾਂ ਲਈ ਨਿਸ਼ਚਿਤ ਸਨ। ਇਸ ਅਨੁਸਾਰ ਗੁਰੂ ਅਮਰਦਾਸ ਜੀ ਵਲੋਂ ਵਰਤੇ ਗਏ ਰਾਗ ਦੀ ਵੰਡ ਹੇਠ ਲਿਖੇ ਅਨੁਸਾਰ ਹੈ।

ਬਸੰਤ (ਚੇਤਰ ਵਿਸਾਖ)—ਸਿਰੀ, ਸੂਹੀ, ਬਿਲਾਵਲ, ਰਾਮਕਲੀ, ਬਸੰਤ, ਪ੍ਰਭਾਤੀ।
ਵਰਸ਼ਾ (ਸਾਵਨ ਭਾਦੋਂ)—ਮਾਝ, ਗੂਜਰੀ, ਸਾਰੰਗ, ਮਲਾਰ।
ਸ਼ਰਦ (ਅਸੂ, ਕੱਤਕ)—ਸੋਰਠ, ਭੈਰਉ।
ਹੇਮੰਤ (ਮੱਘਰ, ਪੋਹ)—ਆਸਾ ਭੈਰਉ।
ਸ਼ਿਸ਼ਿਰ (ਮਾਘ, ਫਗਣ)—ਗਉੜੀ, ਵਡਹੰਸ, ਧਨਾਸਰੀ, ਮਾਰੂ।

ਇਥੇ ਇਕ ਗੱਲ ਧਿਆਨ ਯੋਗ ਇਹ ਹੈ ਕਿ ਗੁਰੂ ਅਮਰਦਾਸ ਜੀ ਨੇ ਗ੍ਰੀਖਮ (ਜੇਠ ਹਾੜ) ਰੁੱਤ ਦਾ ਕੋਈ ਰਾਗ ਨਹੀਂ ਵਰਤਿਆ। (ਕੇਦਾਰਾ, ਕਾਨੜਾ ਤੇ ਜੈਜਾਵੰਤੀ ਇਸ ਰੁਤ ਦੇ ਰਾਗ ਹਨ।)

"ਖਾਲਸ ਟ੍ਰੈਕਟ ਸੁਸਾਇਟੀ" ਵਲੋਂ ਪ੍ਰਕਾਸ਼ਤ ਭਾਈ ਵੀਰ ਸਿੰਘ ਜੀ ਦੇ "ਸ੍ਰੀ ਗੁਰੂ ਗ੍ਰੰਥ-ਕੋਸ਼" ਦੀ ਤੀਜੀ ਜਿਲਦ ਦੇ ਅੰਤ ਤੇ "ਗੁਰਮਤਿ ਸੰਗੀਤ" ਸਬੰਧੀ ਭਾਈ ਸਾਹਿਬ ਦੇ ਪਿਤਾ ਡਾਂ. ਚਰਣ ਸਿੰਘ ਦੇ ਦਿਤੇ ਵਿਵਰਣ ਅਨੁਸਾਰ[32] ਗੁਰੂ ਅਮਰ ਦਾਸ ਜੀ ਵਲੋਂ ਵਰਤੇ ਗਏ ਰਾਗਾਂ ਦਾ ਰਾਗ, ਰਾਗਨੀਆਂ, ਆਦਿ ਵਿਚ ਵਰਗੀਕਰਣ ਇਸ ਪ੍ਰਕਾਰ ਹੈ :

1. **ਸ਼ੁਧ ਰਾਗ : ਸਿਰੀ ਤੇ ਭੈਰਉ**
2. **ਰਾਗਨੀਆਂ**



Digitized by Panjab Digital Library | www.panjabdigilib.org

ਗਉੜੀ (ਸਿਰੀ ਰਾਗ ਦੀ ਪਤਨੀ), ਆਸਾ, ਸੋਰਠ, ਮਲਾਰ ਤੇ ਸੂਹੀ (ਮੇਘ ਰਾਗ ਦੀਆਂ ਪਤਨੀਆਂ ਹਨ), ਗੂਜਰੀ (ਰਾਗ ਦੀਪਕ ਦੀ ਪਤਨੀ) ਅਤੇ ਧਨਾਸਰੀ (ਰਾਗ ਮਾਲਕੌਂਸ ਦੀ ਪਤਨੀ)

3. **ਰਾਗ ਪੁੱਤਰ :**

ਬਿਲਾਵਲ (ਰਾਗ ਭੈਰਉ ਦਾ ਪੁੱਤਰ), ਮਾਰੂ (ਰਾਗ ਮਾਲਕੌਂਸ ਦਾ ਪੁਤਰ); ਬਸੰਤ (ਰਾਗ ਹਿੰਡੋਲ ਦਾ ਪੁੱਤਰ); ਸਾਰੰਗ (ਰਾਗ ਸਿਰੀ ਦਾ ਪੁੱਤਰ)

4. **ਭਿੰਨ ਰਾਗ :**

ਵਡਹੰਸ

5. **ਭਿੰਨ ਰਾਗਣੀਆਂ :**

ਮਾਝ, ਰਾਮਕਲੀ ਤੇ ਪ੍ਰਭਾਤੀ ।

ਇਕ ਹੋਰ ਪ੍ਰਕਾਰ ਵੰਡ ਰਾਗਾਂ ਨੂੰ ਸ਼ੁੱਧ[34], ਛਾਇਆ[35] ਤੇ ਸੰਕੀਰਣ[36] ਸਰਾਗਾਂ ਦੀਆਂ ਵੰਡੀਅ ਵਿਚ ਵੰਡਦੀ ਹੈ। ਗੁਰੂ ਅਮਰਦਾਸ ਜੀ ਨੇ ਗਉੜੀ ਗੁਆਰੇਰੀ, ਗਉੜੀ ਬੈਰਾਗਣ, ਗਉੜੀ ਪੂਰਬੀ ਬਸੰਤ ਹਿੰਡੋਲ ਆਦਿ ਛਾਇਆ ਲਿੰਗਤ ਰਾਗਾਂ ਨੂੰ ਵਰਤਿਆ ਹੈ । ਰਾਗ ਮਾਝ ਨੂੰ ਡਾ: ਚਰਣ ਸਿੰਘ ਨੇ 'ਦੇਸੀ ਸੰਕੀਰਣ' ਰਾਗ ਵਿਚ ਕਿਹਾ ਹੈ ਕਿਉਂਕਿ ਇਹ 'ਸਿਰੀ ਰਾਗ, ਮਧ ਮਾਧਵੀ ਤੇ ਮਲਾਰ' ਦੇ ਮਿਲਣ ਤੋਂ ਬਣਿਆ ਹੈ।

ਗੁਰੂ ਅਮਰਦਾਸ ਜੀ ਦੀ ਰਚਨਾ ਤੋਂ ਕਈ ਐਸੇ ਅਚੁੱਕ ਪ੍ਰਮਾਣ ਮਿਲਦੇ ਹਨ ਜੋ ਗੁਰੂ ਸਾਹਿਬ ਦੀ ਰਾਗਾਂ ਦੀ ਦੀਰਘ ਜਾਣਕਾਰੀ ਦੇ ਸੂਚਿਕ ਹਨ । ਇਨ੍ਹਾਂ ਰਾਗਾਂ ਵਿਚ ਰਚੀ ਗਈ ਬਾਣੀ ਇਨ੍ਹਾਂ ਰਾਗਾਂ ਦੀ ਆਤਮਾ ਦੇ ਅਨੁਸਾਰ ਹੈ। ਇਥੋਂ ਤਕ ਕਿ ਕਾਵਿ-ਸ਼ੈਲੀ ਦੇ ਪੱਖ ਤੋਂ ਇਨ੍ਹਾਂ ਰਾਗਾਂ ਵਿਚ ਰਚੀ ਗਈ ਬਾਣੀ ਦੇ ਬਿੰਬ ਤੇ ਪ੍ਰਤੀਕ ਵੀ ਉਨ੍ਹਾਂ ਰੁੱਤਾਂ ਦੇ ਅਨੁਸਾਰ ਹਨ ਜਿਨ੍ਹਾਂ ਰੁੱਤਾਂ ਨਾਲ ਇਨ੍ਹਾਂ ਰਾਗਾਂ ਦਾ ਸਬੰਧ ਹੈ । ਰਾਗ ਮਲਾਰ ਵਰਸ਼ਾ ਰੁੱਤ ਨਾਲ ਸਬੰਧਤ ਰਾਗ ਹੈ। ਇਸ ਰਾਗ ਵਿਚ ਰਚੀ ਗਈ ਬਾਣੀ ਵਿਚ ਵਰਤੇ ਗਏ ਪ੍ਰਤੀਕ ਤੇ ਉਸਾਰੇ ਗਏ ਬਿੰਬ ਅਧਿੱਕਤਰ ਇਸੇ ਦਾ ਮੌਸਮ ਨਾਲ ਸਬੰਧਤ ਹਨ। ਬਾਬੀਹਾ ਮੇਘ, ਮੀਂਹ ਦਾ ਪੈਣਾ, ਬਦਲਾਂ ਦੀ ਘਣਘੋਰ ਆਦਿ ਦਾ ਇਸ ਰਾਗ ਵਿਚ ਰਚੀ ਗਈ ਬਾਣੀ ਵਿਚ ਸੁੰਦਰ ਵਰਣਨ ਹੈ ।

**"ਗਰਿ ਮਿਲਿਐ ਮਨ ਰਹਸੀਐ ਜਿਉ ਵੂਠੇ ਧਰਣਿ ਸੀਗਾਰ।**
**ਸਭ ਦਿਸੈ ਹਰੀਆਵਲੀ ਸਰਭਰੇ ਸਭਰ ਤਾਲ ।"**

(ਆਦਿ ਗ੍ਰੰਥ ਪੰਨਾ 1278)



Digitized by Panjab Digital Library | www.panjabdigilib.org

"ਬਬੀਹਾ ਜਿਸ ਨੋ ਤੂ ਪੁਕਾਰਦਾ ਤਿਸ ਨੋ ਲੋਚੈ ਸਭ ਕੋਇ ।
ਨਾਨਕ ਅੰਮ੍ਰਿਤੁ ਸਦ ਹੀ ਵਰਸਦਾ ਗੁਰਮੁਖਿ ਦੇਵੈ ਹਰਿ ਸੋਇ ॥੧॥
(ਆਦਿ ਗ੍ਰੰਥ, ਪੰਨਾ 1281)

ਮਲਾਰ ਰਾਗ ਦੀ ਵਾਰ ਵਿਚ ਪੰਜਵੀਂ, ਛੇਵੀਂ, ਸਤਵੀਂ, ਅੱਠਵੀਂ, ਨੌਵੀਂ, ਦਸਵੀਂ, ਯਾਰਵੀਂ, ਬਾਹਰਵੀਂ ਤੇ ਤੇਹਰਵੀਂ ਆਦਿ ਪਉੜੀਆਂ ਤੋਂ ਪਹਿਲਾਂ ਆਉਂਦੇ ਸਾਰੇ ਸਲੋਕ ਇਸ ਪੱਖ ਤੋਂ ਸੁੰਦਰ ਪਰਮਾਣ ਪੇਸ਼ ਕਰਦੇ ਹਨ। ਰਾਗ ਬਸੰਤ ਵਿਚ ਰਬੀ ਖੇੜੇ ਦੇ ਸੁੰਦਰ ਦ੍ਰਿਸ਼ ਪੇਸ਼ ਕੀਤੇ ਹਨ :

"ਮਾਹਾ ਰੁਤੀ ਮਹਿ ਸਦ ਬਸੰਤੁ ।
ਜਿਤੁ ਹਰਿਆ ਸਭ ਜੀਅ ਜੰਤੁ ।
(ਆਦਿ ਗ੍ਰੰਥ, ਪੰਨਾ 1172)

"ਮੇਰਾ ਪ੍ਰਭੁ ਮਉਲਿਆ ਸਦ ਬਸੰਤੁ ।
ਇਹੁ ਮਨੁ ਮਉਲਿਆ ਗਾਇ ਗੁਣ ਗੋਬਿੰਦ ।"
(ਆਦਿ ਗ੍ਰੰਥ, ਪੰਨਾ 1173)

"ਸਾਚਿ ਰਤੇ ਤਿਨ ਸਦ ਬਸੰਤ ।
ਮਨੁ ਤਨੁ ਹਰਿਆ ਰਵਿ ਗੁਣ ਗੁਵਿੰਦੇ ।
ਬਿਨ ਨਾਵੈ ਸੂਕਾ ਸੰਸਾਰੁ ।
ਅਗਨਿ ਤ੍ਰਿਸਨਾ ਜਲੈ ਵਾਰੋ ਵਾਰ ।"
(ਆਦਿ ਗ੍ਰੰਥ, ਪੰਨਾ 1173)

ਇਸ ਰਾਗ ਵਿਚ ਗੁਰੂ ਅਮਰਦਾਸ ਜੀ ਦਾ ਛੇਵਾਂ, ਚੌਦਵਾਂ, ਪੰਦਰਵਾਂ, ਸੋਲ੍ਹਵਾਂ ਸਤਾਰ੍ਹਵਾ ਸ਼ਬਦ ਇਸ ਪੱਖ ਤੋਂ ਹੋਰ ਉਤਮ ਉਦਾਹਰਣ ਕਹੇ ਜਾ ਸਕਦੇ ਹਨ।

ਗੁਰਬਾਣੀ ਵਿਚ ਸਮੁੱਚੇ ਤੌਰ ਤੇ ਵੀ ਤੇ ਗੁਰੂ ਅਮਰਦਾਸ ਜੀ ਦੀ ਰਚਨਾ ਵਿਚ ਵੀ ਰਾਗਾਂ ਨੂੰ ਕਲਾਸਕੀ ਦ੍ਰਿਸ਼ਟੀ ਨਾਲ ਨਹੀਂ ਵਰਤਿਆ ਗਿਆ। ਕਾਵਿ-ਰੂਪਾਂ ਵਾਂਗ ਹੀ ਰਾਗ ਨੂੰ ਨਿਸ਼ਾਨੇ ਅਥਵਾ ਉਦੇਸ਼ ਕਰਕੇ ਨਹੀਂ ਸਗੋਂ ਇਕ ਮਾਧਿਅਮ ਕਰਕੇ ਹੀ ਵਰਤਿਆ ਗਿਆ ਹੈ। ਗੁਰੂ ਜੀ ਦਾ ਉਦੇਸ਼ ਤਾਂ ਪ੍ਰਭੂ ਅਥਵਾ ਗੁਰੂ-ਕੀਰਤ ਹੈ। ਜਿਥੇ ਕਲਾਸਕੀ ਰੂਪ ਵਿਚ ਰਾਗ ਵਿਚ 'ਨਾਦ' ਤੇ ਅਧਿਕ ਬਲ ਦਿਤਾ ਜਾਂਦਾ ਹੈ, ਗੁਰਬਾਣੀ ਤੇ ਗੁਰੂ ਅਮਰਦਾਸ ਜੀ ਦੇ ਕਾਵਿ ਵਿਚ 'ਸ਼ਬਦ' ਤੇ ਵਧੇਰਾ ਜ਼ੋਰ ਹੈ। ਅਲਾਪ ਤੇ ਅਲਪ ਤੇ ਬਾਣੀ ਤੇ ਵਧੇਰਾ ਬਲ ਹੈ ਕਿਉਂਕਿ ਉਦੇਸ਼ ਭਾਵ ਸੰਚਾਰ ਦਾ ਹੈ। ਰਾਗ ਉਲੇਖ ਅਥਵਾ ਪ੍ਰਦਰਸ਼ਨ ਦਾ ਨਹੀਂ, ਰਾਗ ਨੂੰ ਇਸ ਬਾਣੀ ਵਿਚ ਕੇਵਲ ਇਕ ਸ਼ੈਲੀ



Digitized by Panjab Digital Library | www.panjabdigilib.org

ਦੇ ਤੱਤ ਵਜੋਂ ਪ੍ਰਭਾਵ ਨੂੰ ਦੀਰਘ ਤੇ ਵਧੇਰਾ ਬਲਵਾਨ ਕਰਨ ਲਈ ਵਰਤਿਆ ਗਿਆ ਹੈ ।

ਗੁਰਬਾਣੀ ਸੰਗੀਤ ਦਾ ਦੂਜਾ ਪ੍ਰਮੁਖ ਲੱਛਣ ਹੈ ਕਿ ਇਹ ਸਨਮੁਖ ਸੰਗੀਤ ਹੈ, ਲਿਪੀ ਬੱਧ ਨਹੀਂ । ਇਸ ਦਾ ਸਰੂਪ ਪਰਿਵਾਰਕ ਨਹੀਂ । ਗਾਵਨਹਾਰੇ ਅਨੁਸਾਰ ਹੈ ।

ਗੁਰੂ ਅਮਰਦਾਸ ਜੀ ਦੇ ਕਾਵਿ ਦੇ ਵਿਵਰਣ, ਇਸ ਵਿਚ ਵਰਤੇ ਗਏ ਕਾਵਿ-ਭੇਦ ਅਤੇ ਛੰਦ ਅਤੇ ਜਿਨ੍ਹਾਂ ਰਾਗਾਂ ਵਿਚ ਇਸ ਦੀ ਰਚਨਾ ਕੀਤੀ ਗਈ ਹੈ, ਦੇ ਸੰਖਿਪਤ ਉਲੇਖ ਉਪਰਤ ਹੁਣ ਅਸੀਂ ਗੁਰੂ ਜੀ ਦੀ ਕਾਵਿ-ਸ਼ੈਲੀ ਦੇ ਸ਼ਾਸਤਰੀ ਪੱਖ ਵਲ ਆਉਂਦੇ ਹਾਂ। ਇਸ ਨੂੰ ਅਸੀਂ ਤਿੰਨ ਸਿਰਲੇਖਾਂ ਹੇਠ ਵਿਚਾਰਾਂ ਗੇ : ਪ੍ਰਤੀਕ, ਅਲੰਕਾਰ ਤੇ ਬਿੰਬ ।

**ਪ੍ਰਤੀਕ :**

ਪ੍ਰਾਚੀਨ ਸਮੇਂ ਤੋਂ ਹੀ ਕਲਾ ਦਾ ਇਕ ਪ੍ਰਮੁੱਖ ਉਦੇਸ਼ ਸੂਖਮ ਨੂੰ ਪ੍ਰਤੱਖ ਅਥਵਾ ਅਰੂਪ ਨੂੰ ਰੂਪਮਾਨ ਕਰਨਾ ਮੰਨਿਆ ਗਿਆ ਹੈ ।[40] ਅਧਿਆਤਮਕ ਖੇਤਰ ਵਿਚ ਵਿਚਰਦੇ ਕਲਾਕਾਰ ਲਈ ਤਾਂ ਇਹ ਹੋਰ ਭੀ ਆਵਸ਼ਕ ਹੁੰਦਾ ਹੈ ਕਿ ਅਣਦਿਸਦੇ ਸੱਚ ਨੂੰ ਦਿਸਦੇ ਸਚ ਰਾਹੀਂ ਸਾਕਾਰ ਕਰੇ । ਪ੍ਰਤੀਕ, ਰੂਪਕ ਤੇ ਹੋਰ ਅਲੰਕਾਰ, ਇਸ ਉਦੇਸ਼ ਦੀ ਪ੍ਰਾਪਤੀ ਦਾ ਹੀ ਸਾਧਨ ਹਨ । ਕਾਵਿ ਵਿਚ ਕਵੀ ਨੇ ਆਪਣੇ ਭਾਵਾਂ ਨੂੰ ਸੁਝਾਉ ਤੇ ਸੁਹਜਮਈ ਪੱਧਰ ਤੇ ਪ੍ਰਗਟਾਣਾ ਹੁੰਦਾ ਹੈ, ਪ੍ਰਤੀਕ ਇਸ ਕਾਵਿ-ਪ੍ਰਕ੍ਰਿਤੀ ਅਥਵਾ ਕਾਵਿ ਸਿਰਜਨਾ ਦਾ ਇਕ ਮੁੱਢਲਾ ਸਾਧਨ ਮੰਨੇ ਗਏ ਹਨ ਕਿਉਂਕਿ ਇਹ ਇਕ ਸੱਤਰ ਦੇ ਸੱਚ ਨੂੰ ਬਰਾਬਰ ਦੇ ਅਨੁਸਾਰੀ ਸੱਚ ਰਾਹੀਂ ਪ੍ਰਗਟਾਂਦੇ ਹਨ ।[41] ਡਾ: ਬਲਬੀਰ ਸਿੰਘ 'ਦਿੱਲ' ਪਾਲ ਤਿਲਿਕ (Paul Tillich) ਦੀ ਰਚਨਾ 'The Religious Symbol' ਦਾ ਹਵਾਲਾ ਦੇ ਕੇ ਧਾਰਮਕ ਕਾਵਿ ਵਿਚ ਪ੍ਰਤੀਕ ਦੀ ਹੋਰ ਵੀ ਵਧੇਰੀ ਮਹੱਤਾ ਤੇ ਮਹਾਨਤਾ ਵਲ ਸੰਕੇਤ ਕਰਦੇ ਹਨ । "ਧਾਰਮਕ ਜਾਂ ਆਤਮਕ ਪ੍ਰਤੀਕ ਦਿਸਦੇ ਸੱਚ ਤੋਂ ਅਗੇਰੇ ਅਣਦਿਸਦੇ ਸੱਚ ਦੀ ਪ੍ਰਤਿਨਿਧਤਾ ਕਰਦੇ ਹਨ ।"[42] ਇਕ ਚੰਗਾ ਸਾਹਿਤਿਕ ਪ੍ਰਤੀਕ ਸਪੱਸ਼ਟ ਤੇ ਸੁਝਾਊ ਹੋਣ ਦੇ ਨਾਲ ਨਾਲ ਪ੍ਰੇਰਣਾ-ਮਈ ਹੁੰਦਾ ਹੈ ਤੇ ਰਚਨਾ ਵਿਚ ਰਚਿਆ ਮਿਚਿਆ ਸਹਿਜ ਰੂਪ ਆਉਂਦਾ ਹੈ। ਇਸ ਦੀ ਵਰਤੋਂ ਵਿਚ ਕੋਈ ਉਚੇਚ ਜਾਂ ਬਨਾਵ ਨਹੀਂ ਦਿਸਦੀ ।

ਗੁਰੂ ਅਮਰਦਾਸ ਜੀ ਦੇ ਕਾਵਿ ਵਿਚ ਵਰਤੇ ਗਏ 'ਪ੍ਰਤੀਕ' ਇਨ੍ਹਾਂ ਸਾਰੇ ਗੁਣਾਂ ਦੇ ਧਾਰਨੀ ਹਨ । ਪ੍ਰਤੀਕਾਂ ਦੀ ਕੀਤੀ ਜਾਂਦੀ ਸਿਧਾਂਤਕ ਵੰਡ ਅਨੁਸਾਰ ਇਹ ਵਧੇਰੇ



-- Digitized by Panjab Digital Library | www.panjabdigilib.org

ਊਰਧਮੁਖੀ (ascending) ਪ੍ਰਤੀਕ ਹਨ। ਇਹ ਵਧੇਰੇ ਆਪਣੇ ਸਮੇਂ ਦੇ ਸਾਧਾਰਨ ਜੀਵਨ ਦੇ ਆਲੇ ਦੁਆਲੇ, ਸਮਾਜਿਕ ਸਬੰਧਾਂ, ਕਾਰ ਵਿਹਾਰ ਤੇ ਪ੍ਰਕ੍ਰਿਤੀ ਨਾਲ ਸਬੰਧਤ ਹਨ। ਇਹ ਗੁਰੂ ਅਮਰਦਾਸ ਜੀ ਦੇ ਨਿਜੀ ਅਨੁਭਵ ਦੀ ਦੇਣ ਹਨ। ਇਸੇ ਲਈ ਇਹ ਸਪੱਸ਼ਟ ਹਨ। ਇਨ੍ਹਾਂ ਵਿਚਲੀ ਪ੍ਰੇਰਣਾ-ਸ਼ਕਤੀ ਹੋਰ ਵੀ ਵੱਧ ਜਾਂਦੀ ਹੈ ਕਿਉਂਕਿ ਇਹ ਗੁਰੂ ਸਾਹਿਬ ਦੀ ਰਸਿਕ ਤੇ ਵਿਗਸਤ ਸ਼ਖ਼ਸੀਅਤ ਦੇ ਹਾਰਦਿਕ ਉਦਗਾਰਾ ਦਾ ਪ੍ਰਗਟਾ ਹਨ ਅਤੇ ਮਨੁੱਖੀ ਜੀਵਨ ਨੂੰ ਆਪਣੇ ਕੇਂਦਰ ਬ੍ਰਹਮ ਨਾਲ ਜੋੜਨ ਵਾਲੇ ਕਲਿਆਣਕਾਰੀ ਤੇ ਉਸਾਰੂ ਉਦੇਸ਼ ਨਾਲ ਸਿਰਜੇ ਗਏ ਹਨ। ਅਤਿ ਢੁਕਵੇਂ ਹੋਣ ਕਰਕੇ ਇਹ ਪ੍ਰਭਾਵਸ਼ਾਲੀ ਵੀ ਬਹੁਤ ਹਨ।

ਮੱਧ-ਕਾਲੀਨ ਭਗਤੀ-ਕਾਵਿ ਵਿਚ ਵਰਤਿਆ ਗਿਆ ਇਕ ਪ੍ਰਮੁਖ ਤੇ ਵਿਆਪਕ ਪ੍ਰਤੀਕ ਪਤੀ-ਪਤਨੀ ਅਥਵਾ ਇਸਤ੍ਰੀ ਮਰਦ ਦੇ ਪ੍ਰਸਪਰ ਸਮਾਜਕ ਸਬੰਧ ਦਾ ਹੈ। ਇਸੇ ਪਰੰਪਰਾ ਦੇ ਕਵੀ ਹੋਣ ਦੇ ਨਾਤੇ ਗੁਰੂ ਅਮਰਦਾਸ ਜੀ ਦੇ ਕਾਵਿ ਵਿਚ ਵੀ ਇਸ ਦੀ ਭਰਪੂਰ ਵਰਤੋਂ ਕੀਤੀ ਗਈ ਹੈ। ਪੇਈਅੜੇ, ਸਾਹੁਰੜੇ, ਕਾਮਣੀ, ਕੰਤ, ਸੁਹਾਗਣ, ਦੁਹਾਗਣ, ਸੁਲਖਣੀ, ਕੁਲਖਣੀ, ਸੁਚੱਜੀ, ਕੁਚੱਜੀ, ਆਦਿ ਸਾਰੇ ਪ੍ਰਤੀਕ ਇਸੇ ਖੇਤਰ ਦੇ ਹਨ।

ਕੁਝ ਉਦਾਹਰਣ ;

"ਬਿਨੁ ਪਿਰ ਕਾਮਣਿ ਕਰੇ ਸੀਗਾਰੁ।
ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ।
... ... ... ...
ਗੁਰਮੁਖਿ ਕਾਮਣਿ ਬਣਿਆ ਸੀਗਾਰੁ।
ਸਬਦੇ ਪਿਰੁ ਰਾਖਿਆ ਉਰਧਾਰਿ।
ਏਕੁ ਪਛਾਣੈ ਹਉਮੈ ਮਾਰਿ।
ਸੋਭਾਵੰਤੀ ਕਹੀਐ ਨਾਰਿ।"

(ਆਦਿ ਗ੍ਰੰਥ, ਪੰਨਾ 1277)

"ਮੈਂ ਕਾਮਣਿ ਮੇਰੇ ਕੰਤੁ ਕਰਤਾਰੁ।
ਜੇਹਾ ਕਰਾਏ ਤੇਹਾ ਕਰੀ ਸੀਗਾਰੁ।
ਜਾਂ ਤਿਸੁ ਭਾਵੈ ਤਾ ਕਰੇ ਭੋਗੁ।
ਤਨੁ ਮਨੁ ਸਾਚੇ ਸਾਹਿਬ ਜੋਗੁ।"

(ਆਦਿ ਗ੍ਰੰਥ, ਪੰਨਾ 1128)

ਗੁਰੂ ਅਮਰਦਾਸ ਜੀ ਦੇ ਪ੍ਰਤੀਕਾਂ ਦੀ ਸਪੱਸ਼ਟਤਾ ਦਾ ਇਕ ਕਾਰਣ ਇਹ ਵੀ ਹੈ ਕਿ ਗੁਰੂ ਸਾਹਿਬ ਨੇ ਬਹੁਤ ਵਾਰੀ ਆਪਣੇ ਪ੍ਰਤੀਕਾਂ ਦੀ ਵਿਆਖਿਆ ਵੀ ਆਪ ਹੀ ਕਰ ਦਿੱਤੀ ਹੈ। ਜਿਵੇਂ ਉਪਰੋਕਤ ਉਦਾਹਰਣ ਵਿਚ ਹੈ।

ਗੁਰੂ ਸਾਹਿਬ ਦੇ ਸਮਾਜਿਕ ਰਿਸ਼ਤਿਆਂ ਨਾਲ ਸਬੰਧਿਤ ਹੋਰ ਪ੍ਰਤੀਕ ਹਨ : ਸਾਹਿਬ-ਸੇਵਕ (ਆਦਿ ਗ੍ਰੰਥ, ਪੰਨਾ 599, 787, 1233 ਤੇ 1257), ਲਾਲੇ ਗੋਲੇ (ਆਦਿ ਗ੍ਰੰਥ, ਪੰਨਾ 362, 363 ਆਦਿ), ਸੁਆਮੀ ਦਾਸ (ਆਦਿ ਗ੍ਰੰਥ, ਪੰਨਾ 442, 512, 559, 637 ਆਦਿ) ਸਖਾ (ਆਦਿ ਗ੍ਰੰਥ, ਪੰਨਾ 32)

ਸਮਕਾਲੀ ਕਾਰ ਵਿਹਾਰ ਵਿਚੋਂ ਲਏ ਗਏ ਪ੍ਰਤੀਕਾਂ ਦੇ ਕੁਝ ਉਦਾਹਰਣ :

**ਸਰਾਫੀ :**

"ਆਪਿ ਸਰਾਫੁ ਕਸਵਟੀ ਲਾਏ।"
(ਆਦਿ ਗ੍ਰੰਥ, ਪੰਨਾ 797)

"ਕੰਚਨ ਭਦੇ ਮਨੂਰਾ" (ਆਦਿ ਗ੍ਰੰਥ ਪੰਨਾ 245)

"ਮਨੂਰੋ ਤੇ ਕੰਚਨ ਭਏ ਭਾਈ"
(ਆਦਿ ਗ੍ਰੰਥ, ਪੰਨਾ 638)

"ਮਾਰੂ ਤੇ ਸੀਤਲੁ ਕਰੇ ਮਨੂਰਹੁ ਕੰਚਨ ਹੋਇ"
(ਆਦਿ ਗ੍ਰੰਥ, ਪੰਨਾ 994)

"ਕੂੜੁ ਠਗੀ ਗੁਝੀ ਨਾ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ"
(ਆਦਿ ਗ੍ਰੰਥ, ਪੰਨਾ 311)

**ਸਾਹ ਵਣਜਾਰਾ :**

"ਆਪੇ ਸਾਹੁ ਆਪੇ ਵਣਜਾਰਾ ਆਪੇ ਹੀ ਹਰਿ ਹਾਟੁ"
(ਆਦਿ ਗ੍ਰੰਥ, ਪੰਨਾ 517)

"ਸਚਾ ਸਾਹੁ ਸਚੇ ਵਣਜਾਰੇ।
ਸਚੁ ਵਣੰਜਹਿ ਗੁਰ ਹੇਤਿ ਅਪਾਰੇ।
ਸਚੁ ਵਿਹਾਝਹਿ ਸਚੁ ਕਮਾਵਹਿ
ਸਚੋ ਸਚੁ ਕਮਾਵਣਿਆ।"
(ਆਦਿ ਗ੍ਰੰਥ, ਪੰਨਾ 117)



Digitized by Panjab Digital Library | www.panjabdigilib.org

"ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨਾ ਟਿਕੰਨਿ।
ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ।"
(ਆਦਿ ਗ੍ਰੰਥ, ਪੰਨਾ 756)

ਗੁਰਮੁਖਿ ਵਣਜੁ ਕਰਹਿ ਪਰੁ ਆਪੁ ਪਛਾਣਹਿ।
ਏਕਸ ਬਿਨੁ ਕੋ ਅਵਰੁ ਨ ਜਾਣਹਿ।
ਸਚਾ ਸਾਹੁ ਸਚੇ ਵਣਜਾਰੇ ਪੂੰਜੀ ਨਾਮੁ ਵਿਸਾਹਾ।"
(ਆਦਿ ਗ੍ਰੰਥ, ਪੰਨਾ 1053)

ਰਹੱਸਵਾਦੀ ਅਧਿਆਤਮਕ ਕਾਵਿ ਵਿਚ ਇਸ ਸੰਸਾਰ ਨੂੰ ਭਵ-ਸਾਗਰ ਦੇ ਪ੍ਰਤੀਕ ਨਾਲ ਬਿਆਨਿਆ ਗਿਆ ਹੈ। ਇਸ ਵਿਚੋਂ ਸਫਲ ਰੂਪ ਵਿਚ ਲੰਘਣਾ ਜੀਵਨ ਦੀ ਉਚਤਮ ਪ੍ਰਾਪਤੀ ਮੰਨੀ ਗਈ ਹੈ:

"ਗੁਰਪਰਸਾਦੀ ਛੁਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ"
(ਆਦਿ ਗ੍ਰੰਥ, ਪੰਨਾ 33)

"ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ।
ਗੁਰ ਪਰਸਾਦੀ ਏਕੋ ਜਾਣੈ ਏਕ ਘੜੀ ਮਹਿ ਪਾਰਿ ਪਇਆ।"
(ਆਦਿ ਗ੍ਰੰਥ, ਪੰਨਾ 435)

ਇਸੇ ਲਈ ਇਸ ਕਾਵਿ ਵਿਚ ਬੋਹਿਥਾ ਖੇਵਟ ਤੁਲਹਾ, ਬੇੜਾ ਮਰਜੀਵੜਾ ਆਦਿ ਸਾਗਰ ਨਾਲ ਸਬੰਧਤ ਪ੍ਰਤੀਕਾਂ ਦੀ ਬਹੁਤਾਤ ਹੈ। ਕੁਝ ਉਦਾਹਰਣਾਂ ਹਨ:

ਬੋਹਿਥ "ਸਤਿਗੁਰੁ ਸਚਾ ਹੈ ਬੋਹਿਥਾ ਸਬਦੇ ਭਵਜਲਿ ਤਰਣਾ"
(ਆਦਿ ਗ੍ਰੰਥ, ਪੰਨਾ 70)

"ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ ਤੇ ਭਉਜਲਿ ਪਾਰਿ ਲੰਘਾਇ"
(ਆਦਿ ਗ੍ਰੰਥ, ਪੰਨਾ 1417)

ਖੇਵਟ "ਆਪੇ ਸਾਗਰੁ ਆਪੇ ਬੋਹਿਥਾ ਆਪੇ ਹੀ ਖੇਵਟੁ"
(ਆਦਿ ਗ੍ਰੰਥ, ਪੰਨਾ 517)

"ਮਾਇਆ ਸਰੁ ਸਬਲੁ ਵਰਤੈ ਜੀਉ ਕਿਉਕਰਿ ਦੁਤਰੁ ਤਰਿਆ ਜਾਇ।
ਰਾਮ ਨਾਮੁ ਕਰਿ ਬੋਹਿਥਾ ਜੀਉ ਸਬਦੁ ਖੇਵਟੁ ਵਿਚਿ ਪਾਇ।"
(ਆਦਿ ਗ੍ਰੰਥ, ਪੰਨਾ 245)

ਤੁਲਹਾ "ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ
ਜਿਤੁ ਲਗਿ ਪਾਰਿ ਜਨ ਪਾਇ।"
(ਆਦਿ ਗ੍ਰੰਥ, ਪੰਨਾ 603)



Digitized by Panjab Digital Library | www.panjabdigilib.org

ਬੇੜਾ :

"ਭਉ ਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ"

ਮਰਜੀਵੜਾ :

(ਆਦਿ ਗ੍ਰੰਥ, ਪੰਨਾ 638)

"ਭਗਤਿ ਕਰਹਿ ਮਰਜੀਵੜੇ ਗੁਰਮੁਖਿ ਭਗਤਿ ਸਦਾ ਹੋਇ।"

(ਆਦਿ ਗ੍ਰੰਥ, ਪੰਨਾ 589)

ਪ੍ਰਕ੍ਰਿਤੀ ਆਦਿ ਕਾਲ ਤੋਂ ਹੀ ਮਨੁੱਖ ਲਈ ਅਗਮੀ ਪ੍ਰੇਰਨਾ ਤੇ ਆਦਰਸ਼ਕ ਪੱਥ-ਪ੍ਰਦਰਸ਼ਕ ਰਹੀ ਹੈ। ਕਲਾਕਾਰ ਮਨ ਹਮੇਸ਼ਾਂ ਤੋਂ ਹੀ ਆਪਣੇ ਵਿਚਾਰਾਂ ਨੂੰ ਬਲ ਦੇਣ ਲਈ ਅਥਵਾ ਉਨ੍ਹਾਂ ਨੂੰ ਵਧੇਰਾ ਪ੍ਰਭਾਵਸ਼ਾਲੀ ਬਣਾਉਣ ਲਈ ਜਾਂ ਮੂਰਤੀਮਾਨ ਕਰਨ ਲਈ ਪ੍ਰਕ੍ਰਿਤੀ ਦਾ ਸਮਰਥਨ ਤੇ ਸਹਾਰਾ ਲੈਂਦਾ ਰਿਹਾ ਹੈ। ਗੁਰੂ ਅਮਰਦਾਸ ਜੀ ਦੇ ਕਾਵਿ ਵਿਚ ਵਰਤੇ ਗਏ ਪ੍ਰਤੀਕਾਂ ਦੀ ਤਕੜੀ ਗਿਣਤੀ ਇਸੇ ਸੋਮੇਂ ਤੋਂ ਲਈ ਗਈ ਹੈ। ਵਰਖਾ, ਜਲ ਕਮਲ, ਕਸੁੰਭੜਾ, ਮਜੀਠ, ਬਾਬੀਹਾ, ਭਉਰ, ਕਾਗ, ਕੂੰਜ, ਗਰੁੜ, ਹੰਸ, ਬਗਲਾ, ਨਾਗਨੀ, ਅਜਗਰ, ਸਪ ਵਰਮੀ, ਵਿਸ਼ਟਾ ਦਾ ਕੀੜਾ, ਤੂੰਬੜੀ, ਵੇਲ, ਲੋਹਾ, ਕੰਚਨ, ਮਾਣਕ, ਰਤਨ, ਮਨੂੰਰ, ਅੰਜਨ ਆਦਿ ਅਨੇਕਾਂ ਪ੍ਰਤੀਕਾਂ ਵਿਚੋਂ ਕੁਝ ਦੀ ਵਰਤੋਂ ਦੇ ਉਦਾਹਰਣ ਪੇਸ਼ ਹਨ :

"ਹਉਮੈ ਬਿਖੁ ਮਨੁ ਮੋਹਿਆ ਲਦਿਆ ਅਜਗਰ ਭਾਰੀ।
ਗਰੁੜੁ ਸਬਦੁ ਮੁਖਿ ਪਾਇਆ ਹਉਮੈ ਬਿਖ ਹਰਿ ਮਾਰੀ।"

(ਆਦਿ ਗ੍ਰੰਥ ਪੰਨਾ 1260)

"ਜਿਉ ਉਬਲੀ ਮਜੀਠੈ ਰੰਗੁ ਮਹਮਹਾ ਤਿਉ ਸਚੇ ਨੋ ਜੀਉ ਦੇਇ।'

(ਆਦਿ ਗ੍ਰੰਥ ਪੰਨਾ 311)

ਜਨਮੁ ਰਤਨੁ ਖਟਿਆ ਭਲੇ ਸੇ ਵਣਜਾਰੇ"

(ਆਦਿ ਗ੍ਰੰਥ ਪੰਨਾ 919)

"ਬਾਬੀਹਾ ਖਿਨੁ ਖਿਨੁ ਬਿਲਲਾਇ।
ਬਿਨੁ ਪਿਰ ਦੇਖੇ ਨੀਂਦ ਨ ਪਾਇ।"

(ਆਦਿ ਗ੍ਰੰਥ ਪੰਨਾ 1262)

"ਗਿਆਨ ਮਤੀ ਕਮਲ ਪਰਗਾਸੁ"

(ਆਦਿ ਗ੍ਰੰਥ ਪੰਨਾ 1277)

"ਮਾਇਆ ਭੁਇਅੰਗਮ ਸਰਪੁ ਹੈ ਜਗੁ ਘੇਰਿਆ ਬਿਖੁ ਪਾਇ।
ਬਿਖੁ ਕਾ ਮਾਰਣੁ ਹਰਿਨਾਮੁ ਹੈ ਗੁਰ ਗਰੁੜ ਸਬਦ ਮੁਖਿ ਪਾਇ।"

(ਆਦਿ ਗ੍ਰੰਥ, ਪੰਨਾ 1415)



Digitized by Panjab Digital Library | www.panjabdigilib.org

ਗੁਰੂ ਅਮਰਦਾਸ ਜੀ ਨੇ ਇੰਦਰ, ਪ੍ਰਹਿਲਾਦ, ਹਰਨਾਖਸ਼ ਆਦਿ ਦੇ ਬਿੰਬ ਪੌਰਾਣਿਕ ਖੇਤਰ ਵਿਚੋਂ ਵੀ ਲਏ ਹਨ । ਭੈਰਉ ਰਾਗ ਵਿਚ ਆਪ ਜੀ ਦੀ ਪਹਿਲੀ ਅਸਟਪਦੀ (ਆਦਿ ਗ੍ਰੰਥ, ਪੰਨਾ 1154) ਅਤੇ ਸੋਰਠ ਰਾਗ ਦੇ ਗੁਰੂ ਜੀ ਦੇ ਪਹਿਲੇ ਹੀ ਸ਼ਬਦ (ਆਦਿ ਗ੍ਰੰਥ, ਪਨਾ 637) ਵਿਚ ਇਸ ਦੇ ਉਦਾਹਰਣ ਵੇਖੇ ਜਾ ਸਕਦੇ ਹਨ ।

ਵਿਦਿਆ ਖੇਤਰਾਂ ਵਿਚੋਂ ਲਏ ਹੋਏ ਹੋਣ ਕਰਕੇ ਇਨ੍ਹਾਂ ਪ੍ਰਤੀਕਾਂ ਨਾਲ ਗੁਰੂ ਸਾਹਿਬ ਦੀ ਰਚਨਾ ਵਿਚ ਰੰਗੀਨਤਾ ਤੇ ਸੁਹਜ ਦਾ ਵਾਧਾ ਹੋਇਆ ਹੈ। ਸਾਹਿਤਿਕ ਪੱਖ ਤੋਂ ਇਸ ਦਾ ਸਰੂਪ ਹੋਰ ਉਜਲਾ ਤੇ ਦੀਰਘ ਬਣ ਗਿਆ ਹੈ। ਮਨੁੱਖੀ ਹਿਰਦੇ ਲਈ ਇਸ ਦੀ ਅਪੀਲ ਵਧੀ ਹੈ ।

**ਅਲੰਕਾਰ**

ਅਲੰਕਾਰ-ਯੋਜਨਾ ਨੂੰ ਕਾਵਿ-ਵਿਧਾਨ ਅਥਵਾ ਕਾਵਿ-ਸ਼ੈਲੀ ਦਾ ਇਕ ਮਹੱਤਵ ਪੂਰਨ ਅੰਗ ਮੰਨਿਆ ਗਿਆ ਹੈ। ਭਾਰਤੀ ਕਾਵਿ-ਸ਼ਾਸਤਰ ਨੇ ਸ਼ੁਰੂ ਸ਼ੁਰੂ ਵਿਚ ਇਸ ਨੂੰ ਕਾਵਿ ਦੀ ਆਤਮਾ ਮੰਨਿਆ ਹੈ। ਤੇ ਪਿਛੋਂ ਇਸ ਨੂੰ ਕਾਵਿ ਸੁਹਜ ਤੇ ਰਸ ਦਾ ਇਕ ਮਾਧਿਅਮ ਸਮਝਿਆ ਜਾਣ ਲਗ ਪਿਆ ਹੈ ।[45] "ਅਲੰਕਾਰ ਕਾਵਿ ਦਾ ਸੌਂਦਰਯ ਪੈਦਾ ਕਰਨ ਵਾਲੇ ਧਰਮ ਹਨ"[46] ਇਹ ਪ੍ਰਗਟਾ ਦਾ ਇਕ ਚਮਤਕਾਰੀ ਢੰਗ ਹਨ ਅਤੇ "ਕਾਵਿ ਪ੍ਰਤਿਭਾ ਤੋਂ ਪੈਦਾ ਹੋਇਆ ਕਥਨ ਵਿਸ਼ੇਸ਼" ਹਨ । ਇਨ੍ਹਾਂ ਸਾਰੇ ਰੂਪਾਂ ਵਿਚ ਹੀ ਅਲੰਕਾਰ ਕਾਵਿ-ਸ਼ੈਲੀ ਦਾ ਇਕ ਪ੍ਰਧਾਨ ਅੰਗ ਬਣ ਜਾਂਦੇ ਹਨ। ਰਸਵਾਦੀ ਆਚਾਰੀਆ ਮਮਟ ਦੀ ਕੀਤੀ ਅਲੰਕਾਰ ਦੀ 'ਸ਼ਬਦਾਲੰਕਾਰ' ਤੇ 'ਅਰਥਾਲੰਕਾਰ' ਦੀ ਵੰਡ ਹੀ ਇਨ੍ਹਾਂ ਦੀ ਸਰਬ-ਪਰਮਾਣਿਤ ਵੰਡ ਹੈ। ਦੁਹਾਂ ਰੂਪਾਂ ਵਿਚ ਹੀ ਇਨ੍ਹਾਂ ਦਾ ਉਦੇਸ਼ ਪ੍ਰਗਟਾ ਨੂੰ ਰਸਾਤਮਕ ਤੇ ਸੁਹਜਾਤਮਕ ਬਨਾਉਣ ਦੇ ਨਾਲ ਨਾਲ ਇਸ ਨੂੰ ਪ੍ਰਭਾਵਸ਼ਾਲੀ ਸਪਸ਼ਟ, ਪ੍ਰਚੰਡ ਬਨਾਉਣਾ ਤੇ ਕਵੀ ਤੇ ਪਾਠਕ ਵਿਚਕਾਰ ਇਕ ਸੁਹਿਰਦ ਵਿਚੋਲਾ ਬਨਣਾ ਹੈ।

ਜਿਵੇਂ ਅਸੀਂ ਗੁਰੂ ਅਮਰਦਾਸ ਜੀ ਦੀ ਕਾਵਿ-ਸ਼ੈਲੀ ਦਾ ਸਮੁੱਚਾ ਨਿਰਣਾ ਕਰਦੇ ਕਿਹਾ ਹੈ, ਗੁਰੂ ਸਾਹਿਬ ਦਾ ਪ੍ਰਗਟਾ ਬੜਾ ਸਰਲ ਤੇ ਸਾਦਾ ਹੈ। ਕਾਵਿ-ਰਚਨਾ ਕਰਨ ਦਾ ਗੁਰੂ ਸਾਹਿਬ ਦਾ ਉਦੇਸ਼ ਕੇਵਲ ਆਪਣੇ ਭਾਵਾਂ ਦਾ ਸੰਚਾਰ ਹੈ। ਉਨ੍ਹਾਂ ਨੇ ਅਲੰਕਾਰਾਂ ਨੂੰ ਕੇਵਲ ਆਪਣੇ ਵਿਚਾਰਾਂ ਨੂੰ ਸਪੱਸ਼ਟ ਕਰਨ ਤੇ ਪ੍ਰਭਾਵ ਨੂੰ ਪ੍ਰਚੰਡ ਕਰਨ ਲਈ ਹੀ ਵਰਤਿਆ ਹੈ। ਇਸੇ ਲਈ ਵਰਤੇ ਗਏ ਅਲੰਕਾਰ ਆਪ ਦੇ ਕਾਵਿ ਦੀ ਨਿਰੀ ਸ਼ੋਭਾ ਹੀ ਨਹੀਂ ਰਹਿੰਦੇ ਸਗੋਂ ਕਾਵਿ ਦਾ ਸਾਰਥਕ ਭਾਗ ਬਣ ਗਏ ਹਨ ਕਿਉਂਕਿ ਗੁਰੂ ਸਾਹਿਬ ਵਲੋਂ ਇਸ ਕਾਵਿ ਵਿਚ ਪ੍ਰਗਟਾਏ ਗਏ ਵਿਚਾਰ ਅਧਿਆਤਮਵਾਦੀ ਤੇ ਰਹਿਸਵਾਦੀ



Digitized by Panjab Digital Library | www.panjabdigilib.org

ਖੇਤਰ ਦੇ ਹੋਣ ਕਰਕੇ ਸੂਖ਼ਮ ਹਨ, ਇਸ ਲਈ ਉਨ੍ਹਾਂ ਨੂੰ ਸਾਕਾਰ ਕਰਨ ਅਥਵਾ ਸ਼ਾਬਦਿਕ ਰੂਪ ਵਿਚ ਸਮੂਰਤ ਕਰਨ ਲਈ, ਇਨ੍ਹਾਂ ਦੀ ਵਰਤੋਂ ਅਵੱਸ਼ਕ ਰੂਪ ਵੀ ਕਰਨੀ ਪੈਂਦੀ ਹੈ। ਗੁਰੂ ਸਾਹਿਬ ਹੋਰ ਮੱਧ ਕਾਲੀਨ ਭਗਤ ਕਵੀਆਂ ਵਾਂਗ ਹੀ ਸੁਚੇਤ ਰੂਪ ਵਿਚ ਕਿਸੇ ਅਲੰਕਾਰ--ਵਿਧਾਨ ਦੀ ਸਿਰਜਨਾ ਨਹੀਂ ਕਰ ਰਹੇ। ਉਹ ਪ੍ਰਤਿਭਾ-ਸ਼ੀਲ, ਰਸਕ ਤੇ ਵਿਕਸਤ ਸ਼ਖ਼ਸੀਅਤ ਦੇ ਮਾਲਕ ਸਨ, ਇਸ ਲਈ ਉਨ੍ਹਾਂ ਦੇ ਇਸ ਆਪੇ ਦੇ ਪ੍ਰਗਟਾ 'ਚਮਤਕਾਰੀ ਢੰਗ' ਨਾਲ ਹੀ ਹੋ ਸਕਦਾ ਸੀ।

ਪ੍ਰਤੀਕਾਂ ਵਾਂਗ ਹੀ ਅਲੰਕਾਰਾਂ ਦਾ ਸ਼ਾਸਤਰੀ ਰੂਪ ਵਿਚ ਇਹ ਗੁਣ ਮੰਨਿਆ ਗਿਆ ਹੈ ਕਿ ਉਹ ਸਹਿਜ ਰੂਪ ਵਿਚ ਕਾਵਿ ਵਿਚ ਰਚੇ ਮਿਚੇ, ਭਾਵਾਂ ਦੇ ਅਨੁਕੂਲ ਭਾਵ ਸੰਚਾਰ ਦੇ ਸਮਰਥ ਅਰਥਾਤ ਢੁੱਕਵੇਂ ਅਤੇ ਸੁਹਜਮਈ ਹੋਣ। ਗੁਰੂ ਅਮਰਦਾਸ ਜੀ ਦੇ ਕਾਵਿ ਵਿਚ ਵਰਤੇ ਗਏ ਅਲੰਕਾਰ ਇਨ੍ਹਾਂ ਸਾਰੇ ਹੀ ਗੁਣਾਂ ਦੇ ਧਾਰਣੀ ਹਨ। ਪ੍ਰਤੀਕਾਂ ਵਾਂਗੂ ਹੀ ਗੁਰੂ ਜੀ ਨੇ ਇਹ ਅਲੰਕਾਰ ਜੀਵਨ ਦੇ ਅਤਿ ਨਿਕਟੀ ਖੇਤਰਾਂ ਵਿਚੋਂ ਚੁਣੇ ਹਨ, ਚਾਹੇ ਇਹ ਖੇਤਰ ਸਮਾਜਕ ਜੀਵਨ ਦਾ ਹੈ, ਸਭਿਆਚਾਰਕ ਹੈ ਜਾਂ ਪ੍ਰਕ੍ਰਿਤੀ ਦਾ। ਇਹ ਹੀ ਕਾਰਣ ਹੈ ਕਿ ਪਾਠਕ ਅਥਵਾ ਸਰੋਤੇ ਦੇ ਭਾਵਾਂ ਨੂੰ ਟੁੰਬ ਅਤੇ ਕਵੀ ਗੁਰੂ ਤੇ ਸਿੱਖ-ਸ੍ਰੋਤੇ ਵਿਚਕਾਰ ਇਕ ਸਫਲ ਸੰਪਰਕ ਪੈਦਾ ਕਰ ਸਕੇ ਹਨ ਤੇ ਸਾਧਾਰਣ ਵਿਅਕਤੀ ਦੇ ਜਜ਼ਬਿਆਂ ਨੂੰ ਉਭਾਰ ਕੇ ਲੋੜੀਂਦੇ ਪ੍ਰਤਿਕਰਮ ਪੈਦਾ ਕਰ ਸਕੇ ਹਨ।

ਗੁਰੂ ਅਮਰਦਾਸ ਜੀ ਦੇ ਕਾਵਿ ਵਿਚੋਂ ਵਭਿੰਨ ਅਲੰਕਾਰਾਂ ਦੇ ਕੁਝ ਨਮੂਨੇ ਇਸ ਪ੍ਰਕਾਰ ਹਨ :

**ਅਨੁਪ੍ਰਾਸ :**

> **"ਗੁਰਪ੍ਰਸਾਦਿ ਪਰਮ ਪਦੁ ਪਾਇਆ ਵਡੀ ਵਡਿਆਈ ਹੋਈ।**
> **ਅਨਦਿਨ ਗੁਣ ਗਾਵੈ ਨਿਤ ਸਾਚੇ ਸਚਿ ਸਮਾਵੈ ਸੋਈ।"**

(ਆਦਿ ਗ੍ਰੰਥ, ਪੰਨਾ 1258)

ਇਥੇ ਪਹਿਲੀ ਤੁੱਕ ਵਿਚ 'ਰ', 'ਪ', 'ਵ', 'ਡ' ਅਤੇ ਦੂਜੀ ਵਿਚ 'ਨ', 'ਗ', 'ਸ', 'ਚ' ਆਦਿ ਕਈ ਵਰਣਾਂ ਨੂੰ ਦੁਹਰਾ ਕੇ ਇਕ ਲੈਅ ਅਥਵਾ ਨਾਦ ਪੈਦਾ ਕਰ ਲਿਆ ਗਿਆ ਹੈ। ਇਹ ਅਲੰਕਾਰ ਪ੍ਰਮੁੱਖ ਸ਼ਬਦਾਲੰਕਾਰ ਹੈ ਕਿਉਂਕਿ ਇਸ ਵਿਚ 'ਸ਼ਬਦਾਂ' ਦੇ ਕੇਵਲ ਸਰੂਪ ਦੀ ਵਰਤੋਂ ਕਰਕੇ ਲੋੜੀਂਦਾ ਪ੍ਰਭਾਵ ਪੈਦਾ ਕੀਤਾ ਜਾਂਦਾ ਹੈ। ਦੁਹਰਾਏ ਜਾਣ ਵਾਲੇ ਵਰਣ ਇਸ ਦੀ ਸ਼ਬਦ ਵਿਚ ਸਥਿਤੀ ਅਨੁਸਾਰ ਇਸ ਦੀਆਂ ਅਗੋਂ



Digitized by Panjab Digital Library | www.panjabdigilib.org

ਕਈ ਵੰਨਗੀਆਂ ਹੋ ਜਾਂਦੀਆਂ ਹਨ :

**ਸਲੇਸ਼ :**

**"ਮਨ ਮੇਰੇ ਖਿਨੁ ਖਿਨੁ ਨਾਮੁ ਸਮਾਲਿ ।"**

(ਆਦਿ ਗ੍ਰੰਥ, ਪੰਨਾ 1259)

**"ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ।**
**ਜੋ ਸਹ ਰਤੇ ਆਪਣੇ ਤਿਨ ਤਨਿ ਰਤੁ ਨ ਹੋਇ ।"**

(ਆਦਿ ਗ੍ਰੰਥ, ਪੰਨਾ 949)

ਪਹਿਲੀ ਤੁੱਕ ਵਿਚ 'ਖਿਨੁ' ਸ਼ਬਦ ਨੂੰ ਦੁਹਰਾ ਤੇ ਕੇ ਦੂਜੀ ਉਦਾਹਰਣ ਵਿੱਚ 'ਰਤੁ' 'ਸ਼ਬਦ ਦਾ ਦੁਹਰਾ ਸਲੇਸ਼ ਅਲੰਕਾਰ ਉਪਜਾਂਦਾ ਹੈ ।

**ਯਮਕ :**

**"ਮਨੁ ਹੀ ਤੇ ਮਨੁ ਮਿਲਿਆ ਸੁਆਮੀ ਮਨ ਹੀ ਮਨੁ ਸਮਾਇਆ ।"**

(ਆਦਿ ਗ੍ਰੰਥ, ਪੰਨਾ 1259)

**"ਆਤਮੋ ਨੋ ਆਤਮੇ ਦੀ ਪ੍ਰਤੀਤ ਹੋਇ ਤਾ ਘਰ ਹੀ ਪਰਚਾ ਪਾਇ"**

(ਆਦਿ ਗ੍ਰੰਥ, ਪੰਨਾ 87)

'ਯਮਕ' ਵਿਚ ਹੀ 'ਸਲੇਸ਼' ਅਲੰਕਾਰ ਵਾਗੂੰ ਸ਼ਬਦ ਨੂੰ ਦੁਹਰਾਇਆ ਜਾਂਦਾ ਹੈ ਪਰ ਉਸਦੇ ਅਰਥਾਂ ਵਿਚ ਅੰਤਰ ਆ ਜਾਂਦਾ ਹੈ । ਪਹਿਲੀ ਉਦਾਹਰਣ ਵਿਚ 'ਮਨੁ' ਸ਼ਬਦ ਨੂੰ ਤੇ ਦੂਜੀ ਵਿਚ 'ਆਤਮੇ' ਨੂੰ ਭਿੰਨ ਭਿੰਨ ਅਰਥਾਂ ਵਿਚ ਵਰਤਿਆ ਗਿਆ ਹੈ । 'ਯਮਕ' ਸ਼ਬਦ ਅਲੰਕਾਰ ਵੀ ਹੈ ਤੇ ਅਰਥ ਅਲੰਕਾਰ ਵੀ। ਇਸ ਲਈ ਇਸਨੂੰ 'ਸ਼ਬਦਾਰਥ' ਅਲੰਕਾਰ ਕਿਹਾ ਜਾਂਦਾ ਹੈ ।

'ਅਰਥ ਅਲੰਕਾਰਾਂ' ਦੀ ਵੰਨਗੀ ਵਿਚ ਉਪਮਾ, ਰੂਪਕ ਤੇ ਦ੍ਰਿਸ਼ਟਾਂਤ ਪ੍ਰਮੁੱਖ ਅਲੰਕਾਰ ਹਨ ਅਤੇ ਗੁਰੂ ਅਮਰਦਾਸ ਕਾਵਿ ਵਿਚ ਇਨ੍ਹਾਂ ਦੀ ਕਾਫ਼ੀ ਵਰਤੋਂ ਮਿਲਦੀ ਹੈ । ਇਨ੍ਹਾਂ ਅਲੰਕਾਰਾਂ ਦਾ ਖੇਤਰ ਵੀ ਸਮੁੱਚੇ ਤੌਰ ਤੇ ਪ੍ਰਤੀਕਾਂ ਵਾਲਾ ਹੀ ਸਮੁੱਚਾ ਵਿਸ਼ਾਲ ਜੀਵਨ ਹੈ । ਖੂਬੀ, ਜਿਵੇਂ ਕਿ ਉਪਰ ਕਿਹਾ ਹੈ, ਜੀਵਨ ਦੇ ਅਤਿ ਨਿਕਟਵਰਤੀ ਹੋਣ ਦੀ ਹੈ । ਕੁਝ ਉਦਾਹਰਣ ਇਸ ਪ੍ਰਕਾਰ ਹਨ :

**ਉਪਮਾ** 'ਸਮਾਨ ਗੁਣਾਂ' ਦੇ ਆਧਾਰ ਤੇ ਦੋ ਵਸਤੂਆਂ ਦੀ ਤੁਲਨਾ ਚੋਂ ਇਹ ਅਲੰਕਾਰ ਉਪਜਦਾ ਹੈ । ਇਸ ਵਿਚ ਉਪਮਾਨ (ਜਿਸ ਨਾਲ ਤੁਲਨਾ ਕੀਤੀ ਜਾਵੇ), ਉਪਮਾਨ (ਜਿਸ ਦੀ ਤੁਲਨਾ ਕੀਤੀ ਜਾਵੇ), ਸਾਧਾਰਣ ਧਰਮ, (ਸਾਂਝਾ ਗੁਣ) ਤੇ ਵਾਚਕ ਸ਼ਬਦ ਦਾ



Digitized by Panjab Digital Library | www.panjabdigilib.org

ਹੋਣਾ ਆਵੱਸ਼ਕ ਮੰਨਿਆ ਜਾਂਦਾ ਹੈ। ਕਈ ਵਾਰੀ ਵਾਚਕ ਸ਼ਬਦ ਲੋਪ ਵੀ ਹੁੰਦਾ ਹੈ।

"ਹਰਿ ਰਸਿ ਮੇਰੀ ਮਨੁ ਵਣਜਾਰਾ।

(ਆਦਿ ਗ੍ਰੰਥ, ਪੰਨਾ 921)

"ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ।"

(ਆਦਿ ਗ੍ਰੰਥ, ਪੰਨਾ 798)

"ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਸੋ ਬੁਝਾਇ।"

(ਆਦਿ ਗ੍ਰੰਥ, ਪੰਨਾ 28)

"ਇਹ ਸਰੀਰੁ ਮਇਆ ਨਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ।"

(ਆਦਿ ਗ੍ਰੰਥ, ਪੰਨਾ 31)

"ਮਾਇਆ ਹੋਇ ਨਾਗਨੀ ਜਗਤਿ ਰਹੀ ਲਪਟਾਇ"

ਰੂਪਕ:

(ਆਦਿ ਗ੍ਰੰਥ, ਪੰਨਾ 510)

ਉਪਮਾ ਅਲੰਕਾਰ ਨਾਲੋਂ ਇਸ ਦਾ ਭੇਦ 'ਵਾਚਕ-ਸ਼ਬਦਾਂ' ਦੇ ਲੋਪ ਹੋਣ ਅਥਵਾ ਉਪਮੇਯ ਦਾ ਉਪਮਾਨ ਵਿਚ ਨਾਲ ਇਕ ਰੂਪ ਹੋ ਜਾਣ ਦਾ ਹੁੰਦਾ ਹੈ। ਗੁਰੂ ਸਾਹਿਬ ਦੇ ਕਾਵਿ ਵਿਚੋਂ ਕੁਝ ਉਦਾਹਰਣ ਹਨ :

"ਜਿਨ੍ਹਾਂ ਵੇਲਿ ਨ ਤੂੰਬੜੀ ਮਇਆ ਠਗੇ ਠਗਿ।"

(ਆਦਿ ਗ੍ਰੰਥ, ਪੰਨਾ 1413)

"ਖੇਤਿ ਸਰੀਓ ਜੋ ਬੀਜੀਐ ਸੋ ਅਤਿ ਖਲੋਆ ਆਇ।"

(ਆਦਿ ਗ੍ਰੰਥ, ਪੰਨਾ 1417)

"ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ।"

(ਆਦਿ ਗ੍ਰੰਥ, ਪੰਨਾ 918)

"ਜਨਮਿ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ"

(ਆਦਿ ਗ੍ਰੰਥ, ਪੰਨਾ 919)

"ਪਥਰ ਪਾਪ ਬਹੁ ਲਦਿਆ ਕਿਉਂ ਤਰਿਆ ਤਾਰੀ।"

(ਆਦਿ ਗ੍ਰੰਥ, ਪੰਨਾ 509)

"ਸਚੁ ਧਿਆਇਨੁ ਸੇ ਸਚੁ ਜਿਨ ਹਰਿ ਖਰਚੁ ਧਨੁ ਪਲੈ।

... ... ... ...

ਰਤਨ ਬੀਚਾਰ ਮਨਿ ਵਸਿਆ ਗੁਰ ਕੈ ਸਬਦਿ ਭਲੈ।"

(ਆਦਿ ਗ੍ਰੰਥ, ਪੰਨਾ 956)



Digitized by Panjab Digital Library | www.panjabdigilib.org

**ਦ੍ਰਿਸ਼ਟਾਂਤ :**

ਜਦੋਂ ਕੋਈ ਮਿਸਾਲ ਦੇ ਕੇ ਸਮਾਨ ਅਰਥਾਂ ਨੂੰ ਸਪੱਸ਼ਟ ਕੀਤਾ ਜਾਵੇ ਤਾਂ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ। ਕੁਝ ਨਮੂਨੇ ਨਿਮਨ ਲਿਖਤ ਹਨ :

"ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ ॥
ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ ॥
ਤਿਉ ਬਾਣੀ ਭਗਤੇ ਸਲਾਹਦੇ ਹਰਨਾਮੈ ਚਿਤ ਲਾਇ ॥"

(ਆਦਿ ਗ੍ਰੰਥ, ਪੰਨਾ 1413)

"ਮਨਮੁਖਿ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ ॥
ਫਾਹੀ ਫਾਥੀ ਮਿਰਗ ਜਿਉ ਸਿਰਿ ਦਿਸੈ ਜਮ ਕਾਲ ॥"

(ਆਦਿ ਗ੍ਰੰਥ, ਪੰਨਾ 1279)

"ਜਿਉ ਜਲ ਉਪਰਿ ਫੇਨੁ ਬੁਦ ਬੁਦਾ ਤੈਸਾ ਇਹੁ ਸੰਸਾਰਾ ॥"

(ਆਦਿ ਗ੍ਰੰਥ, ਪੰਨਾ 1257)

"ਮਨਮੁਖ ਕਰਮ ਕਰੇ ਬਹੁਤ ਅਭਿਮਾਨਾ ॥
ਬਗ ਜਿਉ ਲਾਇ ਬਹੈ ਨਿਤ ਧਿਆਨਾ ॥
ਜਮ ਪਕੜਿਆ ਤਬਹੀ ਪਛੁਤਾਨਾ ॥"

(ਆਦਿ ਗ੍ਰੰਥ, ਪੰਨਾ 230)

"ਜੈਸੇ ਮਾਇਆ ਮੋਹਿ ਪ੍ਰਾਣੀ ਗਲਤੁ ਰਹੈ ॥
ਤੈਸੇ ਸੰਤ ਜਨ ਰਾਮ ਨਾਮ ਰਵਤ ਰਹੈ ॥"

(ਆਦਿ ਗ੍ਰੰਥ, ਪੰਨਾ 1170)

ਆਦਿ ।

ਬਿੰਬ :—ਮੋਟੇ ਤੌਰ ਤੇ "ਬਿੰਬ" ਸ਼ਬਦਾਂ ਰਾਹੀਂ ਨਿਰਮਤ ਉਸ ਤਸਵੀਰ ਨੂੰ ਮੰਨਿਆ ਗਿਆ ਹੈ ਜਿਸ ਨੂੰ ਇੰਦਰਿਆਈ ਗੁਣ ਦੀ ਛੋਹ ਪ੍ਰਾਪਤ ਹੋਵੇ।[47] ਇਸ ਨੂੰ "ਸ਼ਬਦਾਰਥ ਦੇ ਮਾਧਿਅਮ ਨਾਲ ਕਲਪਨਾ ਦੁਆਰਾ ਨਿਰਮਿਤ ਇਕ ਐਸੀ ਮਾਨਸ ਛਬੀ" ਵੀ ਕਿਹਾ ਗਿਆ ਹੈ "ਜਿਸਦੇ ਮੂਲ ਵਿਚ ਭਾਵਾਂ ਦੀ ਪ੍ਰੇਰਣਾ ਰਹਿੰਦੀ ਹੈ ।"[48] ਅੱਜ ਬਿੰਬ-ਸਿਰਜਨਾ ਨੂੰ ਕਾਵਿ ਵਿਚ ਬਹੁਤ ਮਹੱਤਵ ਦਿੱਤਾ ਜਾਂਦਾ ਹੈ ਤੇ ਬਿੰਬ-ਸਿਰਜਨਾ ਨੂੰ ਹੀ ਕਾਵਿ-ਸਿਰਜਨਾ ਮੰਨਿਆ ਜਾਂਦਾ ਹੈ। ਮਧ-ਕਾਲੀਨ ਯੁੱਗ ਵਿੱਚ ਇਹ ਸਿਰਜਨਾ ਸਹਿਜ ਰੂਪ ਵਿਚ ਕਾਵਿ ਵਿੱਚੋਂ ਉਗਮਦੀ ਸੀ ਪਰ ਅੱਜ ਇਸ ਵਲ ਉਚੇਚਾ ਤੇ ਸੁਚੇਤ ਧਿਆਨ ਦਿੱਤਾ ਜਾਂਦਾ ਹੈ ।



Digitized by Panjab Digital Library | www.panjabdigilib.org

ਗੁਰੂ ਅਮਰਦਾਸ ਜੀ ਦੇ ਕਾਵਿ ਦੀ ਮੂਲ ਪ੍ਰੇਰਣਾ ਤੇ ਉਦੇਸ਼ ਗੁਰੂ ਨਾਨਕ ਮਤਿ ਦਾ ਪ੍ਰਸਾਰ ਕਰਨਾ ਅਤੇ "ਜਗਤ ਜਲੰਦਾ ਰਖ ਲੈ" ਦੇ ਅਨੁਸਾਰ ਮਨੁੱਖ ਮਾਤਰ ਦਾ ਕਲਿਆਣ ਹੈ। ਉਨ੍ਹਾਂ ਦੇ ਕਾਵਿ ਦਾ ਸਮੁੱਚਾ ਰੂਪਕ ਪੱਖ ਭਾਵ-ਪੱਖ ਦੇ ਅਧੀਨ ਸਹਿਜ ਰੂਪ ਵਿਚ ਉਸਰਿਆ ਹੈ। ਇਸ ਦੇ ਬਾਵਜੂਦ ਵੀ ਗੁਰੂ ਸਾਹਿਬ ਦੇ ਕਾਵਿ ਵਿਚ ਕਈ ਬੜੇ ਬਲਵਾਨ ਤੇ ਸਾਰਥਕ ਬਿੰਬ ਉਸਰੇ ਹਨ। ਬਿੰਬ ਸਿਰਜਨਾ ਦਾ ਨਿਰਭਰ, ਹੋਰ ਗੱਲਾਂ ਦੇ ਨਾਲ ਨਾਲ, ਕਵੀ ਦੇ ਨਿੱਜੀ ਅਨੁਭਵ ਤੇ ਹੁੰਦਾ ਹੈ। ਅਸੀਂ ਜਾਣਦੇ ਹਾਂ ਗੁਰੂ ਅਮਰਦਾਸ ਜੀ ਨੇ ਇਕ ਲੰਮੀ ਉਮਰ ਤਕ 'ਸਚ' ਦੀ ਭਾਲ ਕੀਤੀ। ਕਈ ਥਾਵਾਂ ਤੇ ਕਈ ਦੁਆਰਾਂ ਤੇ ਭੱਟਕੇ। ਉਨ੍ਹਾਂ ਦਾ ਜੀਵਨ ਅਨੁਭਵ ਬਹੁਤ ਵਿਸ਼ਾਲ ਤੇ ਵਿਰਾਟ ਸੀ। ਉਨ੍ਹਾਂ ਦੇ ਬਿੰਬ ਇਸ ਭਟਕਣ ਤੇ ਇਸ ਤੋਂ ਉਪਰੰਤ ਪ੍ਰਾਪਤੀ ਦੀ ਖੁਸ਼ੀ, ਅਨੰਦ ਤੇ ਹੁਲਾਸਮਈ ਮਾਨਸਕ ਸਥਿਤੀ ਦੀ ਉਪਜ ਹਨ। ਉਨ੍ਹਾਂ ਵਿਚ ਬਜ਼ੁਰਗੀ ਤੇ ਗੰਭੀਰਤਾ ਹੈ। ਜੀਵਨ ਦੇ ਅਤਿ ਨਿਕਟੀ ਖੇਤਰ ਵਿੱਚੋਂ ਲਏ ਹੋਣ ਕਰਕੇ ਉਹ ਮਨੁੱਖੀ ਸੰਵੇਦਨਾ ਤੇ ਇੰਦਰੀਆਤਾ (sensuousness) ਨੂੰ ਟੁੰਬਦੇ ਹਨ। ਇਹ ਹੀ ਸਾਹਿੱਤਿਕ ਪੱਖ ਤੋਂ ਇਨ੍ਹਾਂ ਬਿੰਬਾਂ ਦੀ ਮਹਾਨਤਾ ਤੇ ਇਨ੍ਹਾਂ ਦੀ ਸਫਲਤਾ ਦਾ ਪ੍ਰਮਾਣ ਹੈ। ਇਨ੍ਹਾਂ ਬਿੰਬਾਂ ਦੇ ਕੁੱਝ ਉਦਾਹਰਣ ਪੇਸ਼ ਹਨ :—

"ਬਾਬੀਹਾ ਖਿਨ ਖਿਨ ਬਿਲਲਾਇ ॥
ਬਿਨੁ ਪਿਰ ਦੇਖ ਨੀਂਦ ਨ ਪਾਇ ॥"

(ਆਦਿ ਗ੍ਰੰਥ—ਪੰਨਾ 1262)

"ਬਾਬੀਹਾ ਪ੍ਰਿਉ ਪ੍ਰਿਉ ਕਰੇ ਜਲ ਨਿਧਿ ਪ੍ਰੇਮ ਪਿਆਰ ॥
ਗੁਰ ਮਿਲੇ ਸੀਤਲ ਜਲ ਪਾਇਆ ਸਭਿ ਦੂਖ ਨਿਵਾਰਣਹਾਰੁ ॥"

(ਆਦਿ ਗ੍ਰੰਥ—ਪੰਨਾ 1419)

"ਸਾਚਾ ਸਾਹਿਬੁ ਮਾਹਰੋ ਸਤਿਗਰਿ ਦੀਆ ਦਿਖਾਇ ॥
ਅੰਮ੍ਰਿਤ ਵਰਸੈ ਮਨੁ ਸੰਤੋਖੀਐ ਸਚਿ ਰਹੈ ਲਿਵਲਾਇ ॥
ਹਰਿ ਕੈ ਨਾਇ ਸਦਾ ਹਰਿਆਵਲੀ ਫਿਰਿ ਸੁਕੈ ਨ ਕੁਮਲਾਇ ॥"

(ਆਦਿ ਗ੍ਰੰਥ ਪੰਨਾ 1277)

"ਊਨਵਿ ਊਨਵਿ ਆਇਆ ਵਰਸੈ ਨੀਰ ਨਿਪੰਗੁ ॥
ਨਾਨਕ ਦੁਖ ਲਾਗਾ ਤਿਨ ਕਾਮਣੀ ਜਿਨ ਕੰਤੈ ਸਿਉ ਮਨਿ ਭੰਗੁ ॥"

(ਆਦਿ ਗ੍ਰੰਥ—ਪੰਨਾ 1280)

"ਮਨਮੁਖਿ ਮਨੁ ਤਨੁ ਅੰਧੁ ਨਉ ਤਿਸ ਨਉ ਠਉਰ ਨ ਠਾਉ ॥
ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈ ਘਰਿ ਕਾਉ ॥
ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥"

(ਆਦਿ ਗ੍ਰੰਥ—ਪੰਨਾ 30)



Digitized by Panjab Digital Library | www.panjabdigilib.org

"ਜੋ ਜਾਗੇ ਸੇ ਉਬਰੇ ਸੁਤੇ ਗਏ ਮੁਹਾਇ ॥
ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥
ਸੁੰਞੇ ਘਰਿ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥
ਮਨਮੁਖ ਜਨਮ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ ॥"
(ਆਦਿ ਗ੍ਰੰਥ—ਪੰਨਾ 35)

ਸਮੁੱਚੇ ਤੌਰ ਅਸੀਂ ਕਹਿ ਸਕਦੇ ਹਾਂ ਕਿ ਭਾਵੇਂ ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਆਪਣਾ ਆਦਰਸ਼ ਮੰਨਿਆ ਤੇ ਉਨ੍ਹਾਂ ਦੇ ਮਤਿ ਦੀ ਵਿਆਖਿਆ ਕਰ ਉਸ ਨੂੰ ਪ੍ਰਚਾਰਿਆ, ਉਨ੍ਹਾਂ ਦੀ ਕਾਵਿ-ਸ਼ੈਲੀ ਗੁਰੂ ਨਾਨਕ ਸਾਹਿਬ ਦੀ ਕਾਵਿ ਸ਼ੈਲੀ ਦੀ ਤੁਲਣਾ ਤੇ ਵਧੇਰੀ ਸਰਲ ਤੇ ਸਾਦੀ ਹੈ। ਇਸ ਵਿਚ ਆਪਣਤ ਤੇ ਪ੍ਰੇਰਣਾ ਦੀ ਭਾਵਨਾ ਵਧੇਰੀ ਹੈ। 'ਆਨੰਦ' ਨਾਂ ਬਾਣੀ ਵਿਚ ਸਰੀਰ ਦੇ ਇਕ ਇਕ ਅੰਗ ਨੂੰ ਉਸ ਦੇ ਸਹੀ ਕਰਤਵਾਂ ਦਾ ਗਿਆਨ ਜਿਸ ਪੇਰਣਾ ਮਈ ਸ਼ੈਲੀ ਵਿਚ ਦਿੱਤਾ ਹੈ, ਉਹ ਆਪਣੀ ਮਿਸਾਲ ਆਪ ਹੈ। ਆਪ ਦੇ ਪ੍ਰਗਟਾ ਵਿਚ ਸਹਿਜ ਭਾਵਕਤਾ, ਠਹਿਰੰਮਾ ਤੇ ਗੰਭੀਰਤਾ ਹੈ। ਇਸ ਵਿਚ ਹਿਰਦੇ ਲਈ ਸਿੱਧੀ ਪਕੜ ਹੈ ਅਤੇ ਇਸ ਵਿਚਲਾ ਨਾਦ ਤੇ ਸੰਗੀਤ ਸਰੋਤੇ ਨੂੰ ਉਦਾਤ ਤਕ ਪਹੁੰਚਾਣ ਵਾਲਾ ਹੈ। ਆਪ ਦਾ ਭਾਸ਼ਾ ਤੇ ਪੂਰਨ ਅਧਿਕਾਰ ਹੈ ਤੇ ਇਹ ਭਾਸ਼ਾ ਬਾਕੀ ਗੁਰੂ ਸਾਹਿਬਾਂ ਦੀ ਤੁਲਣਾ ਤੇ ਵਧੇਰੀ ਲੌਕਿਕ ਤੇ ਪੰਜਾਬੀਅਤ ਦੀਆਂ ਝਲਕਾਂ ਮਾਰਦੀ ਹੈ।

---

**ਪੱਗ ਟਿੱਪਣੀਆਂ :—**

1. ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥"
(ਆਦਿ ਗ੍ਰੰਥ ਪੰਨਾ 922)

2. "ਗੁਰਪਰਸਾਦੀ ਵੇਖੁ ਤੂ ਹਰਿਮੰਦਰੁ ਤੇਰੈ ਨਾਲਿ ॥
ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ ॥੧॥
ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ।
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥
(ਆਦਿ ਗ੍ਰੰਥ, ਪੰਨਾ 1346)

ਪ੍ਰਭਾਤੀ ਰਾਗ ਦਾ ਇਹ ਸਾਰੀ ਅਸਟਪਦੀ ਹੀ ਇਸ ਵਿਚਾਰ ਦੀ ਸੁੰਦਰ ਵਿਆਖਿਆ ਕਰਦੀ ਹੈ।

3. ਤਾਰਨ ਸਿੰਘ, ਡਾ., ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿੱਤਿਕ ਇਤਿਹਾਸ—ਪੰਨਾ 351

4. ਸਲੋਕ ਸ਼ੇਖ ਫ਼ਰੀਦ—ਆਦਿ ਗ੍ਰੰਥ, ਪੰਨਾ 1380 ਤੇ 1383



Digitized by Panjab Digital Library | www.panjabdigilib.org

5. ਗੁਰੂ ਅਮਰਦਾਸ ਜੀ ਵਲੋਂ ਕੀਤੇ ਗਏ ਗੁਰਬਾਣੀ ਦੇ ਸੰਪਾਦਨ ਦਾ ਪ੍ਰਮਾਨ "ਸਲੋਕ ਵਾਰਾਂ ਤੋਂ ਵਧੀਕ ਮਹਲਾ ਪਹਿਲਾ" ਸਿਰਲੇਖ ਹੇਠ ਗੁਰੂ ਨਾਨਕ ਸਾਹਿਬ ਦੇ 27ਵੇਂ ਸਲੋਕ ਦਾ ਸਪਸ਼ਟੀਕਰਨ ਕਰਦਾ ਗੁਰੂ ਅਮਰਦਾਸ ਜੀ ਦਾ ਅਗਲਾ 28ਵਾਂ ਸਲੋਕ ਹੈ। (ਆਦਿ ਗ੍ਰੰਥ ਪੰਨਾ 1412) ਰਾਗ ਬਸੰਤ ਵਿਚ ਵੀ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਵਿਚ ਚੌਥਾ ਤੇ ਅਠਵਾਂ ਸ਼ਬਦ (ਪਦਾ) ਹੈ ਜੋ ਗੁਰੂ ਅਮਰਦਾਸ ਜੀ ਦਾ ਹੈ। (ਆਦਿ ਗ੍ਰੰਥ ਪੰਨਾ 1169 ਤੇ 1170)

6. ਕਈ ਵਿਚਾਰਵਾਨਾਂ ਦਾ ਇਹ ਵੀ ਅਨੁਮਾਨ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਭਗਤ-ਬਾਣੀ ਦਾ ਕੁੱਝ ਭਾਗ ਜ਼ਰੂਰ ਗੁਰੂ ਅਮਰਦਾਸ ਜੀ ਨੇ ਇਕੱਠਾ ਕੀਤਾ ਹੋਵੇ ਗਾ ਕਿਉਂਕਿ ਆਪ ਦਾ, ਆਪ ਦੇ ਸਮਕਾਲੀ ਸੰਤਾਂ ਭਗਤਾਂ ਨਾਲ ਕਾਫ਼ੀ ਮੇਲ ਜੋਲ ਸੀ ਆਪ ਸਨ ਵੀ ਤਾਂ ਤਕਰੀਬਨ ਤਕਰੀਬਨ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ। ਗੁਰੂ ਨਾਨਕ ਸਾਹਿਬ ਨਾਲੋਂ ਆਯੂ ਵਿਚ ਆਪ ਕੇਵਲ 10 ਸਾਲ ਹੀ ਛੋਟੇ ਸਨ।

7. 'ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਮਰਦਾਸ ਜੀ'—ਪ੍ਰੋ: ਸਾਹਿਬ ਸਿੰਘ—ਪੰਨਾ 11

8. ਪ੍ਰੇਮ ਪ੍ਰਕਾਸ਼ ਸਿੰਘ, ਡਾ. —"ਗੁਰੂ ਨਾਨਕ ਤੇ ਨਿਰਗੁਣ ਧਾਰਾ"—ਪੰਨਾ 272

9. ਤਾਰਨ ਸਿੰਘ, ਡਾ.,— ਉਹੀ—ਪੰਨਾ 350

10. —ਉਹੀ— ਪੰਨਾ 352

11. —ਉਹੀ—ਪੰਨਾ 353

12. ਡਾ. ਤਾਰਨ ਸਿੰਘ ਦੇ ਇਹ ਗਿਣਤੀ 42 ਦਿੱਤੀ ਹੈ, ਜੋ ਠੀਕ ਨਹੀਂ।
ਡਾ. ਬਲਬੀਰ ਸਿੰਘ'ਦਿਲ' ਆਪਣੀ ਪੁਸਤਕ "ਅਮਰ ਕਵੀ ਗੁਰੂ ਅਮਰਦਾਸ' ਵਿਚ ਇਹ ਗਿਣਤੀ 43 ਦਿੰਦੇ ਹਨ, ਇਹ ਵੀ ਠੀਕ ਨਹੀਂ। ਡਾ. ਦਿੱਲ ਦਾ ਭੁਲੇਖਾ ਸ਼ਾਇਦ ਇਸ ਗਲ ਤੇ ਆਧਾਰਤ ਹੈ ਕਿ ਇਸ ਵਾਰ ਵਿਚ ਪਉੜੀ 4 ਤੋਂ ਪਹਿਲਾਂ ਆਉਂਦੇ ਸਲੋਕ 2 ਹਨ, ਇਕ ਨਹੀਂ। ਪੰਨਾ 509 ਤੇ ਪਹਿਲੇ ਸਲੋਕ ਤੋਂ ਬਾਦ 'ਮ: ੩' ਦੀ ਥਾਂ ਕੇਵਲ '੩' ਹੀ ਦਿੱਤਾ ਹੋਇਆ ਪਰ ਪਉੜੀ ਤੋਂ ਪਹਿਲਾਂ ਸਲੋਕ ਦੇ ਅੰਤ ਤੇ ਇਹ ਗਿਣਤੀ 2 ਠੀਕ ਦਿੱਤੀ ਹੈ। ਆਦਿ-ਗ੍ਰੰਥ ਵਿਚ ਇਹ ਹੀ ਗੱਲ ਇਕ ਥਾਂ ਤੇ ਹੋਰ ਵੀ ਰਾਗ ਰਾਮਕਲੀ ਵਿਚ ਗੁਰੂ ਅਮਰਦਾਸ ਜੀ ਦੀ ਵਾਰ ਵਿਚ ਵਾਪਰੀ ਹੈ। ਉਥੇ 16ਵੀਂ ਪਉੜੀ ਤੋਂ ਪਹਿਲਾਂ (ਪੰਨਾ 954) ਦੂਜੇ ਸਲੋਕ ਦੇ ਅੰਤ ਤੇ ਦੋ ਵਾਰੀ '੨' ਲਿਖਿਆ ਹੋਇਆ ਹੈ। ਪਹਿਲਾ '2' ਸਲੋਕ ਦੀ ਗਿਣਤੀ ਦਾ ਹੈ ਤੇ ਦੂਜਾ '2' ਅਗਲੇ ਸਲੋਕ ਦੇ ਕਰਤ੍ਰਿਤਵ ਦਾ ਸੰਕੇਤਕ ਹੈ।



Digitized by Panjab Digital Library | www.panjabdigilib.org

14. ਡਾ. ਤਾਰਨ ਸਿੰਘ ਤੇ ਡਾ. ਬਲਬੀਰ ਸਿੰਘ 'ਦਿੱਲ' ਦੁਹਾਂ ਨੇ ਹੀ ਇਕ ਸ਼ਬਦ ਦੀ ਗਿਣਤੀ ਕੀਤੀ ਹੈ , ਜੋ ਠੀਕ ਨਹੀਂ ।

15. ਡਾ. ਬਲਬੀਰ ਸਿੰਘ 'ਦਿੱਲ' ਇਹ ਗਿਣਤੀ 39 ਦਿੰਦੇ ਹਨ । ਉਹ ਅੰਤਿਮ ਪਉੜੀ ਗੁਰੂ ਅਰਜਨ ਸਾਹਿਬ ਦੀ ਮੰਨਦੇ ਹਨ । ਪਰ ਇਹ ਮਤ ਵਿਵਾਦਜਨਕ ਹੈ ।

16. ਡਾ. ਤਾਰਨ ਸਿੰਘ ਇਹ ਗਿਣਤੀ 26 ਦਿੰਦੇ ਹਨ, ਜੋ ਠੀਕ ਨਹੀਂ ।

16-ਏ. ਡਾ. ਤਾਰਨ ਸਿੰਘ ਤੇ ਡਾ. ਬਲਬੀਰ ਸਿੰਘ 'ਦਿੱਲ' ਨੇ ਇਹ ਗਿਣਤੀ 67 ਦਿੱਤੀ ਹੈ, ਜੋ ਠੀਕ ਨਹੀਂ। ਦੋਵੇਂ ਹੀ ਗੁਰੂ ਨਾਨਕ ਸਾਹਿਬ ਦੇ ਸਲੋਕਾਂ ਵਿਚ ਆਉਂਦਾ 28ਵਾਂ ਸਲੋਕ ਨਹੀਂ ਗਿਣ ਰਹੇ ਜੋ ਗੁਰੂ ਅਮਰਦਾਸ ਜੀ ਦਾ ਹੈ ।

16-ਬੀ. ਡਾ. ਬਲਬੀਰ ਸਿੰਘ 'ਦਿੱਲ' ਇਹ ਗਿਣਤੀ 410 ਦਿੰਦੇ ਹਨ (ਅਮਰ ਕਵੀ ਗੁਰੂ ਅਮਰਦਾਸ...ਪੰਨਾ 111) ਜੋ ਠੀਕ ਨਹੀਂ ।

17. ਆਦਿ-ਗ੍ਰੰਥ ਪੰਨਾ 1245 ਤੇ ਇਹ ਸਲੋਕ ਹੈ :

"ਨਉਮੀ ਨੇਮੁ ਸਚੁ ਜੇ ਕਰੈ ।
ਕਾਮ ਕ੍ਰੋਧੁ ਤ੍ਰਿਸਨਾ ਉਚਰੈ ।
ਦਸਮੀ ਦਸੇ ਦੁਆਰ ਜੇ ਠਾਕੈ
ਏਕਾਦਸੀ ਏਕੁ ਕਰਿ ਜਾਣੈ ।
ਦੁਆਦਸੀ ਪੰਚ ਵਸ ਗਤਿ ਕਰਿ ਰਾਖੈ
ਤਉ ਨਾਨਕ ਮਨੁ ਮਾਨੈ ।
ਐਸਾ ਵਰਤੁ ਰਹੀਜੈ ਪਾਂਡੇ
ਹੋਰ ਬਹੁਤ ਸਿਖ ਕਿਆ ਦੀਜੈ ।"

18. ਆਦਿ ਗ੍ਰੰਥ—ਪੰਨਾ 434

19. ਆਦਿ ਗ੍ਰੰਥ ਪੰਨਾ 582-584

20. ਰਾਮਕਲੀ ਰਾਗ ਵਿਚ ਆਪ ਦੀਆਂ ਪੰਜ ਅਸਟਪਦੀਆਂ (ਆਦਿ ਗ੍ਰੰਥ ਪੰਨਾ 908-915) ਵਿਚੋਂ ਪਹਿਲੀ ਨੂੰ ਛੱਡ ਕੇ ਬਾਕੀ ਸਾਰੀਆਂ ਅਸ਼ਟਪਦੀਆਂ ਦਾ ਹਰ ਪਦ ਇਕ ਇਕ ਸੱਤਰ ਦਾ ਹੈ । ਪਰ ਇਸ ਦੇ ਵਿਪਰੀਤ ਸਿਰੀ ਰਾਗ ਵਿਚ ਆਪ ਦੀਆਂ ਅਸਟਪਦੀਆਂ (ਆਦਿ ਗ੍ਰੰਥ ਪੰਨਾ 64-70) ਵਿਚ ਹਰ ਪਦਾ ਦੋ ਤੋਂ ਚਾਰ ਤੁੱਕਾਂ ਤਕ ਦਾ ਹੈ ।

21. ਆਪ ਜੀ ਦੀਆਂ ਦੋ ਵਾਰਾਂ—ਵਾਰ ਰਾਗ ਗੂਜਰੀ ਤੇ ਵਾਰ ਰਾਗ ਰਾਮਕਲੀ—ਨੂੰ ਕਰਮਵਾਰ ਉਸ ਸਮੇਂ ਦੀਆਂ ਲੋਕ-ਪ੍ਰਸਿੱਧ 'ਸਿਕੰਦਰ ਬਿਰਾਹਿਮ' ਤੇ 'ਜੋਧੇ ਵੀਰੈ ਪੂਰਬਾਣੀ' ਦੀਆਂ ਵਾਰਾਂ ਦੀ ਧੁਨੀ ਤੇ ਗਾਉਣ ਦਾ ਸੰਕੇਤ ਹੈ । (ਆਦਿ ਗ੍ਰੰਥ ਪੰਨਾ 509 ਤੇ 947)



Digitized by Panjab Digital Library | www.panjabdigilib.org

22. ਡਾ. ਬਲਬੀਰ ਸਿੰਘ ਇਹ ਗਿਣਤੀ 10 ਦੱਸਦੇ ਹਨ। (ਅਮਰ ਕਵੀ ਗੁਰੂ ਅਮਰਦਾਸ ਜੀ ਪੰਨਾ 113) ਜੋ ਠੀਕ ਨਹੀਂ, 11, 12 ਤੁਕਾਂ ਦੇ ਗੁਰੂ ਅਮਰਦਾਸ ਜੀ ਦੇ ਕਈ ਸਲੋਕ ਹਨ।

23. "ਪੰਜਾਬ"—ਸੰਪਾਦਕ—ਐਮ. ਐਸ. ਰੰਧਾਵਾ, ਡਾ. ਪੰਨਾ 409

24. "ਸਿਧੰ ਛਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਦਿਆ।"

(ਆਦਿ ਗ੍ਰੰਥ ਪੰਨਾ 434)

25. ਆਦਿ ਗ੍ਰੰਥ ਪੰਨਾ 841

26. "ਦੋਹਿਰਾ ਦੋ ਤੁਕਾਂ ਦਾ ਮਾਤਰਿਕ ਛੰਦ ਹੈ। ਹਰ ਤੁਕ ਵਿਚ 24 ਮਾਤਰਾਂ ਹੁੰਦੀਆਂ ਹਨ ਅਤੇ ਤੁਕ ਦੇ ਅੰਤ ਵਿਚ ਗੁਰੂ ਲਘੂ (ऽ।) ਆਉਂਦੇ ਹਨ। ਤੁਕ ਵਿਚ ਵਿਸਰਾਮ 13, 11 ਤੇ ਹੁੰਦਾ ਹੈ।"

—ਸਾਹਿਬ ਸਿੰਘ, ਪ੍ਰੋ: "ਪੰਜਾਬੀ ਛੰਦ ਤੇ ਅਲੰਕਾਰ" ਪੰਨਾ 35

27. "ਚੌਪਈ ਚਾਰ ਤੁਕਾਂ ਦਾ ਇਕ ਮਾਤਰਿਕ ਛੰਦ ਹੈ। ਹਰ ਤੁਕ ਵਿਚ 15 ਜਾਂ 16 ਮਾਤਰਾਂ ਹੁੰਦੀਆਂ ਹਨ। 8, 8 ਜਾਂ 8, 7 ਤੇ ਬਿਸਰਾਮ ਹੁੰਦਾ ਹੈ।"

—ਉਹੀ ਪੰਨਾ 36

28. "ਦਵਈਆ—,ਇਹ ਚਾਰ ਤੁਕਾਂ ਦਾ ਇਕ ਮਾਤਰਿਕ ਛੰਦ ਹੈ। ਹਰ ਇੱਕ ਤੁੱਕ ਦੀਆਂ 28 ਮਾਤਰਾਂ ਹੁੰਦੀਆਂ ਹਨ ਅਤੇ 16, 12 ਉਪਰ ਬਿਸਰਾਮ ਹੁੰਦਾ ਹੈ। ਹਰ ਤੁਕ ਦੇ ਅੰਤ ਵਿਚ ਦੋ ਗੁਰੂ (ऽऽ) ਆਉਂਦੇ ਹਨ।" (ਉਹੀ ਪੰਨਾ 39)

29. ਨਿਸ਼ਾਨੀ "ਇਸ ਦਾ ਨਾਮ ਉਪਮਾਨ ਭੀ ਹੈ। ਲਕਸ਼ਣ —ਚਾਰ ਚਰਣ, 23 ਮਾਤਰਾਂ, ਪਹਿਲਾ ਵਿਸਰਾਮ 13 ਪਰ ਦੂਜਾ 10 ਪਰ। ਅੰਤ ਦੋ ਗੁਰੂ........"

(ਗੁਰੂ ਛੰਦ ਦਿਵਾਕਰ—ਕਾਨ੍ਹ ਸਿੰਘ, ਭਾਈ, ਪੰਨਾ 139)

30. ਇਹ ਰਾਗ ਹਨ : ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ।

31. ਇਹ ਵਿਵਰਣ "ਪੰਜਾਬੀ ਦੁਨੀਆ" ਦੇ "ਗੁਰਮਤਿ ਕਾਵਿ ਅੰਕ" ਵਿਚ ਪ੍ਰੋ: ਜੀ.ਐਸ. ਟੰਡਨ ਦੇ "ਆਦਿ ਗ੍ਰੰਥ ਵਿਚ ਸੰਗੀਤ" ਲੇਖ ਤੇ ਆਸ਼ਰਤ ਹੈ।

32. "ਸ੍ਰੀ ਗੁਰੂ ਗ੍ਰੰਥ ਕੋਸ਼"—ਜਿਲਦ ਤਿੰਨ—ਪੰਨਾ 1183–1191

33. "ਭਿੰਨ ਰਾਗ ਰਾਗਣੀ ਉਸ ਨੂੰ ਕਹਿੰਦੇ ਹਨ ਜੋ ਰਾਗ ਦੀ ਬੰਸ ਵਿਚੋਂ ਨਾ ਹੋਵੇ।"

(ਉਹੀ ਪੰਨਾ 1191)

34. ਸ਼ੁਧ ਰਾਗ :—"ਮੁੱਢ ਤੋਂ ਥਾਪੇ ਹੋਏ ਸੁਰ ਜਿਨ੍ਹਾਂ ਰਾਗਾਂ ਨੂੰ ਲਗਦੇ ਹਨ ਤੇ ਜਿਨ੍ਹਾਂ ਦੀ ਸ਼ਕਲ ਵਿਚ ਕੁੱਝ ਹੇਰ ਫੇਰ ਨਹੀਂ ਹੁੰਦਾ।" (ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ— ਪੰਨਾ 64)



Digitized by Panjab Digital Library | www.panjabdigilib.org

35. ਛਾਇਆ-ਲਿੰਗਤ ਰਾਗ :—"ਦੂਸਰੇ ਰਾਗਾਂ ਦੇ ਸਰੂਪ ਦੀ ਕੁਝ ਝਲਕ ਜਿਨ੍ਹਾਂ ਰਾਗਾਂ ਵਿਚ ਪਾਈ ਜਾਂਦੀ ਹੈ ਉਹ ਛਾਇਆ-ਲਿੰਗਤ ਹਨ। ਇਨ੍ਹਾਂ ਨੂੰ ਮਿਸ੍ਰਿਤ ਵੀ ਕਿਹਾ ਜਾਂਦਾ ਹੈ।"
(—ਉਹੀ—)

36. ਸੰਕੀਰਣ ਰਾਗ :—"ਰਾਗਾਂ ਦੇ ਮੂਲ ਸੁਰ ਤੇ ਛਾਇਆ-ਲਿੰਗਤ ਰਾਗਾਂ ਦੇ ਆਪਸ ਵਿਚ ਮਿਲਣ ਦੇ ਜੋ ਭੇਦ ਬਣ ਗਏ ਹਨ, ਉਹ ਸੰਕੀਰਣ ਰਾਗ ਹਨ।" (—ਉਹੀ—)

37. ਸ੍ਰੀ ਗੁਰੂ ਗ੍ਰੰਥ ਕੋਸ਼—ਪੰਨਾ 1184

38. ਵਿਸਤਾਰ ਲਈ ਵੇਖੋ—"ਅਮਰ ਕਵੀ ਗੁਰੂ ਅਮਰਦਾਸ"—ਬਲਬੀਰ ਸਿੰਘ ਦਿੱਲ, ਡਾ., ਪੰਨਾ 73-80

39. ਮਹਿੰਦਰ ਕੌਰ ਗਿੱਲ, ਡਾ., "ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ"—ਪੰਨਾ 60

40. "The function of art is to make the invisible visible"
—Aristotle.

41. "Symbolism may be defined as the representation of a reality on one level of reference by a corresponding reality on another." Shiplay.

42. "ਅਮਰਕਵੀ ਗੁਰੂ ਅਮਰਦਾਸ ਜੀ"—ਪੰਨਾ 249

43. (i) ਅਧੋਮੁਖੀ ਪ੍ਰਤੀਕ (Descending Symboles) ਇਹ ਮਿਥਿਹਾਸ ਤੇ ਇਤਿਹਾਸ ਨਾਲ ਸਬੰਧਤ ਹੁੰਦੇ ਹਨ।

(ii) ਊਰਧਮੁਖੀ ਪ੍ਰਤੀਕ (Ascending Symboles)ਸਮਕਾਲੀ ਜੀਵਨ ਨਾਲ ਸਬੰਧਤ

44. ਮਲਾਰ ਰਾਗ ਦੇ ਸਲੋਕਾਂ ਵਿਚ 'ਬਬੀਹੇ' ਦੇ ਪ੍ਰਤੀਕ ਦੀ ਵਿਆਖਿਆ ਇਉਂ ਕੀਤੀ ਹੈ :

"ਬਬੀਹਾ ਇਹੁ ਜਗਤੁ ਹੈ ਮਤ ਕੋ ਭਰਮਿ ਭੁਲਾਇ।" (1283)

ਇਕ ਹੋਰ ਥਾਂ ਤੇ "ਸਰਵਰ ਮਾਨਸਰੋਵਰ" ਦੀ :

"ਗੁਰ ਸਰਵਰੁ ਮਾਨਸਰੋਵਰ ਹੈ ਵਡਭਾਗੀ ਪੁਰਖ ਲਹਿੰਨ।"
(ਆਦਿ ਗ੍ਰੰਥ—ਪੰਨਾ 757)

45. ਪ੍ਰੇਮ ਪ੍ਰਕਾਸ਼ ਸਿੰਘ, ਡਾ., "ਗੁਰੂ ਨਾਨਕ ਜੀਵਨ, ਦਰਸ਼ਨ ਤੇ ਕਾਵਿਕਲਾ" (ਸੰਪਾਦਕ ਡਾ. ਸੁਰਿੰਦਰ ਸਿੰਘ ਕੋਹਲੀ) (ਪੰਨਾ 265-66)

46. ਚੰਡੀ

47. 'ਕਾਵਿ ਬਿੰਬ'—ਦਲੀਪ ਸਿੰਘ 'ਦੀਪ', ਡਾ. ਪੰਨਾ 5

48. —ਉਹੀ— ਪੰਨਾ 8



Digitized by Panjab Digital Library | www.panjabdigilib.org

## ਸਹਾਇਕ ਪੁਸਤਕ ਸੂਚੀ


(ੳ) **ਪੁਸਤਕਾਂ**

1. ਅਮਰਕਵੀ ਗੁਰੂ ਅਮਰਦਾਸ—ਡਾ. ਬਲਬੀਰ ਸਿੰਘ 'ਦਿੱਲ'—1975 ਭਾਸ਼ਾ ਵਿਭਾਗ, ਪਟਿਆਲਾ।
2. ਸਹਿਜ ਤੇ ਅਨੰਦ—ਡਾ. ਤਾਰਨ ਸਿੰਘ—1963—ਭਾਈ ਫਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ।
3. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ—ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ। (ਜਿਲਦ 1 ਤੋਂ 4)
4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਿਕ ਇਤਿਹਾਸ—ਡਾ. ਤਾਰਨ ਸਿੰਘ—1963—ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।
5. ਕਾਵਿ-ਸ਼ਿਰੋਮਣੀ—ਸੰਤ ਸਿੰਘ ਸੇਖੋਂ—1964—ਲਾਹੌਰ ਬੁੱਕ ਸ਼ਾਪ ਲੁਧਿਆਣਾ।
6. ਕਾਵਿ-ਬਿੰਬ—ਡਾ. ਦਲੀਪ ਸਿੰਘ ਦੀਪ, 1976—ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਚੰਡੀਗੜ੍ਹ।
7. ਗੁਰੂ ਛੰਦ ਦਿਵਾਕਰ—ਭਾਈ ਕਾਨ੍ਹ ਸਿੰਘ—1970—ਭਾਸ਼ਾ ਵਿਭਾਗ, ਪਟਿਆਲਾ।
8. ਗੁਰੂ ਅਰਜਨ ਦੇਵ : ਜੀਵਨ ਤੇ ਬਾਣੀ ਡਾ. ਮਹਿੰਦਰ ਕੌਰ ਗਿੱਲ—1975—ਨੈਸ਼ਨਲ ਬੁੱਕ ਸ਼ਾਪ, ਦਿੱਲੀ।
9. ਗੁਰੂ-ਗ੍ਰੰਥ ਸਾਹਿਬ ਦੀ ਸੰਪਾਦਨ ਕਲਾ—ਡਾ. ਮਹਿੰਦਰ ਕੌਰ ਗਿੱਲ—1974-ਰੱਬੀ ਪ੍ਰਕਾਸ਼ਨ, ਦਿੱਲੀ।

9—ਏ. ਗੁਰੂ ਗ੍ਰੰਥ ਕੋਸ਼—(ਜਿਲਦ 3)—ਖਾਲਸਾ ਸਮਾਚਾਰ, ਅੰਮ੍ਰਿਤਸਰ।

10. ਗੁਰੂ ਨਾਨਕ-ਜੀਵਨ ਦਰਸ਼ਨ ਤੇ ਕਥਾ—ਸੰਪਾਦਕ ਡਾ. ਸੁਰਿੰਦਰ ਸਿੰਘ ਕੋਹਲੀ—1969 ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
11. ਗੁਰੂ ਨਾਨਕ ਤੇ ਨਿਰਗੁਣ ਧਾਰਾ—ਡਾ. ਪ੍ਰੇਮ ਪ੍ਰਕਾਸ਼ ਸਿੰਘ—1973—ਭਾਸ਼ਾ ਵਿਭਾਗ, ਪਟਿਆਲਾ।
12. ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਮਰਦਾਸ—ਪ੍ਰੋ. ਸਾਹਿਬ ਸਿੰਘ—1967—ਸਿੰਘ ਬ੍ਰਦਰਜ਼, ਅੰਮ੍ਰਿਤਸਰ।
13. ਪੰਜਾਬ—ਸੰਪਾਦਕ ਡਾ. ਐਮ. ਐਸ. ਰੰਧਾਵਾ—1960—ਭਾਸ਼ਾ ਵਿਭਾਗ, ਪਟਿਆਲਾ।
14. ਵਾਰਕਾਰ ਗੁਰੂ ਅਮਰਦਾਸ—ਪ੍ਰੋ: ਧਰਮਜੀਤ ਸਿੰਘ—1973—ਅਮੋਲ ਸਾਹਿਤ ਪ੍ਰਕਾਸ਼ਨ; ਅੰਮ੍ਰਿਤਸਰ।

(ਅ) **ਰਸਾਲੇ —**

ਪੰਜਾਬੀ ਦੁਨੀਆ ਗੁਰਮਤਿ ਕਾਵਿ ਅੰਕ।



869—12-3-79—400 ਕਾਪੀਆਂ **ਪੰਜਾਬ ਸਰਕਾਰ ਪਰੈਸ, ਪਟਿਆਲਾ।**



Digitized by Panjab Digital Library | www.panjabdigilib.org

B-0605

Digitized by Panjab Digital Library | www.panjabdigilib.org



Digitized by Panjab Digital Library | www.panjabdigilib.org